
AKHAND KIRTANI JATHA (REGD.)


# ਆਤਮ ਰੰਗ

ਜਿਲਦ ੨੩ | ਜੁਲਾਈ 2022 | ਹਾੜ-ਸਾਵਣ 554 ਨਾਨਕਸ਼ਾਹੀ | July 2022 | ਅੰਕ 7





(07.07.1878 - 16.04.1961)

ਮਹਾਨ ਆਜਾਦੀ ਘੁਲਾਟੀਏ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋ 20ਵੀਂ ਸਦੀ ਦੀ ਅਨੁਪਮ ਸ਼ਖਸੀਅਤ ਸਨ, ਜਿਨ੍ਹਾਂ ਨੂੰ ਪੰਥ ਵੱਲੋਂ ਸੋਨੇ ਦੀ ਚਿੜੀ ਕਹਿ ਕੇ ਸਨਮਾਨਿਆ ਗਿਆ ਹੈ। ਆਪ ਜੀ ਅਤੁੱਟ ਨਾਮ ਅਭਿਆਸੀ, ਗੁਰਬਾਣੀ ਕੀਰਤਨ ਦੇ ਧਨੀ, ਕੱਥਨੀ ਦੇ ਸੂਰੇ, ਰਹਿਤ ਰਹਿਣੀ ਦੇ ਪੂਰੇ ਅਤੇ ਗੁਰਮਤਿ ਗੂਹਜ ਰਮਜ਼ਾਂ ਦੇ ਅਦੁੱਤੀ ਵਿਆਖਿਆਕਾਰ ਸਨ। ਆਪ ਜੀ ਆਪਣੇ ਪਿੱਛੇ ਅਗੰਮੀ ਗੁਰਬਾਣੀ ਦੀ ਲਹਿਰ, ਅਖੰਡ ਕੀਰਤਨੀ ਜੱਥੇ ਦੇ ਰੂਪ ਵਿੱਚ ਛੱਡ ਗਏ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ 144ਵਾਂ ਜਨਮ ਦਿਹਾੜਾ ਬੜੇ ਪ੍ਰੇਮਪੂਰਵਕ, ਸ਼ਰਧਾ, ਪਿਆਰ, ਸਤਿਕਾਰ ਤੇ ਰੀਝਾਂ ਨਾਲ ਮਨਾਉਣ ਲਈ ਮਿਤੀ 07.07.2022 ਤੋਂ ਲੈ ਕੇ 10.07.2022 ਤਕ ਗੁਰਦੁਆਰਾ ਗੁਰਮਤ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟੱਰਸਟ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਇਸੀ ਤਰ੍ਹਾਂ ਸਲਾਨਾ ਅਖੰਡ ਕੀਰਤਨ ਸਮਾਗਮ ਸ਼ਿਮਲਾ 21.07.2022 ਤੋਂ ਲੈ ਕੇ 24.07.2022 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿੱਚ ਹਾਜਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ।



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ




ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਾਥੀਆਂ
ਨਾਲ ਕੀਰਤਨ ਦੀ ਹਾਜਰੀ ਭਰਦੇ ਹੋਏ



ਗੁਰਦੁਆਰਾ ਸਾਹਿਬ ਹਵੇਲੀ ਭਾਈ ਸਾਹਿਬ ਭਾਈ
ਰਣਧੀਰ ਸਿੰਘ ਨਾਰੰਗਵਾਲ



ਗੁਰਦੁਆਰਾ ਗੁਰਮਤਿ ਸੰਚਾਰ ਭਾਈ ਸਾਹਿਬ ਭਾਈ
ਰਣਧੀਰ ਸਿੰਘ ਟਰੱਸਟ ਲੁਧਿਆਣਾ



ਗੁਰਦੁਆਰਾ ਸਾਹਿਬ ਤਪੋਵਨ, ਭਾਈ ਸਾਹਿਬ ਭਾਈ
ਰਣਧੀਰ ਸਿੰਘ ਕੁਮਾਰਹੱਟੀ

ੴ ਠਾਕੁਰ ਗਾਈਐ ਆਤਮ ਰੰਗਿ ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ
ਹਰ ਮਹੀਨੇ ਦੀ ਆਖ਼ਰੀ
ਮਿਤੀ ਨੂੰ
ਡਿਸਪੈਚ ਹੁੰਦਾ ਹੈ।

ਜਿਲਦ ੨੩ | ਜੁਲਾਈ 2022 | ਹਾੜ-ਸਾਵਣ 554 ਨਾਨਕਸ਼ਾਹੀ | July 2022 | ਅੰਕ 7

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ

**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 7
  *– (ਸਵਰਗੀ) ਡਾ. ਤਾਰਨ ਸਿੰਘ ਜੀ*
- ਅਣਡਿੱਠੀ ਦੁਨੀਆ 8
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਅਖੀਂ ਡਿੱਠੇ ਭਾਈ ਸਾਹਿਬ 10
  *– ਭਾਈ ਧਰਮਾਨੰਤ ਸਿੰਘ ਜੀ*
- ਪੂਰਨ ਗੁਰਸਿੱਖ – ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 12
  *– ਪ੍ਰੋਫੈਸਰ ਬਲਬੀਰ ਸਿੰਘ*
- ਸੰਤ ਸਰੂਪ ਭਾਈ ਰਣਧੀਰ ਸਿੰਘ ਜੀ 22
  *– ਸ. ਗੁਰਦਿਆਲ ਸਿੰਘ ਜੀ*
- ਸੱਚੀ ਸੂਰਮਤਾਈ 23
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਯੋਗਦਾਨ 26
  *– ਪ੍ਰੋ. ਜੋਗਿੰਦਰ ਸਿੰਘ ਜੀ, ਦਿੱਲੀ*
- ਪੁਰਖ ਪੁਰਖੋਤਮ ਭਾਈ ਰਣਧੀਰ ਸਿੰਘ ਜੀ 32
  – ਸ.ਭਗਤ ਸਿੰਘ 'ਹੀਰਾ' ਦਿੱਲੀ
- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 38
  *– ਗਿਆਨੀ ਜਸਵੰਤ ਸਿੰਘ ਜੀ, ਅੰਮ੍ਰਿਤਸਰ*
- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 42
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ., ਖਰੜ*
- ਪੰਥਕ ਤੋਸ਼ੇਖਾਨੇ ਦਾ ਨਾਇਯਾਬ ਹੀਰਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 43
  *– ਭਾਈ ਰਵਿੰਦਰ ਸਿੰਘ ਸੈਂਪਲਾ*
- ਸੰਤ ਸਰੂਪ ਭਾਈ ਰਣਧੀਰ ਸਿੰਘ ਜੀ 45
  *– ਗਿਆਨੀ ਗੁਰਦਿੱਤ ਸਿੰਘ ਜੀ, ਚੰਡੀਗੜ੍ਹ*
- ਸੋਨੇ ਦੀ ਚਿੜੀ – ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 48
  *– ਗੁਰਪੁਰਵਾਸੀ ਭਾਈ ਜੋਧ ਸਿੰਘ ਜੀ, ਦਿੱਲੀ*

## *ਸੰਪਾਦਕੀ...*

ਜਗਦੀ ਜੋਤਿ ਕੀਰਤਨ ਰਸੀਏ - ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਮੁੱਢਲੇ ਜੀਵਨ ਦੀਆਂ ਕੁਝ ਕੁ ਝਲਕੀਆਂ (ਜੋ ਜੇਲ੍ਹ ਚਿੱਠੀਆਂ ਵਿਚ ਅੰਕਤ ਹਨ) ਤੋਂ ਇਕ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਆਪ ਆਪਣੇ ਨਿਸਚੇ ਦੇ ਬੜੇ ਪੱਕੇ ਸਨ। ਕਾਲਜ ਪੜ੍ਹਦੇ ਸਮੇਂ, ਤਮਾਕੂ ਸੇਵਨ ਕਰਦੇ ਸਾਧੂ ਨੂੰ ਜਿਸ ਤਰ੍ਹਾਂ ਨਕਾਰਿਆ, ਇਹ ਉਹਨਾਂ ਦੇ ਮਾਨਸਿਕ ਨਿਸਚੇ ਦੀ ਦ੍ਰਿੜ੍ਹਤਾ ਵਲ ਸੰਕੇਤ ਕਰਦਾ ਹੈ। ਅੰਮ੍ਰਿਤਪਾਨ ਕਰਨ ਤੋਂ ਮਗਰੋਂ ਜਦੋਂ ਉਹ ਸ਼ਾਇਦ ੧੯੧੧-੧੨ ਈ: ਵਿਚ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ’ਤੇ ਪੁੱਜੇ ਤਾਂ ਇਨ੍ਹਾਂ ਨੂੰ ਪਤਾ ਲੱਗਾ ਕਿ ਬਾਹਰੋਂ ਬੁਲਾਇਆ ਗਿਆ ਰਾਗੀ ਪਤਿਤ ਹੈ ਅਤੇ ਕਿਸੇ ਲੜਕੀ ਨੂੰ ਨਸਾ ਕੇ ਨਾਲ ਲਿਆਇਆ ਹੈ ਅਤੇ ਇਸ ਜੋੜ-ਮੇਲੇ ਵਿਚ ਕੀਰਤਨ ਕਰਨ ਲਈ ਆਇਆ ਹੋਇਆ ਹੈ, ਬਸ ਫਿਰ ਕੀ ਸੀ, ਆਪ ਨੇ ਅਰਦਾਸਾ ਸੋਧਿਆ…ਹੇ ਸੱਚੇ ਪਾਤਿਸ਼ਾਹ ਮੈਨੂੰ ਬਲ ਬਖ਼ਸ਼ੋ, ਇਸ ਪਤਿਤ ਰਾਗੀ ਸਿੰਘ ਨੂੰ ਸ਼ਹੀਦਾਂ ਦੀ ਯਾਦ ਵਿਚ ਲੱਗੇ ਦੀਵਾਨ ਅੰਦਰ ਕੀਰਤਨ ਨਹੀਂ ਕਰਨ ਦੇਣਾ। ਅਰਦਾਸ ਤੋਂ ਬਾਅਦ ਜਦੋਂ ਜੈਕਾਰਾ ਛੱਡਿਆ ਤਾਂ ਭਾਈ ਸਾਹਿਬ ਨੂੰ ਹਜ਼ਾਰਾਂ ਸ਼ਹੀਦੀ ਫ਼ੌਜਾਂ ਦੀ ਉੱਤਰ ਵਿਚ ‘ਸਤਿ ਸ੍ਰੀ ਅਕਾਲ’ ਦੀ ਗੂੰਜ ਸੁਣਾਈ ਦਿੱਤੀ। (ਭਾਈ ਸਾਹਿਬ ਤੋਂ ਇਹ ਬੋਲ ਦਾਸ ਨੇ ੧੯੫੩ ਵਿਚ ਦਿੱਲੀ ਵਿਖੇ ਭਾਈ ਸਾਹਿਬ ਨਾਲ ਕਰਨਲ ਪਿਆਰਾ ਸਿੰਘ ਦੇ ਸੰਗ, ਆਪ ਕੰਨੀ ਸੁਣੇ ਤੇ ਲਿਖ ਰਿਹਾ ਹਾਂ) ਉਸ ਵੇਲੇ ਆਪ ਨੂੰ ਇਹ ਸਾਰਾ ਵਾਕਿਆ ਕਰਨਲ ਸਾਹਿਬ ਨੇ ਜਦੋਂ ਯਾਦ ਕਰਾਇਆ ਤਾਂ ਆਪ ਨੇ ਉਪਰੋਕਤ ਬਚਨ ਕੀਤੇ। ਅਰਦਾਸਾ ਸੋਧ ਕੇ ਆਪ ਦੀਵਾਨ ਵਿਚ ਗਏ ਅਤੇ ਕੀਰਤਨ ਕਰ ਰਹੇ ਰਾਗੀ ਜੱਥੇ ਨੂੰ ਕੀਰਤਨ ਕਰਨ ਤੋਂ ਅਨੋਖੇ ਤਰੀਕੇ ਨਾਲ ਰੋਕਿਆ। ਉਥੇ ਖੜੇ ਹੋ ਕੇ ਹੱਥੀਂ ਪਾਏ ਹੋਏ ਮੋਟੇ ਕੜਿਆਂ ਨੂੰ ਖੜਕਾਉਂਦੇ ਹੋਏ ਕੀਰਤਨ ਕਰਨ ਲੱਗ ਪਏ। ਦੀਵਾਨ ਵਿਚ ਰੌਲਾ ਪੈ ਗਿਆ; ਭਾਈ ਸਾਹਿਬ ਦੀ ਗੱਲ ਸੁਣੀ ਜਾਏ; ਚਾਰੇ ਪਾਸਿਓਂ ਆਵਾਜ਼ਾਂ ਆਉਣ ਲੱਗ ਪਈਆਂ। ਉਦੋਂ ਐਸ.ਜੀ.ਪੀ.ਸੀ. ਨਹੀਂ ਸੀ ਹੁੰਦੀ। ਮੈਨੇਜਰ ਨੇ ਭਾਈ ਸਾਹਿਬ ਤੋਂ ਕਾਰਣ ਪੁੱਛਿਆ ਤਾਂ ਭਾਈ ਸਾਹਿਬ ਨੇ ਭਰੀ ਸੰਗਤ ਵਿਚ ਰਾਗੀ ਸਿੰਘ ਉੱਤੇ ਦੋਸ਼ ਲਗਾਇਆ ਤੇ ਸੱਚ ਬੋਲਣ ਲਈ ਵੰਗਾਰਿਆ। ਰਾਗੀ ਸਿੰਘ ਸ਼ਰਮਸਾਰ ਹੋ ਕੇ ਨੱਠ ਗਿਆ। ਫਿਰ ਭਾਈ ਸਾਹਿਬ ਨੇ ਸਵੇਰ ਦੇ ਦੀਵਾਨ ਵਿਚ ਆਪ ਹੀ ਕੀਰਤਨ ਕੀਤਾ। ਇਹ ਹੈ ਗੁਰੂ ਉੱਤੇ ਦ੍ਰਿੜ੍ਹ ਨਿਸਚਾ।

੧੯੦੫ ਤੋਂ ੧੯੨੫ ਤਕ ਦੇ ਦੋ ਦਹਾਕਿਆਂ ਦਾ ਸਮਾਂ ਦੇਸ਼ ਦੀ ਆਜ਼ਾਦੀ ਲਹਿਰ ਦੇ ਪੱਖੋਂ ਗਰਮ ਦਲੀਏ ਕਾਂਗਰਸ ਵਿਚ ਤਿਲਕ ਦੀ ਅਗਵਾਈ ਵਿਚ ਜ਼ੋਰ ਫੜ ਰਹੇ ਸਨ ਅਤੇ ਪੰਜਾਬ ਵਿਚ ਖ਼ਾਸ ਕਰਕੇ ਨੌਜਵਾਨਾਂ ਵਿਚ ਦੇਸ਼ ਦੀ ਆਜ਼ਾਦੀ ਲਈ ਬੜਾ ਉਤਸ਼ਾਹ ਸੀ। ਸਾਂਡਰਸ ਗੋਰੇ ਪੁਲਿਸ ਇੰਸਪੈਕਟਰ ਦਾ ਸ. ਭਗਤ ਸਿੰਘ ਵਲੋਂ ਕਤਲ ਕਰਨਾ, ਇਕ ਬੜੀ ਵੱਡੀ ਘਟਨਾ ਸੀ, ਕਾਮਾਗਾਟਾ ਮਾਰੂ ਜਹਾਜ਼ ਦੇ ਕੈਨੇਡਾ ਤੋਂ ਵਾਪਸ ਪਰਤਣ ’ਤੇ ਯਾਤਰੀਆਂ ਉੱਤੇ ਸਰਕਾਰ ਵਲੋਂ ਫਾਇਰਿੰਗ (੧੯੧੪), ਫਿਰ ੧੯੧੯ ਵਿਚ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ, ੧੯੨੧ ਵਿਚ ਨਾਨਕਾਣੇ ਸਾਹਿਬ ਦੇ ਦਿਲ ਕੰਬਾਊ ਖ਼ੂਨੀ ਸਾਕੇ ਨੇ ਉਸ ਸਮੇਂ ਦੇ ਅਨੇਕਾਂ ਨੌਜਵਾਨਾਂ ਦੇ ਦਿਲਾਂ ਅੰਦਰ ਕੁਰਬਾਨੀ ਦਾ ਜਜ਼ਬਾ ਪੈਦਾ ਕੀਤਾ।

ਭਾਈ ਸਾਹਿਬ ਭੀ ੧੯੧੪ ਵਿਚ ਲਾਹੌਰ ਸਾਜ਼ਸ਼ ਕੇਸ ਵਿਚ ਦੇਸ਼ ਦੀ ਆਜ਼ਾਦੀ ਲਹਿਰ ਵਿਚ ਆਪਣਾ ਹਿੱਸਾ ਪਾਉਂਦਿਆਂ ਗ੍ਰਿਫ਼ਤਾਰ ਹੋਏ। ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ। ਵੈਸੇ ਭੀ ਆਪ ਜੀ ਨੇ ਜਦੋਂ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ, ਅੰਗਰੇਜ਼ ਸਰਕਾਰ ਵਲੋਂ ਕੰਧ ਢਾਹੁਣ ਦੇ ਵਿਰੋਧ ਵਿਚ ਆਵਾਜ਼ ਉਠਾਈ ਤਾਂ ਸਰਕਾਰ ਵਲੋਂ ਉਹਨਾਂ ਉੱਪਰ ਉਦੋਂ ਦੀ ਕਰੜੀ ਨਜ਼ਰ ਸੀ। ਇਹਨਾਂ ਘਟਨਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਪ ਜੀ ਬੜੇ ਦ੍ਰਿੜ੍ਹ ਇਰਾਦੇ ਵਾਲੇ ਗੁਰਸਿਖ ਸਨ। ਭਾਈ ਵੀਰ ਸਿੰਘ ਜੀ ਨੇ ਇਕ ਵਾਰੀ ਭਾਈ ਸਾਹਿਬ ਦੀ ਇਸ ਦ੍ਰਿੜ੍ਹ ਬਿਰਤੀ ਬਾਰੇ ਕਿਹਾ ਸੀ, ਭਾਈ ਸਾਹਿਬ ਜੱਟ ਪੁੱਤਰ ਹਨ, ਅਤੇ ਨਾਮ ਨੂੰ ਤਕੜਾ ਜੱਫਾ ਮਾਰਿਆ ਹੋਇਆ ਹੈ। ਭਾਈ ਵੀਰ ਸਿੰਘ ਜੀ ਭੀ ਆਪ ਦੇ ਦ੍ਰਿੜ੍ਹ ਨਿਸਚੇ ਦੇ ਕਾਇਲ ਸਨ।

੧੯੩੧ ਵਿਚ ਜੇਲ੍ਹ ਤੋਂ ਛੁੱਟਣ ਤੋਂ ਮਗਰੋਂ ਆਪ ਜੀ ਨੂੰ ਇਹ ਗੱਲ ਦ੍ਰਿੜ੍ਹ ਹੋ ਗਈ ਸੀ ਕਿ ਦੇਸ਼ ਭਗਤੀ ਨਾਲੋਂ ਪ੍ਰਭੂ ਭਗਤੀ ਕਿਤੇ ਜ਼ਿਆਦਾ ਸਾਰਥਕ ਅਤੇ ਗੁਰਬਾਣੀ ਆਸ਼ੇ ਅਨੁਸਾਰ ਹੈ। ਇਸ ਲਈ ੧੯੩੧ ਤੋਂ ਮਗਰੋਂ ਭਾਵੇਂ ਆਜ਼ਾਦੀ ਦੀ ਲਹਿਰ ਅੱਗੇ ਨਾਲੋਂ ਜ਼ਿਆਦਾ ਪ੍ਰਚੰਡ ਹੋ ਚੁੱਕੀ ਸੀ, ਪਰ ਭਾਈ ਸਾਹਿਬ ਨੇ ਉਧਰ ਕਦੀ ਰੁਖ਼ ਨਹੀਂ ਸੀ ਕੀਤਾ। ਇਹਨਾਂ ਨੇ ਕੇਵਲ ਤੇ ਕੇਵਲ ਕੀਰਤਨ, ਭਗਤੀ, ਨਾਮ-

ਅਭਿਆਸ ਅਤੇ ਗੁਰਬਾਣੀ ਦਾ ਅਧਿਐਨ ਹੀ ਜੀਵਨ ਦਾ ਮਨੋਰਥ ਬਣਾ ਲਿਆ। ਇਹ ਸਭ ਘਟਨਾਵਾਂ ਉਹਨਾਂ ਦੀ ਦ੍ਰਿੜ੍ਹਤਾ ਵਲ ਸੰਕੇਤ ਕਰਦੀਆਂ ਹਨ। ਆਪ ਜੀ ਅੰਤਮ ਸੁਆਸਾਂ ਤਕ ਗੁਰ-ਚਰਨਾਂ ਦੇ ਭੌਰੇ ਬਣੇ ਰਹੇ। ਭਾਈ ਸਾਹਿਬ ਰਣਧੀਰ ਸਿੰਘ ਜੀ ਇਕ ਪੂਰਨ ਗੁਰਸਿਖ ਦੇ ਤੌਰ 'ਤੇ ਜੀਵੇ, ਗੁਰਮਤਿ ਦੀਆਂ ਲੀਹਾਂ ਅੰਦਰ ਰਹਿ ਕੇ ਘਾਲਣਾ ਘਾਲੀ, ਆਪ ਨਾਮ ਜਪਿਆ ਅਤੇ ਅਨੇਕਾਂ ਸੰਗੀ ਸਾਥੀਆਂ ਨੂੰ ਨਾਮ ਦੇ ਰਸ ਦੇ ਲੁੱਟ-ਭੌਰੇ ਬਣਾਇਆ। ਜਦੋਂ ਵੀ ਕਦੀ ਕੋਈ ਸਿਖ ਇਤਿਹਾਸ ਵਿਚ ਹੋ ਗੁਜ਼ਰੇ ਆਦਰਸ਼ਕ ਸਿੱਖਾਂ ਦੇ ਨਾਮ ਅੰਕਤ ਕਰੇਗਾ ਤਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਭੀ ਪੰਥ ਦੇ ਆਦਰਸ਼ਕ ਮਾਡਲ ਸਿੱਖਾਂ ਵਿਚ ਗਿਣਿਆ ਜਾਵੇਗਾ। ਹੁਣ ਭੀ ਉਹਨਾਂ ਦੇ ਜੀਵਨ ਤੋਂ ਸਿੱਖ ਨੌਜਵਾਨਾਂ ਨੂੰ ਨਰੋਈਆਂ ਸੇਧਾਂ ਮਿਲਦੀਆਂ ਹਨ, ਚਾਹੇ ਉਹ ਸੇਧ ਦੇਸ਼ ਭਗਤੀ ਲਈ ਹੋਵੇ ਜਾਂ ਪ੍ਰਭੂ-ਭਗਤੀ ਲਈ।

ਤ੍ਰਾਸਦੀ ਇਹ ਹੈ ਕਿ ਅੱਜ ਮਾੜਾ-ਧਾੜਾ ਸਿਖ ਭੀ ਆਪਣੇ ਆਪ ਨੂੰ ਸੰਤ ਅਖਵਾਉਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ। ਸੰਤ ਪਦ ਜਾਂ ਸਾਧ-ਪਦ ਹੁਣ ਤਾਂ ਇਤਨਾ ਆਮ ਜਿਹਾ ਹੋ ਗਿਆ ਹੈ ਕਿ ਪੜ੍ਹੇ ਲਿਖੇ ਲੋਕ ਇਨ੍ਹਾਂ ਸਾਧਾਂ ਸੰਤਾਂ ਨੂੰ ਪਾਖੰਡੀ ਅਤੇ ਭੇਖੀ ਮੂਰਖ ਸਿੱਖ ਤੋਂ ਵੱਧ ਕੁਝ ਨਹੀਂ ਸਮਝਦੇ। ਭਾਈ ਸਾਹਿਬ ਰਣਧੀਰ ਸਿੰਘ ਜੀ ਅੰਤਰ ਸੁਆਸਾਂ ਤਕ ਇਸ ਸਾਧ 'ਗੀਰੀ' ਦੀ ਮਿਜ਼ਾਜ ਤੋਂ ਉਪਰ ਹੀ ਵਿਚਰਦੇ ਰਹੇ। ਉਹ ਸਦਾ ਪੁਰਾਤਨ ਗੁਰਸਿੱਖਾਂ ਵਾਂਙ ਭਾਈ ਰਣਧੀਰ ਸਿੰਘ ਅਖਵਾਉਣ ਵਿਚ ਹੀ ਖ਼ੁਸ਼ੀ ਮਹਿਸੂਸ ਕਰਦੇ ਸਨ। ਅੱਜ ਭੀ ਉਹਨਾਂ ਦੇ ਜੱਥੇ ਦੇ ਸਿੰਘ ਆਪਣੇ ਨਾਮ ਦੇ ਅਗੇਤਰ ਵਜੋਂ ਭਾਈ ਸ਼ਬਦ ਦੀ ਹੀ ਵਰਤੋਂ ਕਰਦੇ ਹਨ। ਕੋਈ ਵਿਰਲਾ ਹੋਊ ਜੋ ਆਪਣੇ ਨਾਮ ਨਾਲ ਸਰਦਾਰ ਸ਼ਬਦ ਨੂੰ ਅਗੇਤਰ ਵਜੋਂ ਵਰਤਦਾ ਹੋਵੇ। ਗੁਰੂ ਘਰ ਦੀ ਪ੍ਰੰਪਰਾ ਮੁੱਢ ਤੋਂ ਹੀ ਭਾਈ 'ਅਗੇਤਰ' ਦੀ ਰਹੀ ਹੈ, ਜਿਵੇਂ ਭਾਈ ਬੁੱਢਾ ਜੀ, ਭਾਈ ਲਹਿਣਾ ਜੀ, ਭਾਈ ਗੁਰਦਾਸ ਜੀ, ਭਾਈ ਜੇਠਾ ਜੀ, ਭਾਈ ਬਹਿਲੋ ਜੀ, ਭਾਈ ਮੰਝ ਜੀ, ਭਾਈ ਮਨੀ ਸਿੰਘ ਜੀ, ਭਾਈ ਕਨ੍ਹਈਆ ਜੀ, ਆਦਿ। ਸੰਤ ਪਦ ਪਤਾ ਨਹੀਂ, ਪੰਥ ਵਿਚ ਕਦੋਂ ਤੇ ਕਿਵੇਂ ਪ੍ਰਚਲਤ ਹੋਇਆ, ਇਸ 'ਤੇ ਖੋਜ ਕਰਨੀ ਚਾਹੀਦੀ ਹੈ। ਭਾਈ ਸਾਹਿਬ ਆਪਣੇ ਸਮੇਂ ਦੇ Non-Professional ਕੀਰਤਨੀਏ ਸਨ।

ਉਹ ਆਪਣੇ ਸੰਗੀ ਸਾਥੀਆਂ ਨਾਲ ਪਿੰਡਾਂ ਅਤੇ ਨਗਰਾਂ ਵਿਚ ਸ੍ਰੀ ਅਖੰਡ ਪਾਠ ਅਤੇ ਕੀਰਤਨ ਦੇ ਅਖਾੜੇ ਮੋਖ ਰਹਿਤ ਸਜਾਉਂਦੇ ਸਨ। ਉਹਨਾਂ ਦੇ ਸੰਗੀ ਸਾਥੀ ਦੂਰ ਨੇੜਿਉਂ ਪੱਲਿਉਂ ਖ਼ਰਚ ਕੇ ਸਮਾਗਮਾਂ ਵਿਚ ਹਾਜ਼ਰੀਆਂ ਭਰਦੇ ਸਨ ਅਤੇ ਅੱਜ ਤਕ ਇਹ ਪ੍ਰਥਾ ਇਸ ਜਥੇ ਵਿਚ ਕਾਇਮ ਹੈ। ਕੀਰਤਨ ਉਹਨਾਂ ਦੀ ਆਤਮਾ ਦੀ ਖ਼ੁਰਾਕ ਸੀ।

ਭਾਈ ਸਾਹਿਬ ਦੀ ਕੀਰਤਨ ਸ਼ੈਲੀ ਵਿਚ ਇਕ ਦੋ ਗੱਲਾਂ ਬੜੀਆਂ ਵਿਸ਼ੇਸ਼ ਸਨ ਜੋ ਅੱਜ ਦੇ ਅਖੰਡ ਕੀਰਤਨੀ ਵੀਰਾਂ ਅਤੇ ਬੀਬੀਆਂ ਨੂੰ ਖ਼ਾਸ ਤੌਰ 'ਤੇ ਨੋਟ ਕਰਨੀਆਂ ਚਾਹੀਦੀਆਂ ਹਨ।

ਭਾਈ ਸਾਹਿਬ ਨਾਮ ਦੇ ਅਭਿਆਸੀ ਸਨ ਅਤੇ ਬਾਣੀ ਦਾ ਡੂੰਘਾ ਅਧਿਐਨ ਕਰਦੇ ਸਨ। ਉਨ੍ਹਾਂ ਨੂੰ ਕਾਫ਼ੀ ਬਾਣੀ ਕੰਠ ਭੀ ਸੀ। ਇਸ ਕਰਕੇ ਜਦੋਂ ਉਹ ਕੀਰਤਨ ਕਰਦੇ ਸਨ, ਤਾਂ ਉਹਨਾਂ ਦੇ ਕੀਰਤਨ ਵਿਚ ਨਾਮ-ਰਸ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਇਕੋ ਤੁਕ ਨੂੰ ਕਈ ਕਈ ਵਾਰ ਪੰਚਮ ਸੁਰਾਂ ਤੋਂ ਭੀ ਉਪਰ ਜਾ ਕੇ ਪੜ੍ਹੀ ਜਾਂਦੇ। ਇਕ-ਰਸ ਲਿਵਤਾਰ ਨੂੰ ਉਹ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਰਾਹੀਂ ਤੋੜਦੇ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਕੀਰਤਨ ਦੇ ਰਸ ਨੂੰ ਪ੍ਰਮਾਣ ਦੇ ਕੇ ਕਦੀ ਤੋੜਨ ਦਾ ਜਤਨ ਕੀਤਾ। ਉਨ੍ਹਾਂ ਦਾ ਨਿਸ਼ਾਨਾ ਅੱਠੇ ਪਹਿਰ ਇਕੋ ਲਿਵ-ਰਸ ਵਿਚ ਜੁੜੇ ਰਹਿਣਾ ਹੁੰਦਾ ਸੀ। ਇਸ ਲਈ ਭਾਵੇਂ ਉਨ੍ਹਾਂ ਦੇ ਕੀਰਤਨ ਦੀ ਸ਼ੈਲੀ ਕਲਾਸੀਕਲ, ਰਾਗ ਤਾਂ ਨਹੀਂ ਕਹੀ ਜਾ ਸਕਦੀ, ਪਰ ਉਨ੍ਹਾਂ ਦੀਆਂ ਸਾਦ ਮੁਰਾਦੀਆਂ ਤਰਜ਼ਾਂ ਅੰਦਰ ਗ਼ਜ਼ਬ ਦੇ ਵਲਵਲੇ ਹੁੰਦੇ ਸਨ, ਜਿਸ ਕਰਕੇ ਬਾਣੀ ਦੇ ਅਣਿਆਲੇ ਬਾਣ ਸਰੋਤਿਆਂ ਦੇ ਅੰਦਰ ਧਸਦੇ ਜਾਂਦੇ। ਇਸ ਰਸ ਭਿੰਨੜੇ ਕੀਰਤਨ ਦੀ ਮਿਠਾਸ ਦਾ ਰਸ ਅਜੇ ਭੀ ਉਨ੍ਹਾਂ ਦੇ ਸਤਸੰਗੀਆਂ ਦੇ ਹਿਰਦਿਆਂ ਅੰਦਰ ਡੁੱਲ੍ਹ-ਡੁੱਲ੍ਹ ਪੈਂਦਾ ਹੈ, ਜਿਨ੍ਹਾਂ ਨੇ ਭਾਈ ਸਾਹਿਬ ਤੋਂ ਕੀਰਤਨ ਸੁਣਿਆ ਜਾਂ ਉਨ੍ਹਾਂ ਦੇ ਨਾਲ ਬੈਠ ਕੇ ਕੀਰਤਨ ਕੀਤਾ। ਇਹੋ ਕਾਰਣ ਹੈ ਕਿ ਉਨ੍ਹਾਂ ਦੇ ਕੁਝ ਕੁ ਕੀਰਤਨੀ ਸਾਥੀਆਂ ਦੇ ਕੀਰਤਨ ਵਿਚ ਭੀ ਉਹੋ ਜੇਹੀ ਸੁਗੰਧੀ ਆਉਂਦੀ ਹੈ। ਜੇ ਕੀਰਤਨੀਏ ਨੂੰ ਆਪ ਕੀਰਤਨ ਕਰਨ ਵਿਚ ਰਸ ਨਹੀਂ ਆਇਆ ਤਾਂ ਸਰੋਤਿਆਂ ਨੂੰ ਕਿਵੇਂ ਆ ਸਕਦਾ ਹੈ। ਇਸ ਲਈ ਰਸ-ਮਗਨ ਹੋ ਕੇ ਇਕ ਮਨ, ਇਕ ਚਿਤ ਕੀਰਤਨ ਵਿਚ ਰਸ ਲੀਨ ਹੋਏ ਬਿਨਾਂ ਉਨ੍ਹਾਂ ਕਦੀ ਭੀ ਕੀਰਤਨ ਨਹੀਂ ਕੀਤਾ।

ਦੂਜੀ ਗੱਲ ਜੋ ਗੁਰਬਾਣੀ ਦੀ ਬਖ਼ਸ਼ੀ ਸੋਧ ਅਨੁਸਾਰ ਇਹ ਹੈ, 'ਸਹਜੇ ਗਾਵਿਆ ਥਾਇ ਪਵੈ' (ਅੰਗ - ੬੮)। ਉਹ ਸਹਜ ਅਵਸਥਾ ਨੂੰ ਪ੍ਰਾਪਤ ਹੋ ਚੁੱਕੇ ਸਨ। ਦੁੱਖ-ਸੁੱਖ, ਮਾਨ-ਅਭਿਮਾਨ, ਹਰਖ-ਸੋਗ, ਈਰਖਾ-ਬਖ਼ੀਲੀ ਅਤੇ ਪੰਜੇ ਮਹਾਂ ਬਲੀਆਂ ਦੀ ਪਕੜ ਤੋਂ ਉਪਰ ਉਠ ਚੁੱਕੇ ਸਨ। ਉਹ ਕੇਵਲ ਤੇ ਕੇਵਲ ਆਪਣੇ ਇਸ਼ਟ ਦੇਵ ਸ੍ਰੀ ਗੁਰੂ ਗ੍ਰੰਥ

***(ਬਾਕੀ ਪੰਨਾ 31 'ਤੇ)***

# ਬਾਰਹ ਮਾਹ ਕਥਾ

*[(ਸਵਰਗੀ) ਡਾ. ਤਾਰਨ ਸਿੰਘ ਜੀ]*

***ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥***

*ਅੰਗ - - ੧੧੦੮*

**ਪਦ ਅਰਥ:** ਸਰਸ - ਖਿੜ ਜਾ। ਘਣ - ਬੱਦਲ। ਦਾਮਨਿ - ਬਿਜਲੀ। ਖਰੀ ਦੁਹੇਲੀ - ਬਹੁਤ ਦੁਖੀ। ਕਾਪੜੁ - ਕਪੜੇ। ਕੰਤੀ - ਕੰਤ ਵਾਲੀ। ਅੰਕਿ - ਅੰਗਾਂ ਨਾਲ।

**ਅਰਥ:** ਸਾਵਣ ਮਹੀਨੇ ਵਿਚ, ਹੇ ਮਨਾਂ, ਖਿੜ ਜਾ; (ਵੇਖ) ਬੱਦਲ ਵਸਦੇ ਹਨ, ਬਰਖਾ ਰੁੱਤ ਆ ਗਈ ਹੈ। ਮੇਰੇ ਮਨ-ਤਨ ਵਿਚ ਪ੍ਰਭੂ-ਪਤੀ ਚੰਗਾ ਲਗਦਾ ਹੈ ਪਰ ਉਹ ਪਰਦੇਸ ਗਇਆ ਹੋਇਆ ਹੈ। ਜਦੋਂ ਤੀਕ ਪ੍ਰਭੂ-ਪ੍ਰੀਤਮ ਮੇਰੇ ਹਿਰਦੇ-ਘਰ ਵਿਚ ਨਹੀਂ ਆਉਂਦਾ, ਮੈਂ ਹਉਕਿਆਂ ਵਿਚ ਮਰ ਰਹੀ ਹਾਂ, ਬਿਜਲੀ ਚਮਕ ਚਮਕ ਕੇ ਮੈਨੂੰ ਡਰਾਉਂਦੀ ਹੈ। ਮੇਰੀ ਸੇਜ ਇਕੱਲੀ ਹੈ, ਮੈਂ ਬਹੁਤ ਦੁਖੀ ਹਾਂ; ਹੇ ਮਾਂ, (ਵਿਛੋੜੇ ਦਾ) ਦੁਖ ਮੌਤ ਬਰਾਬਰ ਹੋ ਰਹਿਆ ਹੈ। (ਦੱਸ) ਹਰੀ-ਪਤੀ ਤੋਂ ਬਿਨਾਂ ਮੈਨੂੰ ਕਾਹਦੀ ਨੀਂਦ ਤੇ ਕਾਹਦੀ ਭੁਖ ਹੋਵੇ (ਨਾ ਭੁਖ ਨਾ ਨੀਂਦ ਹੈ) ਕਪੜੇ ਮੇਰੇ ਸਰੀਰ 'ਤੇ ਸੁਖਾਂਦੇ ਨਹੀਂ। (ਨਾਨਕ) ਉਹ ਅਸਲ ਸੁਹਾਗਣ ਹੈ, ਕੰਤ ਵਾਲੀ ਹੈ, ਜੋ ਪ੍ਰਭੂ-ਪ੍ਰੀਤਮ ਦੇ ਅੰਗਾਂ ਨਾਲ ਸਮਾਈ ਰਹਿੰਦੀ ਹੈ।੯।

---

**ਪੰਥ ਦੀ ਸੋਨ ਚਿੜੀ ਮਹਾਨ ਆਜਾਦੀ ਘੁਲਾਟੀਏ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ 144ਵੇਂ ਜਨਮ ਦਿਵਸ ਨੂੰ ਸਮਰਪਿਤ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਗੁਰਮਤ ਸੰਚਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਿਤੀ 7 ਜੁਲਾਈ 2022 ਤੋਂ ਲੈ ਕੇ 10 ਜੁਲਾਈ ਸਵੇਰ ਤਕ**

ਹਰ ਸਾਲ ਦੀ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ 07 ਜੁਲਾਈ 2022 ਤੋਂ ਲੈ ਕੇ 10 ਜੁਲਾਈ 2022 ਸਵੇਰ ਤਕ ਗੁਰਦੁਆਰਾ ਗੁਰਮਤਿ ਸੰਚਾਰ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਐਫ ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋਣਗੇ। ਸੰਗਤਾਂ ਪ੍ਰਤੀ ਪ੍ਰੇਮ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਹਾਜਰੀਆਂ ਭਰ ਕੇ ਖੁਸ਼ੀਆਂ ਲਈਆਂ ਜਾਣ ਤੇ ਅਪਣਾ ਜੀਵਨ ਸਫਲਾ ਕੀਤਾ ਜਾਵੇ ਜੀ।



**ਪ੍ਰੋਗਰਾਮ**

7 ਜੁਲਾਈ 2022 — ਕੀਰਤਨ ਆਸਾ ਦੀ ਵਾਰ ਸਵੇਰੇ 5 ਤੋਂ 7 ਵਜੇ ਤਕ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 7 ਵਜੇ

9 ਜੁਲਾਈ 2022 — ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 6 ਵਜੇ ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਦੁਪਹਿਰ 12 ਵਜੇ ਤਕ

**ਕੀਰਤਨ ਰੈਣ ਸਬਾਈ** — ਸ਼ਾਮ 7 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 10 ਜੁਲਾਈ 2022 ਨੂੰ ਸਵੇਰੇ 5 ਵਜੇ ਪੈਣਗੇ।

**ਅੰਮ੍ਰਿਤ ਸੰਚਾਰ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਵਿਖੇ ਸ਼ਾਮ ਨੂੰ 7 ਵਜੇ ਆਰੰਭ ਹੋਣਗੇ।**

**ਦਾਸਰੇ : ਭਾਈ ਰਣਧੀਰ ਸਿੰਘ ਟਰੱਸਟ ਅਤੇ ਅਖੰਡ ਕੀਰਤਨੀ ਜੱਥਾ, ਲੁਧਿਆਣਾ।**

ਮੋਬਾਇਲ : 98151-56014, 98156-11924, 93571-36811, 98161-35173



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਦਰ-ਹਕੀਕਤ ਵਾਹਿਗੁਰੂ ਅਗਮ ਅਗੋਚਰ ਹੈ, ਅਲਖ ਹੈ, ਪਰੰਤੂ ਗੁਰ-ਦੀਖਿਆ, ਗੁਰਮੰਤਰ ਦੀ ਕਮਾਈ ਕਰਨਹਾਰਿਆਂ ਗੁਰਮੁਖਾਂ ਨੇ ਹੀ ਪਰਤੱਖ ਕਰ ਜਾਣਿਆ ਹੈ ਅਤੇ ਗੁਰਮੁਖਤਾ ਦੁਆਰਾ ਹੀ ਜਾਣਿਆ ਜਾਂਦਾ ਹੈ।

*ਅਗਮ ਅਗੋਚਰ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥*
*ਅੰਗ - ੭੮੯*

ਤਥਾ -

*ਪਾਰਬ੍ਰਹਮ ਅਪਰੰਪਰ ਦੇਵਾ॥*
*ਅਗਮ ਅਗੋਚਰ ਅਲਖ ਅਭੇਵਾ॥*
*ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ॥੧॥* *ਅੰਗ - ੯੮*

ਗੁਰਮਤਿ ਲਖਾਈ ਗਾਤੀ ਦੁਆਰਾ ਹੀ ਧਿਆਇਆ ਜਾਂਦਾ ਹੈ। ਧਿਆਇ ਧਿਆਇ ਲਖਾਇਆ ਜਾਂਦਾ ਹੈ। ਸਿਮਰਨ ਦਾ ਮੰਤਵ ਹੀ ਇਹੀ ਹੈ ਕਿ ਅਗਮ ਅਗੋਚਰ ਅਲਖ ਅਪਾਰ ਪਾਰਬ੍ਰਹਮ ਨੂੰ ਲਖਿਆ ਜਾਵੇ। ਗੁਰਮਤਿ ਦ੍ਰਿੜਾਇਆ ਸਿਮਰਨ, ਦਿਨ-ਰੈਨਾਰੀ ਸਿਮਰਨ ਇਸ ਪ੍ਰਯੋਜਨ ਨੂੰ ਮੁੱਖ ਰੱਖ ਕੇ ਅਰੰਭਤ ਹੁੰਦਾ ਹੈ ਕਿ ਜਿਸਦਾ ਸਿਮਰਨ ਕੀਤਾ ਜਾਵੇ ਉਸ ਅਪ੍ਰਾਪਤ ਪਾਰਬ੍ਰਹਮ ਨੂੰ ਪ੍ਰਾਪਤ ਕੀਤਾ ਜਾਵੇ, ਯਥਾ ਗੁਰਵਾਕ -

*ਅਗਮ ਅਗੋਚਰੁ ਅਲਖ ਅਪਾਰੇ॥*
*ਨਾਨਕ ਸਿਮਰੈ ਦਿਨ ਰੈਨਾਰੇ॥੩॥੯॥੧੫॥*
*ਅੰਗ - ੭੪੦*

ਗੁਰੂ ਨਾਨਕ ਸਰੂਪ ਦੇ ਦਸੇ ਜਾਮੇ ਅਗਮ-ਰੂਪ ਦਰਸਾਰੇ ਦੇ ਦਿਸ਼ਟ-ਦਿਸ਼ਟਾਰੇ ਝਲਕਾਰਿਆਂ ਨੂੰ ਸਨਮੁਖ ਦੇਖਦੇ ਹੋਏ ਹੀ ਸਿਮਰਨ ਅਨੰਦ ਮਗਨ ਰਹਿੰਦੇ ਹਨ, ਪਰ ਤਿਸੈ (ਦਿਨ-ਰੈਨਾਰੀ) ਸਿਮਰਨ ਦੀ ਪਾਰਸ-ਕਲਾ ਸਤਿਗੁਰਾਂ ਨੇ ਐਸੀ ਲਖਾਈ ਦਿੜਾਈ ਕਿ ਸਿਮਰਨ-ਸ਼ਕਤੀ ਕਰਿ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਭੀ ਦ੍ਰਿਸ਼ਟੀ-ਗੋਚਰ ਹੋਇ ਆਉਂਦਾ ਹੈ ਅਤੇ ਸਿਮਰਨ ਕਰਨਹਾਰੇ ਗੁਰਸਿਖਾਂ ਪ੍ਰਤੀ ਸਦਾ ਸਦਾ ਜੁਗਾਂ ਪ੍ਰਯੰਤ ਦ੍ਰਿਸ਼ਟੀ ਗੋਚਰ ਹੁੰਦਾ ਰਹੇਗਾ। ਸੋ ਜਿਸ ਕਿਸੇ ਨੇ ਭੀ ਅਦਿਸ਼ਟ ਅਗੋਚਰ ਪ੍ਰਮਾਤਮਾ ਦਾ ਆਤਮ-ਦਿਸ਼ਟ ਦਰਸ਼ਾਰਾ ਦੇਖਣਾ ਹੋਵੇ ਸੋ ਗੁਰੂ-ਘਰ ਵਿਖੇ ਆਇ ਕੇ ਨਿਸੰਗ ਪਖ-ਪਰਖੇ, ਅਜ਼ਮਾਵੇ, ਆਪਣੀ ਅੱਖੀਂ ਦੇਖੇ। ਬਿਨ ਦੇਖ ਕੇਸ ਪਤੀਆਏ ਅਤੇ ਕਿਸੇ ਨਾਸਤਕਤਾ ਅਤੇ ਐਗਨਾਸਟਿਕਇਜ਼ਮ ਦੀ ਜ਼ਹਿਰ ਦੂਰ ਹੋ ਜਾਏ। ਕੇਵਲ (ਗੁਰਪ੍ਰਸਾਦ ਕਰਿ, ਗੁਰੂ ਦੀ ਕਿਰਪਾ ਕਰਿ ਹਾਂ ਅਸਾ ਪਾਰਸ-ਰਸਾਊਣਾ ਸਿਮਰਨ, ਹਰਿ-ਸਿਮਰਨ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਨੂੰ ਹੋਇਆ ਹੈ ਪ੍ਰਾਪਤ ਅਤੇ ਸਿਮਰਨ-ਪਰਤਾਪ ਕਰਿ ਹੋਏ ਹਨ ਅਟ ਦੇ ਦ੍ਰਿਸ਼ਟ ਦਰਸ਼ਨ, ਸੋ ਅਗਮ ਅਨਦਤ ਹੋ ਕੇ ਆ-ਮੁਹਾਰੇ ਪੁਕਾਰ ਉਠੇ ਹਨ -

*ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ॥*
*ਜਨਮੁ ਪਦਾਰਥੁ ਗਹਿਰ ਗੰਭੀਰੈ॥*
*ਲਾਖ ਕੋਟ ਖੁਸੀਆ ਰੰਗ ਰਾਵੈ*
*ਜੋ ਗੁਰ ਲਾਗਾ ਪਾਈ ਜੀਉ॥੧॥*
*ਦਰਸਨੁ ਪੇਖਤ ਭਏ ਪੁਨੀਤਾ॥*
*ਸਗਲ ਉਧਾਰੇ ਭਾਈ ਮੀਤਾ॥*
*ਅਗਮ ਅਗੋਚਰੁ ਸੁਆਮੀ ਅਪੁਨਾ*
*ਗੁਰ ਕਿਰਪਾ ਤੇ ਸਚੁ ਧਿਆਈ ਜੀਉ॥੨॥*
*ਜਾ ਕਉ ਖੋਜਹਿ ਸਰਬ ਉਪਾਏ॥*
*ਵਡਭਾਗੀ ਦਰਸਨੁ ਕੋ ਵਿਰਲਾ ਪਾਏ॥*
*ਊਚ ਅਪਾਰ ਅਗੋਚਰ ਥਾਨਾ*
*ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥*
*ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ॥*
*ਮੁਕਤਿ ਭਇਆ ਜਿਸੁ ਰਿਦੈ ਵਸੇਰਾ॥*
*ਗੁਰਿ ਬੰਧਨ ਤਿਨ ਕੇ ਸਗਲੇ ਕਾਟੇ*
*ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥*
*ਅੰਗ - ੧੦੧*

ਦੇਖਿਆ ਉਪਰਲਾ ਵਾਕ ਕੀ ਕੀ ਚਮਤਕਾਰ

ਚਮਤਕਾਉਂਦਾ ਕਉਤਕਾਉਂਦਾ ਹੈ। ਜੋ ਜੋ ਵਡਭਾਗਾ ਜਨ ਗੁਰ-ਸਰਨਾ ਆਇਆ, ਭਾਵ ਗੁਰ-ਸਰਨਾਈ ਆਇ ਕੈ ਸੀਸ ਗੁਰੂ ਜੀ ਨੂੰ ਭੇਟ ਕੇ ਸਤਿਗੁਰ-ਚਰਨੀ ਲਗਿਆ ਹੈ ਅਤੇ ਗੁਰ-ਚਰਨੀ ਲੱਗ ਕੇ ਗੁਰ-ਦੀਖਿਆ ਗੁਰ-ਮੰਤ-ਪ੍ਰਾਪਤੀ ਕਰਿ ਹਰਿ ਹਰਿ ਸਿਮਰਨ ਲਗਿਆ ਹੈ, ਉਸ ਨੂੰ ਇਸ ਸਿਮਰਨ-ਪਰਤਾਪ ਕਰਿ ਨਿਧੀ ਸਿਧੀ ਵਿਧੀ ਦੀ ਸਹਿਜ-ਪ੍ਰਾਪਤੀ ਹੋ ਗਈ ਹੈ। ਰਿਧੀ ਸਿਧੀ ਨਉਨਿਧੀ ਹੀ ਨਹੀਂ, ਮਨੁਖ-ਜਨਮ ਦਾ ਮੁੱਖ ਪ੍ਰਯੋਜਨ ਪਦਾਰਥ ਗਹਿਰ ਗੰਭੀਰ ਵਾਹਿਗੁਰੂ ਦੇ ਦਰਸ਼ਨਾਂ ਦੀ ਪ੍ਰਾਪਤੀ ਭੀ ਹੋ ਗਈ ਹੈ, ਜਿਸ ਅਘ ਪਦਾਰਥ ਪ੍ਰਾਪਤ ਹੋਣ ਕਰਿ, ਜਿਸ ਸ਼ਾਂਤੀ-ਰਗ ਰਾਵਨ ਕਰਿ, ਰਗ-ਰਲੀਆਂ ਮਾਨਣ ਕਰ ਲਾਖ ਕੋਟ ਖੁਸ਼ੀਆਂ ਦੇ ਅਗੰਮੀ ਨਸ਼ੇ ਚੜ੍ਹ ਜਾਂਦੇ ਹਨ। ਐਸੇ ਗਹਿਰ ਗੰਭੀਰ ਦਰਸ਼ਨਾਂ ਨੂੰ ਪੇਖਹਾਰਾਂ ਆਪ ਤਾਂ ਖ਼ੁਦ ਪੁਨੀਤ ਹੋਣਾ ਹੀ ਸੀ, ਉਹ ਸਗੋ ਸਗਲੇ ਭਾਈ ਮੀਤਾਂ ਸੰਗੀਤਾਂ ਜਨਾਂ ਨੂੰ ਭੀ ਉਧਾਰ ਲੈਂਦਾ ਹੈ। ਇਉਂ ਅਪਣਾਇਆ ਹੋਇਆ ਅਗਮ-ਅਗੋਚਰ ਸੁਆਮੀ, ਗੁਰੂ ਦੀ ਕਿਰਪਾ ਪ੍ਰਸ਼ਾਦੇ ਕਰਿ, ਫਿਰ ਜਗਤ ਉਧਾਰੇ ਹੋਏ ਭਾਈ ਮੀਤਾਂ ਜਨਾਂ ਵਲੋਂ ਦਿਤਾ ਸਹਿਤ ਧਿਆਇਆ ਜਾਂਦਾ ਹੈ। ਜਿਸ ਇਕ ਗੁਰਸਿਖ ਵਡਭਾਗੇ ਨੂੰ ਦਰਸ਼ਨ ਪ੍ਰਾਪਤ ਹੋ ਗਇਆ, ਉਹ ਹੋਰਨਾਂ ਨੂੰ ਭੀ ਪ੍ਰੇਰ ਕੇ ਗੁਰ-ਸਰਨਾਗਤ ਲਿਆਉਂਦਾ, ਗੁਰੂ ਦੀਖਿਆ ਗੁਰੂ ਪਾਸੋਂ ਦਿੜਾਉਂਦਾ ਹੈ।

ਇਸ ਵਰਤਮਾਨ ਸਮੇਂ ਵਿਖੇ ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਕੋਈ ਗੁਰੂ ਨਹੀਂ, ਗੁਰੂ ਵਰੋਸਾਏ ਗੁਰਮੁਖ ਜਨ ਹੋਰਨਾਂ ਨੂੰ ਪ੍ਰੇਰ ਪ੍ਰੇਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਨਾਗਤ ਲਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰਦੀਖਿਆ ਦਿਵਾ, ਤਿਨ੍ਹਾਂ ਦਾ ਸਦਾ ਉਧਾਰ ਕਰਦੇ ਕਰਾਉਂਦੇ ਹਨ। ਇਉਂ 'ਸਗਲ ਉਧਾਰ ਭਾਈ ਮੀਤਾ' ਦਾ ਸਚਾ ਢੋਆ ਜੁੜਦਾ ਹੈ।

ਜਿਸ ਅਗਮ ਅਗੋਚਰ ਦੀ ਪ੍ਰਾਪਤੀ ਹਿਤ ਅਨਮਤੀਆਂ ਦੇ ਸਰਬ ਅਤੇ ਅਨੇਕ ਨਾਨਾ ਭਾਂਤੀ ਉਪਾਵ ਅਕਾਰਥ ਜਾਂਦੇ ਹਨ, ਤਿਸ ਦੇ ਪਰਤੱਖ ਦਰਸ਼ਨ ਕੇਵਲ ਵਡਭਾਗੀ ਗੁਰਮੁਖ ਜਨਾਂ, ਗੁਰੂ-ਘਰ ਦੇ ਵਰੋਸਾਏ ਭਗਤ ਜਨਾਂ ਨੂੰ ਹੀ ਪ੍ਰਾਪਤ ਹੁੰਦੇ ਹਨ। ਸਚਮੁੱਚ ਐਸੇ ਗੁਰਮੁਖ ਜਨ ਵਡਭਾਗੀ ਸੰਸਾਰ ਵਿਖੇ ਵਿਰਲੇ ਥੋੜੇ ਹੀ ਹਨ। ਸਾਰੀ ਕਾਇਨਾਤੀ ਅਸੰਖ ਕਰੋੜੀ ਬੇਸ਼ੁਮਾਰ ਅਲਖ ਰਚਨਾ ਦੇ ਮੁਕਾਬਲੇ ਵਿਚ ਗੁਰੂ ਘਰੋਂ ਅਜਿਹੇ ਵਰੋਸਾਏ ਜਨ ਸਚਮੁਚ ਹੀ ਵਿਰਲਿਆਂ ਦੀ ਗਿਣਤੀ ਵਿਚ ਸ਼ੁਮਾਰ ਹੁੰਦੇ ਹਨ। ਐਸੇ ਅਗਮ ਅਗੋਚਰ ਦਰਸ਼ਨ ਲਖੀਸ਼ਰੀ ਵਿਰਲੀਜ਼ਰੀ ਗੁਰਮੁਖ ਜਨਾਂ ਦਾ ਮਰਤਬਾ ਭੀ ਉਚ ਅਪਾਰ ਅਗੰਮ ਥਾਨੀਸ਼ਰੀ ਹੁੰਦਾ ਹੈ। ਅਜਿਹਾ ਐਸਾ ਅਗਮ ਮਹੱਤਵੀ ਉਚ ਮਹਲੀ ਥਾਨ ਕੇਵਲ ਗੁਰਪ੍ਰਸਾਦ ਕਰਿ, ਗੁਰੂ ਘਰਿ ਨਿਵਾਜਿਆਂ ਗੁਰਮਤਿ ਮਤਿ ਅਵਲੰਬੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਕਿਉਂਕਿ ਗੁਰਮਤਿ ਨਾਮ ਗੁਰਮੰਤੀ-ਦੀਖਿਆ ਦੀ ਪ੍ਰਾਪਤੀ ਹੋਰ ਕਿਤੇ ਨਹੀਂ। ਇਹ ਗੁਰਮੰਤਰ ਗੁਪਤ ਨਾਮ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰ ਦਰਗਾਹੋਂ ਲਿਆਂਦਾ ਹੈ। ਇਥੇ ਹੋਰ ਕਿਸੇ ਦੀ ਗੰਮਤਾ ਨਹੀਂ ਸੀ। ਏਸੇ ਕਰਕੇ ਗੁਰਮਤਿ ਨਾਮ ਗਹਿਰ ਗੰਭੀਰ ਹੈ ਅਤੇ ਇਸ ਵਿਚ ਪਾਰਸ ਪਾਰਸਾਂ ਦੀ ਅੰਮ੍ਰਿਤ ਕਲਾ ਹੈ। ਹੇ ਵਾਹਿਗੁਰੂ! ਇਸ ਤੇਰੇ ਗਹਿਰ ਗੰਭੀਰ ਅੰਮ੍ਰਿਤ-ਨਾਮ ਦਾ ਜਿਸ ਰਿਦੇ ਵਿਖੇ ਬਸੇਰਾ ਹੋ ਗਿਆ, ਉਹ ਰਿਦੀਸ਼ਰ ਜਨ ਮੁਕਤ ਭਇਆ ਹੈ। ਸਤਿਗੁਰ ਨੇ ਉਹਦੇ ਸਗਲੇ ਬੰਧਨ ਜਨਮ ਮਰਨ ਦੇ ਕੱਟ ਦਿੱਤੇ ਹਨ। ਅਤੇ ਉਹ ਸਦਾ ਲਈ ਸਹਿਜ ਪਦ ਵਿਚ ਆਇ ਗਇਆ ਹੈ। (ਇਹ ਉਪਰੰਤ ਗੁਰਵਾਕ ਦੀ ਤਤ ਵਿਆਖਿਆ ਹੀ ਅਨੁਵਾਦ ਹੈ।

ਐਸੇ ਗਿਆਨ-ਵਿਰਲੀਸ਼ਰਾਂ ਦੇ ਹਿਰਦੇ ਅੰਦਰ ਗੁਰੂ ਕਰਤਾਰ ਦੇ ਅਗੰਮ ਅਪਾਰੀਏ ਜੋਤਿ-ਜਲਵਨੀ-ਚਰਨ ਆਇ ਵੁਠਦੇ ਹਨ। ਤਿਨ੍ਹਾਂ ਨੂੰ ਪ੍ਰਭੂ-ਤੁਠੇ ਨੇ ਸਰਬ ਸੁਖ ਸੁਭਾਇ ਦਿਤੇ ਹਨ। ਤਿਨ੍ਹਾਂ ਗੁਰ-ਚਰਨ ਵੁਠੀਸ਼ਰਾਂ ਦੀ ਲਿਵ ਅੰਤਰੀ ਸਹਿਜ ਸਮਾਧ ਲਗ ਜਾਂਦੀ ਹੈ। ਇਹ ਸਹਿਜ ਸਮਾਧ ਕੋਈ ਸੁੰਨ-ਮਸੁੰਨੀ ਖ਼ੁਸ਼ਕ ਸੁੰਨਤਾ ਵਾਲੀ ਨਹੀਂ ਹੁੰਦੀ, ਪ੍ਰੰਤੂ ਅਗਾਧ ਰਸ ਜੋਤਿ ਸੁਭਰ ਭਰੀ ਹੁੰਦੀ ਹੈ। ਇਸ ਲਿਵ-ਸਹਿਜ ਅਵਸਥਾ ਵਾਲੇ ਜੋਤਿ-ਜੋਤੰਬਰ ਰਸ ਨੂੰ ਕੇਵਲ ਓਹ ਰਸ ਲੈਣ-ਹਾਰੇ ਹੀ ਜਾਣਦੇ ਹਨ, ਹੋਰ ਕੋਈ ਨਹੀਂ ਜਾਣ ਸਕਦਾ, ਜਿਸ ਨੂੰ ਸਾਰ ਹੀ ਨਹੀਂ। ਯਥਾ ਗੁਰਵਾਕ -

*ਸਭੇ ਸੁਖ ਭਏ ਪ੍ਰਭ ਤੁਠੇ॥*
*ਗੁਰ ਪੂਰੇ ਕੇ ਚਰਣ ਮਨਿ ਵੁਠੇ॥*
*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥੧॥*
*ਅਗਮ ਅਗੋਚਰੁ ਸਾਹਿਬੁ ਮੇਰਾ॥*
*ਘਟ ਘਟ ਅੰਤਰਿ ਵਰਤੈ ਨੇਰਾ॥*
*ਸਦਾ ਅਲਿਪਤੁ ਜੀਆ ਕਾ ਦਾਤਾ*
*ਕੋ ਵਿਰਲਾ ਆਪੁ ਪਛਾਣੈ ਜੀਉ॥੨॥ (੪॥੩੫॥੪੨)*

*ਅੰਗ - ੧੦੬*

ਗੁਰਪ੍ਰਸਾਦਨੀ ਗੁਰ-ਦੀਖਿਆ ਬਿਹੂਣ ਅਨਮਤ ਅਵਲੰਬੀ ਸਾਧਿਕ ਸਿਧ ਗਿਆਨੀ ਧਿਆਨੀ ਬਥੇਰੇ ਧਿਆਉਂਦੇ ਹਨ, ਮਨ ਹਠ ਕਮਾਉਂਦੇ ਫਿਰਦੇ ਹਨ, ਪਰ ਤਿਨ੍ਹਾਂ ਪਾਸੋਂ ਅਗਮ ਅਗੋਚਰ ਵਾਹਿਗੁਰੂ ਦੀ ਕਿਛ ਮਿਤ ਨਹੀਂ ਜਾਣੀ ਗਈ।

# ਅੱਖੀਂ ਡਿੱਠੇ ਭਾਈ ਸਾਹਿਬ

*[ਭਾਈ ਧਰਮਾਨੰਤ ਸਿੰਘ ਜੀ]*

ਜਿਸ ਸਮੇਂ ਦੀ ਸਾਖੀ, ਮੈਂ ਭੇਟਾ ਕਰਨ ਲੱਗਾ ਹਾਂ ਉਸ ਨੂੰ ਬੀਤਿਆਂ ਅੱਜ (ਸੰਨ ੧੯੬੪ ਵਿਚ) ਠੀਕ ਇੱਕ ਘਟ ਸੱਠ ਵਰ੍ਹੇ ਬੀਤ ਚੁੱਕੇ ਹਨ, ਮੈਂ ਦਸੰਬਰ ੧੯੦੪ ਤੋਂ ਜੂਨ ੧੯੦੬ ਤਕ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਦਾ ਵਿਦਿਆਰਥੀ ਸਾਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ੧੯੦੫-੬ ਵਿੱਚ ਖ਼ਾਲਸਾ ਕਾਲਿਜਿਏਟ ਸਕੂਲ ਦੇ ਬੋਰਡਿੰਗ ਹਾਊਸ ਦੇ ਮੁੱਖ ਸੁਪ੍ਰਿਨਟੈਨਡੈਂਟ ਸਨ, ਅਰ ਮੈਨੂੰ ਇਹ ਦੱਸਣ ਵਿਚ ਬੜਾ ਮਾਣ ਹੈ ਕਿ ਮੈਂ ਉਹਨਾਂ ਦੀ ਵਿਸ਼ੇਸ਼ ਕਿਰਪਾ ਤੇ ਵਿਸ਼ੇਸ਼ ਧਿਆਨ ਦਾ ਕੇਂਦਰ ਸਾਂ। ਕਾਰਨ ਇਹ ਸੀ ਕਿ ਮੈਨੂੰ ਜਾਪੁ ਸਾਹਿਬ ਤੇ ੩੩ ਸਵੈਯੇ ਕੰਠ ਸਨ ਤੇ ਮੈਂ ਬਿਨਾ-ਨਾਗਾ ਏਹਨਾਂ ਪਾਵਨ ਬਾਣੀਆਂ ਦਾ ਅੰਮ੍ਰਿਤ ਵੇਲੇ ਬੁਲੰਦ ਸੁਰ ਨਾਲ, ਹੇਠਾਂ ਆਪਣੇ ਕਮਰੇ ਵਿੱਚ ਪਾਠ ਕਰਿਆ ਕਰਦਾ ਸਾਂ, ਤੇ ਭਾਈ ਸਾਹਿਬ ਕੋਠੇ ਪਰ, ਰਿਹਾਇਸ਼-ਗਾਹ ਵਿੱਚ ਸੁਣ ਸੁਣ ਕੇ ਪ੍ਰਸੰਨ ਹੋਇਆ ਕਰਦੇ ਸਨ, ਤੇ ਇਸ ਸੰਬੰਧੀ ਦਿਨ ਵਿੱਚ ਉਹ ਮੈਨੂੰ ਕਦੇ ਕਦੇ ਬੜੇ ਪ੍ਰੇਮ ਨਾਲ, ਆਪਣੇ ਸ਼ਲਾਘਾ ਪੂਰਿਤ ਬਚਨ ਵੀ ਸੁਣਾ ਦੇਣ ਵਿੱਚ ਸੰਕੋਚ ਨਹੀਂ ਕੀਤਾ ਕਰਦੇ ਸਨ।

ਇੰਕੁਰ ਸੰਨ ੧੯੦੫ ਦੀ ਸਰਦ ਰੁਤ ਬੀਤੀ ਤੇ ਗ੍ਰੀਸ਼ਮ ਆ ਗਈ, ਇੱਕ ਦੋ ਦਿਨ ਝੜ ਰਿਹਾ, ਫਿਰ ਬੁਰਖਾ ਪੈ ਗਈ। ਵਿਚਕਾਰਲੇ ਲੰਗਰ ਦੇ ਵਿਦਿਆਰਥੀਆਂ ਨੇ ਭਾਈ ਸਾਹਿਬ ਪ੍ਰਤੀ ਯਾਚਨਾ ਕੀਤੀ ਕਿ ਖੀਰ ਖਾਣ ਨੂੰ ਜੀਆ ਲੋਚਦਾ ਹੈ। ਸੋ ਤੁਰਤ ਦੇ ਲਾਂਗਰੀ ਲਾਗੇ ਦੇ ਪਿੰਡਾਂ ਨੂੰ ਦੁੱਧ ਲਈ ਘੱਲ ਦਿੱਤੇ ਗਏ। ਦੁੱਧ ਆ ਗਿਆ। ਖੀਰ ਤਿਆਰ ਹੋ ਗਈ। ਪਰ ਸਤਿਗੁਰਾਂ ਨੇ ਹੁਣ ਇੱਕ ਨਿੱਕਾ ਜਿਹਾ ਕੌਤਕ ਕਰਨਾ ਸੀ, ਤੇ ਆਪਣੇ ਸਤੋਗੁਣੀ ਸਿੱਖ ਦੀ ਨਿਕਟ-ਵਰਤੀਆਂ ਦੀ ਦ੍ਰਿਸ਼ਟੀ ਵਿੱਚ ਸ਼ੋਭਾ ਦਾ ਚਮਤਕਾਰ ਵਿਖਾਣਾ ਸੀ।

ਭਾਣਾ ਇਉਂ ਵਰਤਿਆਂ ਕਿ ਜਿਨ੍ਹਾਂ ਜਿਨ੍ਹਾਂ ਨੇ ਉਸ ਖੀਰ ਨੂੰ ਖਾਧਾ, ਅੱਧੇ ਕੁ ਘੰਟੇ ਤੋਂ ਬਾਅਦ ਉਹਨਾਂ ਦਾ ਜੀਅ ਮਚਲਾਣ ਲਗ ਪਿਆ ਤੇ ਜਿਉਂ ਜਿਉਂ ਉਹ ਲੰਮੇ ਪੈਂਦੇ ਗਏ, ਉਹਨਾਂ ਨੂੰ ਦਸਤਾਂ ਤੇ ਕੈਆਂ ਦੁਆਰਾ ਸ਼ੀਘਰ ਹੀ ਰਸਾਤਲ ਪਹੁੰਚਣ ਦਾ ਭਿਆਨਕ ਸੁਨੇਹਾ ਮਿਲਦਾ ਗਿਆ। ਕਈ ਘੰਟੇ ਦੇ ਅਰਸੇ ਵਿੱਚ ਦੋ ਸੌ ਦੇ ਕਰੀਬ ਮੁੰਡਿਆਂ ਦੀ ਇਹ ਲਾਚਾਰ ਬਿਵਸਥਾ ਹੋ ਗਈ, ਮੈਂ ਉਸ ਐਤਵਾਰ, ਉਸ ਖ਼ਾਸ ਮੌਕੇ, ਸ੍ਰੀ ਦਰਬਾਰ ਸਾਹਿਬ ਗਿਆ ਹੋਇਆ ਸਾਂ। ਪਰ ਮੈਨੂੰ ਪਤਾ ਸੀ ਕਿ ਲੰਗਰ ਵਿੱਚ ਖੀਰ ਬਣਨੀ ਹੈ। ਸੋ ਮੈਂ ਜਿੰਨੀ ਛੇਤੀ ਹੋ ਸਕੀ, ਅਜੇ ਚਾਨਣਾ ਹੀ ਸੀ ਕਿ, ਕਾਲਜ ਪਹੁੰਚ ਗਿਆ। ਨਾਭਾ ਹੋਸਟਲ ਦੇ ਸਾਹਮਣੇ ਹੁੰਦਿਆ ਹੀ ਜੋ ਦ੍ਰਿਸ਼ਯ ਵੇਖਿਆ ਉਹ ਇਹ ਸੀ; ਉੱਥੇ ਮਾਸਟਰਾਂ ਤੇ ਵਿਦਿਆਰਥੀਆਂ ਦੀ, ਲਾਂਗਰੀਆਂ ਤੇ ਚਪੜਾਸੀਆਂ ਦੀ, ਚੌਂਕੀਦਾਰਾਂ ਤੇ ਜਮਾਂਦਾਰਾਂ ਦੀ ਭਾਰੀ ਭੀੜ ਲੱਗੀ ਖੜੀ ਸੀ, ਪਰ ਰੌਲੇ-ਰੱਪੇ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸਭ ਹੈਰਾਨੀ ਦੇ ਪਰੇਸ਼ਾਨੀ ਦੇ ਬੁੱਤ ਹੀ ਬੁੱਤ ਨਜ਼ਰ ਆਉਂਦੇ ਸਨ। ਮੈਂ ਭੀੜ ਤੋਂ ਅੱਗੇ ਲੰਘਣ ਦਾ ਹੌਸਲਾ ਕੀਤਾ ਤਾਂ ਵੇਖਿਆਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਾਹਮਣੇ ਵੱਡੇ ਕਮਰੇ ਦੇ ਬਾਹਰ ਖੱਬੇ ਪਾਸੇ ਕੁਰਸੀ ’ਤੇ ਬੈਠੇ ਹਨ। ਉਹਨਾਂ ਦੇ ਸਾਹਮਣੇ ਇੱਕ ਕੁਰਸੀ ਵੀ ਪਈ ਹੈ, ਤੇ ਦੋਹਾਂ ਕੁਰਸੀਆਂ ਦੇ ਵਿਚਕਾਰ ਮੇਜ਼ ਹੈ, ਅਰ ਦੋ ਵਿਸ਼ੇਸ਼ ਲਾਂਗਰੀ ਉਹਨਾਂ ਦੇ ਸੱਜੇ ਪਾਸੇ, ਸਿਰ ਨੀਵਾਂ ਕਰਕੇ, ਹੱਥ ਜੋੜੀ ਖੜੇ ਹਨ। ਮੈਂ ਭਾਈ ਸਾਹਿਬ ਦੇ ਸਨਮੁਖ ਹੁੰਦਿਆ ਹੀ ਫ਼ਤਹ ਗਜਾਈ, ਜਿਸ ਦਾ ਉੱਤਰ ਉਹਨਾਂ ਨੇ ਆਪਣੀ ਸਦੀਵੀ ਮੁਸਕਰਾਹਟ ਨਾਲ ਦਿੱਤਾ ਤੇ ਮੈਨੂੰ ਕੁਰਸੀ ’ਤੇ ਬੈਠਣ ਲਈ ਇਸ਼ਾਰਾ ਕੀਤਾ। ਮੈਂ ਬਹਿ ਗਿਆ। ਭਾਈ ਸਾਹਿਬ ਦੇ ਸੱਜੇ ਹੱਥ ਵਿਚ ਰੂਲ (ਡੰਡਾ) ਸੀ। ਉਹ ਮੇਰੇ ਨਾਲ ਮਮੂਲੀ ਜਿਹੀ ਗੱਲ-ਬਾਤ ਵੀ ਕਰ ਰਹੇ ਸਨ ਤੇ ਲਗਾਤਾਰ ਮੁਸਕਰਾ ਰਹੇ ਸਨ। ਮੱਥੇ ਪਰ ਕਿਸੇ ਪ੍ਰਕਾਰ ਵੀ ਤਿਊੜੀ ਯਾ ਵੱਟ ਨਹੀਂ ਨਜ਼ਰ ਆਉਂਦਾ ਸੀ, ਤੇ ਛਿਨ ਪਲ ਮਗਰੋਂ, ਬਾਰੰਬਾਰ, ਉਹਨਾਂ ਦੇ ਪਵਿੱਤਰ-ਮੁਖ ਤੋਂ ਬਾਣੀ ਦੇ ਕਿਸੇ ਵਾਕ ਦੀ ਅਵਾਜ਼ ਵੀ ਸਾਫ਼ ਸੁਣੀਂਦੀ ਸੀ। ਗੱਲ ਕੀ, ਉਹ ਪੂਰਨ ਸਤੋਗਣ ਦਾ ਐਸਾ ਰੂਪ ਧਾਰੀ ਬੈਠੇ ਸਨ ਕਿ ਵਿਸ਼ਸਟ ਜੀ ਨੇ ਸਤਿਜੁਗ ਜਾਂ ਤ੍ਰੇਤਾ ਵਿੱਚ ਓਦੋਂ ਧਾਰਿਆ ਹੋਣਾ ਹੈ ਜਦੋਂ ਵਿਸ਼੍ਵਾਮਿਤ੍ਰ ਉਹਨਾਂ ਦੇ ਸੌ ਪੁੱਤਰ ਕਤਲ ਕਰਨ ਵਿੱਚ ਰੁੱਝਾ ਹੋਇਆ ਸੀ।

ਭਾਈ ਸਾਹਿਬ ਨੇ ਕ੍ਰੋਧ ਤੋਂ ਬਿਨਾਂ, ਪਰ ਬੜੀ ਸੰਜੀਦਗੀ

ਨਾਲ, ਤਿੰਨ ਵੇਰ ਲਾਂਗਰੀਆਂ ਨੂੰ ਸੰਬੋਧਨ ਕਰ ਕੇ ਪੁੱਛਿਆ, "ਦੱਸੋ! ਦੁੱਧ ਵਿਚ ਕੀ ਰਲਾ ਕੇ ਲਿਆਏ ਹੋ? ਉਹਨਾਂ ਦੋਹਾਂ ਨੇ ਤਿੰਨ ਵੇਰ ਉਤਰ ਦਿੱਤਾ, ਜੀ, ਅਸਾਂ ਕੁੱਝ ਨਹੀਂ ਰਲਾਇਆ, ਸਾਨੂੰ ਕੁੱਝ ਪਤਾ ਨਹੀਂ, ਅਸੀਂ ਨਿਰਦੋਸ਼ ਹਾਂ। ਤਿੰਨ ਵੇਰ ਏਦਾਂ ਪੁੱਛਣ ਮਗਰੋਂ ਭਾਈ ਸਾਹਿਬ ਨੇ ਅਤਿ ਤੇਜਸ੍ਵੀ ਗੰਭੀਰਤਾ ਨਾਲ ਰੂਲ ਨੂੰ ਇਧਰ ਉਧਰ ਘੁਮਾਇਆ ਤੇ ਫਿਰ ਗਰਜ ਕੇ ਕਿਹਾ, 'ਸਿੰਘੋ, ਸੱਚ ਸੱਚ ਦੱਸੋ। ਦੁੱਧ ਵਿੱਚ ਕੀ ਰਲਾਇਆ ਜੇ? ਤੁਸਾਂ ਗੁਰੂ ਕੇ ਸਿੰਘ ਹੋ ਕੇ ਘੋਰ ਪਾਪ ਕੀਤਾ ਹੈ, ਬੜਾ ਕਹਿਰ ਵਰਤਾਇਆ ਹੈ, ਵਾਹਿਗੁਰੂ! ਹੱਥ ਅੱਗੇ ਕਰੋ।

ਬਸ, ਫਿਰ ਕੀ ਸੀ। ਲਾਂਗਰੀ ਹੱਥ ਅੱਗੇ ਕਰਦੇ ਗਏ, ਤੇ ਭਾਈ ਸਾਹਿਬ ਉਚੀ ਉਚੀ ਅਵਾਜ਼ ਵਿੱਚ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹੋਏ, ਵੱਧ ਤੋਂ ਵੱਧ ਜ਼ੋਰ ਨਾਲ ਉਹਨਾਂ ਦੋਹਾਂ ਦਿਆਂ ਹੱਥਾਂ ਪਰ ਵਾਰੋ-ਵੱਟੀ ਰੂਲ ਮਾਰਦੇ ਗਏ। ਜਦ ਦੋਹਾਂ ਨੂੰ ਸਤ ਸਤ ਰੂਲ ਪੈ ਚੁਕੇ ਅਰ ਦੋਹਾਂ ਦੀਆਂ ਕੰਨਾਂ ਵਿੱਚ ਸਤ ਸਤ ਵੇਰ, ਇੱਕ ਮਹਾਂ ਪੁਰਖ਼ ਦੇ ਮੂੰਹ ਤੋਂ 'ਵਾਹਿਗੁਰੂ' ਸ਼ਬਦ ਦੀ ਧ੍ਵਨੀ ਪੈ ਚੁਕੀ, ਤਾਂ ਉਹ ਵੀ ਅਚਨਚੇਤ ਉਚੀ ਉਚੀ ਵਾਹਿਗੁਰੂ, ਵਾਹਿਗੁਰੂ ਕਹਿਣ ਲਗ ਪਏ।

ਇਉਂ ਉਹਨਾਂ ਦੇ ਵਾਹਿਗੁਰੂ ਵਾਹਿਗੁਰੂ ਕਹਿਣ ਦੀ ਦੇਰ ਸੀ ਕਿ ਭਾਈ ਸਾਹਿਬ ਨੇ ਝਟ ਰੂਲ ਨੂੰ ਮੇਜ਼ ਤੇ ਰੱਖ ਦਿੱਤਾ, ਅਰ ਹੱਥ ਜੋੜ ਕੇ ਲਾਂਗਰੀਆਂ ਦੇ ਸਾਹਮਣੇ ਖੜੇ ਹੋ ਗਏ, ਅਰ ਬੜੀ ਉਚੀ ਅਵਾਜ਼ ਵਿੱਚ ਕਿਹਾ, ਸਿੰਘੋ, ਬਿਲਕੁਲ ਸੱਚ ਸੱਚ ਦਸ ਦਿਓ! ਹੁਣੇ, ਇਸ ਪਲ ਛਿਨ ਵਿੱਚ ਸਤਿਗੁਰੂ, ਤੁਹਾਡਾ ਗੁਨਾਹ ਬਖਸ਼ਣ ਲਈ ਹਾਜ਼ਰ ਹਜ਼ੂਰ ਹਨ, ਭਾਈ ਸਾਹਿਬ ਇਹ ਸ਼ਬਦ ਕਹਿ ਹੀ ਰਹੇ ਸਨ ਕਿ ਲਾਂਗਰੀ ਭੁੱਬਾਂ ਮਾਰ ਕੇ ਰੋ ਪਏ ਅਰ ਮਹਾਂ ਪੁਰਖ ਦੇ ਚਰਨਾਂ ਤੇ ਡਿਗ ਪਏ, ਤੇ ਕਹਿਣ ਲੱਗੇ, "ਮਹਾਰਾਜ, ਸਾਨੂੰ ਬਖ਼ਸ਼ੋ, ਸਾਨੂੰ ਬਖ਼ਸ਼ੋ, ਅਸੀਂ ਬੜੇ ਨੀਚ ਹਾਂ, ਮਹਾਂ ਨੀਚ ਹਾਂ। ਅਸਾਂ ਦੁੱਧ ਵਿੱਚ ਟੋਇਆਂ ਤੇ ਛਪੜਾਂ ਦਾ ਪਾਣੀ ਰਲਾਇਆ ਸੀ। ਸਾਨੂੰ ਬਖ਼ਸ਼ੋ, ਮਹਾਰਾਜ, ਸਾਨੂੰ ਬਖ਼ਸ਼ੋ।" ਉਹ ਇਹ ਕਹਿ ਹੀ ਰਹੇ ਸਨ ਕਿ ਸੰਤ ਭਾਈ ਰਣਧੀਰ ਸਿੰਘ ਜੀ ਨੇ, ਜੋ ਪਹਿਲਾਂ ਹੀ ਹੱਥ ਜੋੜੀ ਖੜੇ ਸਨ, ਪੈਰਾਂ ਤੋਂ ਜੋੜੇ ਲਾਹ ਦਿੱਤੇ ਤੇ ਬੜੀ ਸੁਰੀਲੀ ਅਵਾਜ਼ ਨਾਲ ਇਸ ਸਾਰੇ ਸ਼ਬਦ ਦਾ ਪਾਠ ਕੀਤਾ -

*ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥*
*ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥*
*ਤੂੰ ਮੇਰਾ ਰਾਖਾ ਸਭਨੀ ਥਾਈ*
*ਤਾ ਭਉ ਕੇਹਾ ਕਾੜਾ ਜੀਉ॥੧॥*
*ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥*
*ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥*
*ਤੁਝ ਬਿਨੁ ਦੂਜਾ ਅਵਰੁ ਨ ਕੋਈ*
*ਸਭੁ ਤੇਰਾ ਖੇਲੁ ਅਖਾੜਾ ਜੀਉ॥੨॥*
*ਜੀਅ ਜੰਤ ਸਭਿ ਤੁਧੁ ਉਪਾਏ॥*
*ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥*
*ਸਭ ਕਿਛੁ ਕੀਤਾ ਤੇਰਾ ਹੋਵੈ*
*ਨਾਹੀ ਕਿਛੁ ਅਸਾੜਾ ਜੀਉ॥੩॥*
*ਨਾਮੁ ਧਿਆਇ ਮਹਾ ਸੁਖੁ ਪਾਇਆ॥*
*ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥*
*ਗੁਰਿ ਪੂਰੈ ਵਜੀ ਵਾਧਾਈ*
*ਨਾਨਕ ਜਿਤਾ ਬਿਖਾੜਾ ਜੀਉ॥੪॥ ਅੰਗ - ੧੦੩*

ਇਸ ਦੀ ਸਮਾਪਤੀ ਪਰ ਆਪ ਨੇ ਦੱਸਾਂ ਪਾਤਿਸ਼ਾਹੀਆਂ ਦਾ ਅਰਦਾਸਾ ਸੋਧਿਆ, ਅਰ ਅੰਤ ਵਿੱਚ ਕਿਹਾ, ਕਿਰਪਾ ਨਿਧਾਨ, ਆਪ ਦੇ ਸੇਵਾਦਾਰਾਂ ਤੋਂ ਬੜੀ ਉਗ੍ਰ ਖ਼ਤਾ ਹੋਈ ਹੈ, ਏਹਨਾਂ ਨੂੰ ਬਖ਼ਸ਼ੋ। ਹੇ ਭਲਿਆਂ ਤੇ ਬੁਰਿਆਂ ਦੋਹਾਂ ਦੀ ਪੀੜ ਵਾਲੇ ਸਤਿਗੁਰੂ, ਜਿਹੜੇ ਬੱਚੇ ਐਸ ਵੇਲੇ ਅਤਿ ਖ਼ਤਰਨਾਕ ਹਾਲਤ ਵਿੱਚ ਮੰਜੀਆਂ 'ਤੇ ਪਏ ਹਨ ਉਹਨਾਂ ਨੂੰ ਪੂਰਨ ਸਾਵਧਾਨ ਕਰੋ ਤੇ ਹੇ ਸਭ ਦੀ ਲਾਜ ਰੱਖਣ ਵਾਲੇ ਸਤਿਗੁਰੂ, ਮੇਰੀ ਲਾਜ ਰੱਖੋ, ਮੇਰੇ ਸਿਰ ਬੜੀ ਜ਼ਿੰਮੇਵਾਰੀ ਹੈ। ਇਸ ਜੰਗਲ ਵਿੱਚ, ਇਸ ਵੇਲੇ ਨਾ ਕੋਈ ਡਾਕਟਰ ਹੈ, ਨਾ ਕੋਈ ਹਕੀਮ ਹੈ, ਨਾ ਕੋਈ ਵੈਦ ਹੈ, ਨਾ ਕੋਈ ਸਿਆਣਾ ਹੈ!

ਇਸ ਤੋਂ ਉਪਰੰਤ ਉਹ ਆਪ ਹੀ ਨੰਗੇ ਪੈਰੀਂ ਦੌੜੇ ਗਏ ਤੇ ਛੇਤੀ ਛੇਤੀ ਇੱਕ ਪਾਤ੍ਰ ਵਿੱਚ ਖੂਹ ਤੋਂ ਜਲ ਲਿਆਏ। ਇਸ ਨੂੰ ਮੇਜ਼ ਤੇ ਰੱਖ ਕੇ ਉਨ੍ਹਾਂ ਨੇ ਪੰਜ ਵੇਰ ਮੂਲ ਮੰਤ੍ਰ ਦਾ ਪਾਠ ਕੀਤਾ, ਫਿਰ ਜਪੁਜੀ ਦੀਆਂ ਪੰਜ ਪਹਿਲੀਆਂ ਤੇ ਪੰਜ ਪਿਛਲੀਆਂ ਪਉੜੀਆਂ ਦਾ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ, ਜਾਪ ਸਾਹਿਬ ਦੇ ਆਰੰਭਿਕ ਤੇ ਅੰਤਿਮ ਛੰਦਾਂ ਦਾ, ਅਰ ਅੰਤ ਵਿਚ ਸੁਧਾ ਸਵੈਯਾਂ ਦਾ ਪਾਠ ਕਰ ਕੇ, ਫਿਰ ਪੰਘਨਕੇਵਲ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਜਿੱਥੇ ਜਿੱਥੇ ਲੜਕੇ ਬਿਮਾਰ ਪਏ ਸਨ ਓਧਰ ਤੁਰ ਪਏ। ਸਾਰੀ ਬਹੁ-ਰੰਗੀ ਭੀੜ ਵੀ ਪਿੱਛੇ ਸੀ ਤੇ ਮੈਂ ਅੱਗੇ ਅੱਗੇ ਉਹਨਾਂ ਦੇ ਨਾਲ ਸਾਂ। ਸਾਰੇ ਇੱਕ-ਮਨ ਇੱਕ-ਚਿਤ, ਵਾਹਿਗੁਰੂ ਵਾਹਿਗੁਰੂ ਉਚਾਰਨ ਕਰ ਰਹੇ ਸਨ। ਜਿਉਂ ਹੀ ਪਹਿਲਾ ਬਿਮਾਰ ਦ੍ਰਿਸ਼ਟੀ ਪਿਆ, ਉਹਨਾਂ ਨੇ ਉਹਦੇ ਨਾਲ ਅੱਖਾਂ ਮਿਲਾ ਕੇ, ਉਸ ਤੋਂ ਵਾਹਿਗੁਰੂ ਅਖਵਾਇਆ ਤੇ ਆਪਣੇ ਕਰ-ਕਮਲਾਂ ਨਾਲ ਉਸ ਦੇ ਮੂੰਹ ਵਿੱਚ ਜਲ ਪਾਇਆ ਤੇ ਕਿਹਾ, ਸਿੰਘ ਜੀ! ਸਾਵਧਾਨ ਹੋ ਜਾਓ, ਉਠ ਬੈਠੋ ਉਹ ਤਤਕਾਲ ਉਠ ਬੈਠਾ ਤੇ ਖੜਾ ਹੋ ਗਿਆ। ਇਕੁਰ ਹੀ ਸਾਰਿਆਂ ਨੂੰ ਸਾਵਧਾਨ ਕੀਤਾ।

ਬੋਲੋ ਜੀ ਵਾਹਿਗੁਰੂ! ਮੈਂ ਇਸ ਕੌਤਕ ਦਾ ਆਪ ਸਾਖੀ ਹਾਂ, ਤੇ ਸੋਲ੍ਹਾਂ ਆਨੇ ਇਸ ਦੀ ਸਚਾਈ ਦੀ ਸਾਖ ਭਰਦਾ ਹਾਂ। ਇਹ ਹੈ ਪੂਰਨ ਸਤੋਗੁਣ ਦਾ ਈਸ਼੍ਵਰੀ ਪ੍ਰਭਾਵ (ਖ਼ਾਲਸਾ ਐਡਵੋਕੇਟ, ੧੧ਮਈ ੧੯੬੪)

# ਪੂਰਨ ਗੁਰਸਿੱਖ
# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*[ਪ੍ਰੋਫੈਸਰ ਬਲਬੀਰ ਸਿੰਘ]*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਧੁਨਿਕ ਯੁੱਗ ਦੇ ਮਹਾਨ ਰਹੱਸ ਵਾਦੀ, ਸੰਤ, ਕਵੀ ਅਤੇ ਦੇਸ਼-ਭਗਤ ਹੋਣ ਤੋਂ ਉਪਰੰਤ ਗੁਰਮਤਿ ਦੇ ਗਿਆਤਾ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਤਾ ਸਨ। ਆਪ ਦਾ ਜੀਵਨ ਕਦਮ ਕਦਮ 'ਤੇ ਹਾਦਸਿਆਂ ਭਰਪੂਰ ਅਤੇ ਆਪ ਦੀ ਸ਼ਖਸ਼ੀਅਤ ਰੱਬੀ ਕੌਤਕਾਂ ਅਤੇ ਰੂਹਾਨੀ ਚਮਤਕਾਰਾਂ ਨਾਲ ਰੰਗੀ ਹੋਈ ਹੈ। ਆਪ ਨੇ ਦੇਸ਼ ਦੀ ਸੁੰਤਤਰਤਾ-ਲਹਿਰ ਵਿਚ ਅਕਹਿ ਤਸੀਹੇ ਸਹਿ ਕੇ ਉਮਰ-ਕੈਦ ਭੋਗੀ, ਨਾਮ-ਅਭਿਆਸ ਦੀ ਬੇ-ਮਿਸਾਲ ਕਮਾਈ ਕੀਤੀ ਅਤੇ ਦੋ ਦਰਜਨ ਦੇ ਲਗ ਪਗ ਪੰਜਾਬੀ ਪੁਸਤਕਾਂ ਲਿਖੀਆਂ। ਪਰ ਅਫ਼ਸੋਸ ਦੀ ਗੱਲ ਹੈ ਕਿ ਨਾ ਦੇਸ਼ ਦੇ ਲੀਡਰ ਅਤੇ ਨਾ ਹੀ ਦੇਸ਼ ਦੇ ਸਹਿਤਕਾਰ, ਅਜੇ ਤਕ ਇਸ ਬਹੁ-ਪੱਖੀ ਪ੍ਰਤਿਭਾ ਦਾ ਸਹੀ ਮੁਲ-ਅੰਕਣ ਕਰ ਸਕੇ ਹਨ। ਦੇਸ਼ ਦੇ ਆਜ਼ਾਦ ਹੋਣ ਤੋਂ ਪਿਛੋਂ ਸੁੰਤਤਰਤਾ-ਲਹਿਰ ਬਾਰੇ ਕੁਝ ਪੁਸਤਕਾਂ ਛਪੀਆਂ ਹਨ, ਪਰ ਆਮ ਕਰਕੇ ਉਹ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਇਤਿਹਾਸ ਬਣ ਕੇ ਰਹਿ ਗਈਆਂ ਹਨ ਸੰਤ ਰਣਧੀਰ ਸਿੰਘ ਵਰਗੇ ਦੇਸ਼-ਭਗਤ ਬਾਰੇ ਉਹ ਚੁੱਪ ਹਨ। ਇਸੇ ਤਰ੍ਹਾਂ ਪੰਜਾਬੀ ਸਾਹਿਤ ਦੀ ਖੋਜ ਪੜਤਾਲ ਕਰਨ ਵਾਲੇ ਵਿਦਵਾਨ ਭੀ ਭਾਈ ਸਾਹਿਬ ਦੀ ਨਜ਼ਮ ਅਤੇ ਨਸਰ ਬਾਰੇ ਮੋਨ ਧਾਰੀ ਬੈਠੇ ਹਨ। ਸੋ ਇਸ ਲੇਖ ਦਾ ਮੰਤਵ ਭਾਈ ਸਾਹਿਬ ਦੇ ਵਿਸ਼ਾਲ ਕਲਾ-ਭਵਨ ਵਿਚੋਂ ਕੁਝ ਇਕ ਤਸਵੀਰਾਂ ਪੇਸ਼ ਕਰਨਾ ਹੈ। ਤਸਵੀਰਾਂ ਇਸ ਲਈ, ਕਿ ਰਚਨਾਵਾਂ ਦੀ ਅੰਤਰ-ਆਤਮਾ ਤਕ ਮੇਰੀ ਪਹੁੰਚ ਨਹੀਂ। ਜਿਨ੍ਹਾਂ ਨੂੰ ਨਾਮ-ਅਭਿਆਸ-ਕਮਾਈ ਦੁਆਰਾ ਰਹੱਸਵਾਦੀ ਅਨੁਭਵ ਹੋਇਆ ਹੈ, ਉਹ ਇਹਨਾਂ ਅੱਖਰਾਂ ਦੀਆਂ ਤਸਵੀਰਾਂ ਵਿਚੋਂ ਭਾਈ ਸਾਹਿਬ ਦੀ ਆਤਮਾ ਦੇ ਦਰਸ਼ਨ ਕਰ ਸਕਣਗੇ।

ਭਾਈ ਸਾਹਿਬ ਦੀ ਵਾਰਤਕ ਦਾ ਮੂਲ-ਵਿਸ਼ਾ ਗੁਰਮਤਿ ਅਤੇ ਗੁਰਬਾਣੀ ਦੀ ਵਿਆਖਿਆ ਹੈ। ਸਰਲਤਾ, ਸਪੱਸ਼ਟਤਾ ਅਤੇ ਸ਼ੁਧਤਾ ਇਸ ਵਿਆਖਿਆ ਦੇ ਮੁਖ ਗੁਣ ਹਨ। ਗੁਰਬਾਣੀ ਦੇ ਭਾਵਾਂ ਨਾਲ ਲੇਖਕ ਦੀ ਆਤਮਾ ਹਲੂਲ ਹੋਣ ਕਰਕੇ, ਵਿਚਾਰਾਂ ਵਿਚ ਅਕਲੀ-ਧੁੰਦ ਕਿਤੇ ਨਹੀਂ। ਇਹ ਵਾਰਤਕ ਤਰਕਵਾਦੀ ਫ਼ਿਲਾਸਫ਼ਰਾਂ ਦੀਆਂ ਉਕਤੀਆਂ-ਯੁਕਤੀਆਂ ਜਾਂ ਮੰਤਕਾਂ ਭਰੀ ਅਣ-ਕਮਾਈ ਫ਼ਿਲਾਸਫ਼ੀ ਨਹੀਂ। ਇਸ ਦੇ ਹਰ ਵਾਕ ਵਿਚ ਸ੍ਵੈ-ਅਨੁਭਵ ਦਾ ਪ੍ਰਕਾਸ਼ ਹੈ। ਇਸੇ ਕਰਕੇ ਇਸ ਦੀ ਸ਼ੈਲੀ ਉਤੇ ਭਾਈ ਸਾਹਿਬ ਦੀ ਸ਼ਖ਼ਸੀਅਤ ਦੀ ਅਮਿੱਟ ਮੁਹਰ ਲੱਗ ਗਈ ਹੈ। ਕਈ ਥਾਈਂ, ਖ਼ਾਸ ਕਰਕੇ 'ਜੇਲ੍ਹ ਚਿੱਠੀਆਂ' (ਪਹਿਲਾ ਭਾਗ) ਅਤੇ 'ਚਰਨ ਕੰਵਲ ਕੀ ਮਉਜ' ਵਿਚ ਆਪ ਦੀ ਨਸਰ ਵਿਚੋਂ ਨਜ਼ਮ ਦੀ ਤਾਲ ਸੁਣਾਈ ਦਿੰਦਾ ਹੈ। ਪ੍ਰੋ. ਪੂਰਨ ਸਿੰਘ (ਕਰਤਾ ਖੁਲ੍ਹੇ ਲੇਖ) ਤੋਂ ਪਿਛੋਂ ਅਰੁਕਵੇਂ ਵੇਗ ਵਿਚ ਅੱਖਰਾਂ ਦੇ ਦਰਿਆ ਭਾਈ ਸਾਹਿਬ ਤੋਂ ਬਿਨਾਂ ਹੋਰ ਕਿਸੇ ਨਹੀਂ ਵਗਾਏ। ਸਮੁੰਦਰ ਜੇਡਾ ਵਿਸ਼ਾਲ ਅਨੁਭਵ, ਤੂਫ਼ਾਨੀ ਨਦੀਆਂ ਵਰਗੀ ਰਵਾਨੀ, ਜਿਸ ਵਿਚ ਨਿੱਕੇ ਵੱਡੇ ਅਣਗਿਣਤ ਨਵੇਂ ਪੁਰਾਣੇ ਸ਼ਬਦ, ਛਿੱਲੇ ਅਣਛਿੱਲੇ, ਖਰ੍ਹਵੇ ਤੇ ਮੁਲਾਇਮ ਪੱਥਰਾਂ ਵਾਂਗ, ਸਰ-ਸਰ ਸੁਰ ਸੁਰ ਕਰਦੇ ਭਾਵਾਂ ਦੀਆਂ ਤੂਫਾਨੀ ਲਹਿਰਾਂ ਦੇ ਥਪੇੜੇ ਖਾਂਦੇ ਅਨੰਤ-ਚਾਲ ਰੁੜ੍ਹਦੇ ਰੁੜ੍ਹਦੇ ਜਾ ਰਹੇ ਹਨ। ਕੁਝ ਲਹਿਰਾਂ ਦਾ ਵਹਾਉ ਇਸ ਤਰ੍ਹਾਂ ਹੈ -

੧. ਮੈਨੂੰ ਨਾਮ ਜਪਣ ਦਾ ਕੋਈ ਥਹੁ ਪਤਾ ਨਹੀਂ, ਨਾ ਕੋਈ ਨਾਮ ਅਭਿਆਸ ਦੀ ਜੁਗਤੀ ਆਉਂਦੀ ਹੈ ਤੇ ਨਾ ਹੀ ਸੁਆਸ ਹਿਠਾਹਾਂ, ਉਤਾਹਾਂ, ਉਤਾਰਨ ਦੀ ਮੈਂ ਕਿਤੋਂ ਸੰਥਿਆ ਸਿੱਖੀ ਹੈ। ਮੈਨੂੰ ਕੇਵਲ ਪਤੀ-ਪ੍ਰਮਾਤਮਾ ਦੀ ਪ੍ਰਾਪਤੀ ਵਾਲੀ ਲਿੱਲ ਲਗੀ ਹੋਈ ਹੈ। ਇਹ ਪ੍ਰੇਮ-ਭਿੰਨੀ ਲਿੱਲ ਯਾ ਪ੍ਰੇਮ-ਪਲੀਤਾ ਹੈ ਜੋ ਮੇਰੀ ਹਿਚਕਦੀ, ਹਟਕਦੀ ਤੇ ਡਸਕੋਰੇ ਖਾਂਦੀ ਬ੍ਰਿਤੀ ਨੂੰ ਚਾਬਕ ਮਾਰ ਮਾਰ ਕੇ ਚੜ੍ਹਦੀ ਕਲਾ ਵਲ ਸਿੱਧੇ ਤੋਰੀ ਜਾਣ ਲਈ ਸਹਾਇਕ ਬਣੀ ਹੈ। (ਜੇਲ੍ਹ-ਚਿੱਠੀਆਂ-ਪਹਿਲਾ ਭਾਗ)

੨. ਮੈਂ ਸਿੱਧਾ-ਸਤੋਰ ਨਿੱਸਲ ਹੋ ਕੇ ਲੰਮਾ ਪੈ ਗਿਆ,

ਪਰ ਜਿਹਬਾ ਕਰਕੇ ਜਾਪ ਉਵੇਂ ਜਿਵੇਂ ਹੀ ਹੋ ਰਿਹਾ ਸੀ ਤੇ ਹੱਥ ਉਚਾ ਕਰ ਕੇ ਮਾਲਾ ਦਾ ਅਖੰਡ ਚੱਕਰ ਉਸ ਤੋਂ ਭੀ ਅਧਿਕ ਚਲ ਰਿਹਾ ਸੀ। ਹੋਰ ਸਭ ਕਾਰ ਤਾਂ ਉਵੇਂ ਕਿਵੇਂ ਚਲ ਰਹੀ ਸੀ, ਬ੍ਰਿਤੀ ਵਿਚ ਭੀ ਰੰਚਕ ਮਾਤ੍ਰ ਘਾਟਾ ਨਹੀਂ ਸੀ। ਕੇਵਲ ਆਸਾਂ ਤੇ ਉਤਸ਼ਾਹਾਂ ਦਾ ਫੁਰਨਾ ਨਹੀਂ ਸੀ। ਇਸ ਨਿਰਾਸਤਾ ਵਾਲੀ ਕੌਂਸਲ ਪਰ ਸਾਵਧਾਨਤਾ ਦੀ ਹਾਲਤ ਵਿਚ ਥੋੜੇ ਹੀ ਚੱਕਰ ਫਿਰੇ ਹੋਣਗੇ ਕਿ ਚਾਣਚੱਕ ਅਚਿੰਤਾ ਹੀ ਮੇਰੇ ਘਟ ਅੰਦਰ ਜੋਤ ਦਾ ਪ੍ਰਕਾਸ਼ ਆਣ ਲਿਸ਼ਕਿਆ। ਜਦੋਂ ਹੀ ਮੈਂ ਆਪਣੇ ਅੰਦਰ ਠੰਢਾ-ਠਾਰ ਚਾਨਣਾ ਝਲਕਦਾ, ਡਲ੍ਹਕਦਾ ਪੇਖਿਆ ਤੇ ਸਾਂਗੋ ਪਾਂਗ ਪੇਖਿਆ ਤਾਂ ਮੈਥੋਂ ਝਾਲ ਝੱਲੀ"ਨਾ ਗਈ। ਮੇਰੀਆਂ ਕਿਲਕਾਰੀਆਂ, ਮੇਰੀਆਂ ਚੀਕਾਂ ਨਿਕਲ ਚੱਲੀਆਂ, ਮੈਂ ਹੌਲਾ ਫੁੱਲ ਵਰਗਾ ਹੋ ਗਿਆ। ਅਚਰਜ ਸੁਆਦ-ਦਾਰ ਅਕਹਿ ਅਸਹਿ ਮਿਠਾਸ ਦੀ ਦਮਕ ਵਾਲਾ ਪ੍ਰਕਾਸ਼ ਜੋਤ ਸਰੂਪੀ ਝਿਲਮਕਾਰ ਜਦ ਮੈਂ ਦੂਜੀ ਵਾਰ ਝਾਤੀ ਮਾਰ ਕੇ ਅੰਤਰ ਬਾਹਰ ਸਾਰੀ ਕੋਠੀ ਦੇ ਅੰਦਰ ਪਸਰਿਆ ਹੋਇਆ ਦੇਖਿਆਂ, ਮੇਰੀਆਂ ਅੱਖਾਂ ਮਿਚ ਗਈਆਂ। ਜਿਉਂ ਉਭੜਿਆ ਉਭੜ ਕੇ ਛੱਤ ਨਾਲ ਜਾ ਲਗਿਆ, ਮੇਰੇ ਹੱਥ ਜੁੜ ਗਏ। ਬੇਨਤੀ ਕੀਤੀ, ਸਚੇ ਪਾਤਸ਼ਾਹ ਏਸ ਅਜਰ ਨੂੰ ਆਪੇ ਹੀ ਜਰਾ, ਮੈਥੋਂ ਜਰਿਆ ਨਹੀਂ ਜਾਂਦਾ। ਇਕ ਅੱਖ ਦੇ ਫੋਰ ਵਿਚ ਮੈਂ ਫ਼ਰਸ਼ 'ਤੇ ਆਣ ਟਿਕਿਆ। ਇਕ ਫੁੱਲ ਦੀ ਸੱਟ ਫੇਟ ਨਹੀਂ ਲਗੀ। ਝੂਲਣੇ 'ਤੇ ਝੂਲਦਾ ਹੀ ਉਪਰ ਜਾ ਚੜ੍ਹਿਆ ਸੀ ਅਤੇ ਹਿਲੋਰਿਆਂ ਦੀ ਬੁੱਕਲ-ਲੋਰੀ ਵਿਚ ਹੇਠ ਆਣ ਉਤਰਿਆ। (ਜੇਲ੍ਹ-ਚਿੱਠੀਆਂ ਪਹਿਲਾ ਭਾਗ)

੩. ਇਸ ਗੁਪਤ ਜੋਤਿ-ਚਿੰਗਾੜੀ ਨਾਮ ਪਾਰਸ ਲਈ ਨਾਲ ਸਪਰਸ਼ ਹੋਈ ਸੁਆਸ ਅਭਿਆਸੀ ਸਿਮਰਨ ਕਲਾ ਦੀ ਧਉਂਕਣੀ ਨਾ-ਸਿਰਫ਼ ਉਰਧ ਕੰਵਲ ਨੂੰ ਸ਼ਗੁਫ਼ਤ ਕਰਾਉਂਦੀ ਹੈ ਬਲਕਿ ਨਾਭ-ਕੰਵਲ ਕੋਠੜੀ ਅੰਦਰਿ ਜੋਤਿ ਪ੍ਰਚੰਡੀ ਉਜਿਆਰਾ ਕਰ ਦੇਣ ਨੂੰ ਭੀ ਸਮਰਥ ਹੈ। 'ਊਧ ਕਵਲ ਬਿਗਸਾਂਤ' ਦੇ ਮੁਅਜਜ਼ੇ ਵਰਤਣ ਪਸਚਾਤ ਚਰਨ ਕੰਵਲ ਮੌਜਾਰੀ ਨਾਮ ਸਿਮਰਨ ਅਭਿਆਸੀ ਜਨ ਨੂੰ 'ਪ੍ਰਗਟ ਭਏ ਆਪਹਿ ਗੋਬਿੰਦ' ਵਾਲਾ ਸ਼ਾਕਸਾਤ-ਕਾਰੀ ਚਮਤਕਾਰ ਹੋ ਜਾਂਦਾ ਹੈ। ਪਿਰੀ ਪ੍ਰੀਤਮ ਗੋਬਿੰਦ ਜੋਤੀ ਸਰੂਪ ਦਾ ਭੀ ਸਮੁੱਚਾ ਦਰਸ਼ਨ ਹੋ ਜਾਂਦਾ ਹੈ। (ਚਰਨ ਕਮਲ ਕੀ ਮਉਜ ਵਿਚੋਂ)

੪. ਚਰਨ ਕੰਵਲਾਂ ਦੀ ਧੂੜੀ, ਅਮਿਉ ਰਸਾਇਣੀ ਧੂੜੀ, ਪਾਰਸ ਕੀਮੀਆ ਜੌਹਰਾਣੀ ਧੂਨੀ ਵਿਚ ਮਜਨ ਕੀਤਿਆਂ, ਮੰਜਨ ਸੁਧਾਸਰ ਸਮੱਜਨ ਕੀਤਿਆਂ, ਏਹ ਪੰਜ ਭੂਤਕ ਦੇਹੀ ਅਤਿਅੰਤ ਮਨੋਹਰ ਸੁੰਦਰਤਾ ਤੇ ਪਰਮ ਪੁਨੀਤ ਤੇਜ ਭਾਨ ਜਲਵਤਾ ਵਾਲੀ ਅਤੇ ਇਥੇਰੀਅਲ ਸੁਖਮਤਾ ਵਾਲੀ ਦਿਬ ਦੇਹੀ ਹੋ ਜਾਂਦੀ ਹੈ।

ਭਾਈ ਸਾਹਿਬ ਦੀਆਂ ਸਭ ਪੁਸਤਕਾਂ ਵਿਚ ਇਹੋ ਜਿਹੇ ਸੈਂਕੜੇ ਜੋਤਿ ਵਿਗਾਸੀ ਭੇਤ ਬੰਦ ਹਨ ਪਰ ਜਿਵੇਂ ਪਿੱਛੇ ਦਸਿਆ ਜਾ ਚੁਕਾ ਹੈ, ਆਪ ਦੀਆਂ ਰਮਜ਼ਾਂ ਨੂੰ ਕੇਵਲ ਨਾਮ ਦੇ ਰਸੀਏ ਅਤੇ ਰੂਹਾਨੀ ਮੰਡਲਾਂ ਵਿਚ ਵਿਚਰਨ ਵਾਲੇ ਹੀ ਸਮਝ ਸਕਦੇ ਹਨ। ਭਾਈ ਸਾਹਿਬ ਦੀਆਂ 'ਜੇਲ੍ਹ ਚਿੱਠੀਆਂ' (ਸ੍ਵੈ ਜੀਵਨੀ) ਉਹਨਾਂ ਦੀ ਸ਼ਖਸੀਅਤ ਅਤੇ ਰਚਨਾ ਨੂੰ ਸਮਝਣ ਲਈ ਸਹਾਇਤਾ ਕਰਦੀਆਂ ਹਨ। 'ਗੁਰਮਤਿ ਨਾਮ ਅਭਿਆਸ ਕਮਾਈ' 'ਗੁਰਮਤਿ ਸੱਚ ਨਿਰਣੇ', 'ਗੁਰਮਤਿ ਬਿਬੇਕ' ਅਤੇ 'ਕਰਮ ਫ਼ਿਲਾਸਫ਼ੀ' ਆਦਿਕ ਪੁਸਤਕਾਂ ਦੀ ਵਾਰਤਕ ਭੀ ਬਹੁਤ ਸਰਲ ਅਤੇ ਸਪਸ਼ਟ ਹੈ, ਫੇਰ ਭੀ ਪਾਠਕ ਓਦੋਂ ਤਕ ਭਾਈ ਸਾਹਿਬ ਦੇ ਵਿਚਾਰਾਂ ਦੀ ਥਾਹ ਨਹੀਂ ਪਾ ਸਕਦਾ, ਜਦੋਂ ਤਕ ਉਸ ਦਾ ਜੀਵਨ ਭਾਈ ਸਾਹਿਬ ਵਾਂਗ ਰੱਬੀ-ਰੰਗ ਵਿਚ ਰੰਗਿਆ ਨਾ ਹੋਵੇ।

'ਜੇਲ੍ਹ ਚਿੱਠੀਆਂ' ਦੀ ਵਾਰਤਕ ਵਿਚ ਨਾਵਲ ਵਰਗੀ ਦਿਲਚਸਪੀ ਅਤੇ ਇਤਿਹਾਸ ਵਰਗੀ ਸੱਚਾਈ ਹੈ। ਇਹਨਾਂ ਦੀ ਮਹਾਨਤਾ ਬਹੁ-ਪੱਖੀ ਹੈ; ਇਤਿਹਾਸਕ, ਧਾਰਮਕ ਅਤੇ ਸਹਿਤਕ। ਇਤਿਹਾਸਕ ਪੱਖ ਤੋਂ ਇਹ ਚਿੱਠੀਆਂ ਭਾਰਤ ਦੀ ਸੁੰਤਤਰਤਾ ਲਹਿਰ, ਖ਼ਾਸ ਕਰਕੇ ਗੁਰਦੁਆਰਾ ਸੁਧਾਰ ਲਹਿਰ, ਗਦਰ ਪਾਰਟੀ ਅਤੇ ਹੋਰ ਗਰਮ ਧੜਿਆਂ ਦੇ ਕੁਝ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਦੀ ਵਾਰਤਾ ਪੇਸ਼ ਕਰਦੀਆਂ ਹਨ। ਅੰਗ੍ਰੇਜ਼ ਹਾਕਮਾਂ ਦੀ ਕੁਟਲ ਨੀਤੀ, ਜੇਲ੍ਹ-ਕਰਮਚਾਰੀਆਂ ਦੇ ਜ਼ੁਲਮਾਂ ਅਤੇ ਕੈਦੀਆਂ ਦੇ ਉਹਨਾਂ ਪ੍ਰਤੀ ਹਾਵਾਂ-ਭਾਵਾਂ ਅਤੇ ਪ੍ਰਤੀਕਰਮਾਂ ਨੂੰ, ਡਾਢੇ ਦਿਲਖਿਚਵੇਂ ਢੰਗ ਨਾਲ ਸੁਣਾਇਆ ਗਿਆ ਹੈ। ਕਿਉਂਕਿ ਸਾਰੀ ਵਾਰਤਾ ਭਾਈ ਰਣਧੀਰ ਸਿੰਘ ਜੀ ਦੇ ਦੁਆਲੇ ਘੁੰਮਦੀ ਹੈ, ਆਪ ਇਸ ਜੀਵਨ-ਕਥਾ ਦੇ ਨਾਇਕ ਹਨ। ਵੱਡੀ ਵਡਿਆਈ ਇਸ ਗੱਲ ਵਿਚ ਹੈ ਕਿ 'ਜੇਲ੍ਹ ਚਿੱਠੀਆਂ' ਵਿਚਲਾ ਨਾਇਕ, ਭਾਈ ਵੀਰ ਸਿੰਘ ਜਾਂ ਚਰਨ ਸਿੰਘ ਸ਼ਹੀਦ ਦੇ ਨਾਵਲ-ਨਾਇਕਾਂ ਵਾਂਗ ਕੋਈ ਮਨੋ-ਕਲਪਿਤ ਜਾਂ ਗੁਰਸਿੱਖੀ ਦੇ ਗੌਰਵ-ਕਾਲ ਵਿਚੋਂ ਚੁਣ ਕੇ ਸ਼ਿੰਗਾਰਿਆਂ-ਸੰਵਾਰਿਆਂ ਆਦਰਸ਼ਕ ਵਿਅਕਤੀ ਨਹੀਂ, ਸਗੋਂ ਉਹ ਆਧੁਨਿਕ ਯੁਗ ਦਾ ਜੀਉਂਦਾ-ਜਾਗਦਾ ਅਤੇ ਲੋਕਾਂ ਦਾ ਆਪਣਾ ਪਰਖਿਆ-ਪੜਤਾਲਿਆ ਧਾਰਮਕ ਆਗੂ ਹੈ। 'ਜੇਲ੍ਹ ਚਿਠੀਆਂ' ਦੇ ਤਿੰਨ ਭਾਗ ਹਨ ਅਤੇ ਇਹਨਾਂ ਤਿੰਨਾਂ ਭਾਗਾਂ ਰਾਹੀਂ ਭਾਈ ਸਾਹਿਬ ਦੀ ਸ਼ਖਸੀਅਤ ਦੇ ਵਿਕਾਸ ਦਾ ਪੂਰੀ ਤਰ੍ਹਾਂ ਪਤਾ ਲਗ ਜਾਂਦਾ ਹੈ। ਸਿੱਖੀ ਦੀ ਖੰਨਿਓਂ ਤਿੱਖੀ ਅਤੇ ਵਾਲੋਂ ਨਿੱਕੀ ਧਾਰ ਤੇ ਤੁਰਨ ਵਾਲੇ ਮਹਾਨ ਗੁਰਸਿੱਖ ਦੇ ਨਾਮ ਅਭਿਆਸ, ਰਹਿਤ-ਮਰਯਾਦਾ ਅਤੇ ਦੇਸ਼-ਪਿਆਰ ਦੀਆਂ ਅਦੁੱਤੀ ਝਾਕੀਆਂ ਤੋਂ ਬਿਨਾਂ, ਇਹਨਾਂ ਚਿੱਠੀਆਂ ਵਿਚ ਅਣਵੰਡੇ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ (ਲਾਹੌਰ, ਨਾਗਪੁਰ,

ਮਦਰਾਸ ਆਦਿ) ਦੀਆਂ ਖ਼ੂਨੀ ਦੀਵਾਰਾਂ ਪਿਛੇ ਦੇਸ਼-ਭਗਤਾਂ ਉਤੇ ਹੋਏ ਕਾਲੇ ਜ਼ੁਲਮਾਂ ਦੀਆਂ ਤਸਵੀਰਾਂ ਅੰਕਿਤ ਹਨ।

ਪਹਿਲੇ ਭਾਗ ਵਿਚ ਪੰਜ ਚਿੱਠੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਭਾਈ ਸਾਹਿਬ ਦੇ ਮਨ ਵਿਚ ਨਾਮ ਦੀ ਕੜੀ ਬੇਸ਼ਕ ਪੂਰਬਲੇ ਜਨਮਾਂ ਤੋਂ ਮੌਜੂਦ ਸੀ, ਪਰ ਬੀ. ਏ. ਦੀ ਪੜ੍ਹਾਈ (੧੮੯੯-੧੯੦੦) ਤਕ ਅੰਕੁਰ ਨਹੀਂ ਸੀ ਫੁਟਿਆ ਅਤੇ ਓਦੋਂ ਤੱਕ ਭਾਈ ਸਾਹਿਬ ਦੀ ਮਾਨਸਕ ਅਵਸਥਾ ਇਕ ਸਧਾਰਨ ਗੁਰਸਿਖ ਵਰਗੀ ਸੀ। ਇਕ ਗਲ ਅਸਚਰਜਤਾ ਦੀ ਹੋਂਦ ਦਕ ਅਸਧਾਰਨ ਉਸ ਵਕਤ ਭੀ ਸੀ ਕਿ ਲਾਹੌਰ ਵਰਗੇ ਸ਼ਹਿਰ ਵਿਚ ਕਾਲਜ ਦਾ ਵਿਦਿਆਰਥੀ ਹੁੰਦੇ ਹੋਇਆ, ਨੌਜਵਾਨ ਰਣਧੀਰ ਸਿੰਘ ਨੇ juvenile delinquency (ਅਲ੍ਹੜ ਮੁੰਡਿਆਂ ਵਾਲੀ ਅਨਗਹਿਲੀ) ਨੂੰ ਨੇੜੇ ਨਾ ਫਟਕਣ ਦਿੱਤਾ। ਰੋਗੀ ਵਾਤਾਵਰਨ ਤੋਂ ਅਰੋਗ ਆਤਮਾ ਉਪਰਾਮ ਸੀ। ਭਾਈ ਸਾਹਿਬ ਲਿਖਦੇ ਹਨ।

੫. ਲਾਹੌਰ ਜਾ ਕੇ ਇਕ ਪਾਸੇ ਤਾਂ ਪੜ੍ਹਾਈ ਦੀ ਖੜਕਸ, ਦੂਜੇ ਪਾਸੇ ਕੁਸੰਗ ਦਾ ਬਾਜ਼ਾਰ ਗਰਮ, ਤੀਜੇ ਓਰ ਅਨੇਕ ਮਤਾਂ-ਮਤਾਂਤ੍ਰਾਂ ਦਾ ਗੜ੍ਹ ਮਚਿਆ ਹੋਇਆ। ਪਰ ਇਕ ਮਜ਼ਹਬੀ ਮਜਲਿਸ ਵਿਚ ਜਾਣ ਦਾ ਭੁਸ ਪੈ ਗਿਆ, ਪਰ ਚੁਫੇਰੇ ਖ਼ੁਸ਼ਕੀ ਵਰਤੀ ਹੋਈ ਤੇ ਬਹਿਸ-ਮੁਬਾਹਸੇ ਦਾ ਬਾਜ਼ਾਰ ਗਰਮ ਵੇਖ ਕੇ ਚਿਤ ਨੂੰ ਖਿੱਚ ਕਿਤੇ ਵਲ ਨਾ ਹੋਈ। ਸਾਰੇ ਮਤਾਂ-ਮਤਾਂਤ੍ਰਾਂ ਵਿਚ 'ਸਚ ਕਿਨਾਰੇ ਰਹਿ ਗਿਆ' ਪਰਗਟ ਪਹਾਰੇ ਜਾਪਦਾ ਸੀ ਤੇ ਪ੍ਰੇਮ-ਅੰਤ ਨੂੰ ਪ੍ਰੇਮ ਦਾ ਨਿਸ਼ਾਨਾ ਕਿਤੇ ਨਹੀਂ ਸੀਂ ਸੁਝਦਾ।'' (ਜੇਲ੍ਹ ਚਿੱਠੀਆਂ)

ਸੋ ਪ੍ਰੇਮ-ਅੰਸ ਨੂੰ ਪ੍ਰੇਮੁਨਿਸ਼ਾਨੇ ਦੀ ਲੋਚਾ ਸੀ, ਪਰ ਇਹ ਲੋਚਾ ਅਜੇ ਪੱਕੀ-ਲਗਨ ਜਾਂ ਲਟ ਲਟ ਕਰਦੀ ਇਸ਼ਕ-ਲਾਟ ਵਾਂਗ ਨਹੀਂ ਸੀ ਜਗੀ। ਵੈਰਾਗ ਤਾਂ ਸੀ ਪਰ ਅਜੇ ਤੀਬਰ ਨਹੀਂ ਸੀ ਹੋਇਆ। ਭਾਈ ਸਾਹਿਬ ਨੂੰ ਨਾਮੁ-ਅਭਿਆਸ ਦੀ ਲਗਨ ਸੰਸਾਰਕ ਕਾਮਨਾ ਕਾਰਨ ਲੱਗੀ। ਬੀ.ਏ. ਦੀ ਪ੍ਰੀਖਿਆ ਵਿਚੋਂ ਸਫਲਤਾ ਦੇ ਸੰਕਲਪ ਨੇ, ਆਪ ਦੇ ਪਿਤਾ ਜੀ ਦੇ ਮਨ ਵਿਚ ਨਿਤਨੇਮ ਦਾ ਗੁਟਕਾ ਭੇਜਣ ਦੀ ਪ੍ਰੇਰਨਾ ਕੀਤੀ। ਇਹ ਗੁਟਕਾ ਬਹੁਤ ਕਾਰਗਰ ਸਾਬਤ ਹੋਇਆ। ਸੁਆਰਥ ਵਿਚ ਸਫਲਤਾ ਭੀ ਮਿਲੀ, ਪਰ ਸੁਆਰਥ ਤੋਂ ਉਚੇਰੇ ਪਰਮਾਰਥ ਦੀ ਤੜਪ ਭੀ ਭਾਈ ਸਾਹਿਬ ਨੂੰ ਇਸੇ ਗੁਟਕੇ ਨੇ ਹੀ ਲਗਾਈ। ਆਪ ਨੂੰ ਗੁਰਬਾਣੀ ਦੇ ਪਾਠ ਵਿਚ ਰਸ ਆਉਣ ਲਗ ਪਿਆ ਪਰ ਅਜੇ ਨਾਮ ਦੇ ਰਹੱਸ ਦਾ ਗਿਆਨ ਨਹੀਂ ਸੀ ਹੋਇਆ। ਏਧਰ ਨਾਮ ਦੀ ਲਗਨ ਲੱਗੀ ਤੇ ਖੋਜ ਸ਼ੁਰੂ ਹੋਈ, ਓਧਰ ਮਾਇਆ ਨੇ ਤਸੀਲਦਾਰੀ ਦਾ ਚੋਗਾ ਖਿਲਾਰ ਕੇ ਆਪ ਨੂੰ ਜਾਲ ਵਿਚ ਫਸਾਉਣਾ ਚਾਹਿਆ। ਪਰ ਆਪ ਦੇ ਨੈਣਾਂ ਵਿਚ ਕਿਸੇ ਅਨੁਪਮ ਅਤੇ ਅਲੌਕਿਕ ਸੁੰਦਰਤਾ ਦੀ ਤਸਵੀਰ ਲਟਕਣ ਲਗ ਪਈ ਸੀ। ਮਨਮੋਹਣੇ ਸਰੂਪ ਵਾਲੀ ਮਾਇਆ ਦੇ ਹਾਵ ਭਾਵ ਕਿਵੇਂ ਕੀਲ ਸਕਦੇ ਹਨ? ਪਰਮਾਰਥ ਦੇ ਪਾਂਧੀਆਂ ਨੂੰ ਕਦਮ ਕਦਮ ਉਤੇ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ। ਕੱਚੇ-ਪਿੱਲੇ ਰਾਹ ਵਿਚ ਹੀ ਰਹਿ ਜਾਂਦੇ ਹਨ, ਪਰ ਮੰਜ਼ਿਲ ਦੇ ਆਸ਼ਕ, ਮੰਜ਼ਿਲ ਤੋਂ ਪਹਿਲਾਂ ਕਿਤੇ ਨਹੀਂ ਰੁਕਦੇ। ਭਾਈ ਸਾਹਿਬ ਨੂੰ ਕੁਦਰਤ ਨੇ ਕਈ ਚਮਤਕਾਰ ਵਿਖਾਏ, ਪਰ ਆਪ ਦੀ ਨਜ਼ਰ ਕੁਦਰਤ ਦੇ ਕਾਦਰ ਉਤੇ ਟਿਕੀ ਰਹੀ। ਤਸੀਲਦਾਰੀ ਤੋਂ ਅਸਤੀਫ਼ਾ ਦੇਣ ਦੇ ਸਮੇਂ ਤਕ ਆਪ ਦੀ ਸ਼ਖ਼ਸੀਅਤ ਉਤੇ ਹੇਠ ਲਿਖੇ ਚਮਤਕਾਰਾਂ ਦੀ ਮੁਹਰ ਲੱਗ ਚੁੱਕੀ ਸੀ -

(ੳ) ਨਾਮ ਦੀ ਪਰਾਪਤੀ ਅਤੇ ਅਕਾਲੀ-ਜੋਤ ਦੇ ਦਰਸ਼ਨ

(ਅ) ਨਾਮ-ਅਭਿਆਸ ਦੁਆਰਾ ਦਸਮ ਦੁਆਰ ਅਤੇ ਅਨਹਦ ਸ਼ਬਦ ਦਾ ਗਿਆਨ

(ੲ) ਇਕ ਕਰਾਮਾਤੀ ਸਾਧੂ, ਇਕ ਬਿਬੇਕੀ-ਸਿੱਖ ਅਤੇ ਇਕ ਬ੍ਰਹਮਗਿਆਨੀ ਮਾਈ (ਗੁਲਾਬ ਕੌਰ) ਦੀ ਸੰਗਤ ਤੋਂ ਬਿਨਾਂ ਸ੍ਵੈ-ਅਨੁਭਵ ਵਿਚ ਆਏ ਕਈ ਅਲੌਕਿਕ ਚਮਤਕਾਰ। ਭਾਈ ਸਾਹਿਬ ਜੀ ਦੀਆਂ ਰਚਨਾਵਾਂ ਦਾ ਮੁਖ ਵਿਸ਼ਾ ਗੁਰਬਾਣੀ ਦੀ ਖੋਜ ਅਤੇ ਗੁਰਮਤਿ ਦੀ ਵਿਆਖਿਆ ਹੈ। ਇਸ ਵਿਆਖਿਆ ਪਿੱਛੇ ਉਮਰਾਂ ਦੀ ਨਾਮ-ਅਭਿਆਸ ਕਮਾਈ ਅਤੇ ਅੱਖੀਂ ਡਿੱਠੇ ਤੇ ਕੰਨੀ ਸੁਣੇ ਅਲੌਕਿਕ ਨਜ਼ਾਰਿਆਂ ਤੇ ਆਤਮਕ ਝੁਣਕਾਰਿਆਂ ਦਾ ਨਿਜੀ ਅਨੁਭਵ ਗੂੰਜਦਾ ਸੁਣਾਈ ਦਿੰਦਾ ਹੈ। ਇਹੋ ਗੁਣ ਭਾਈ ਸਾਹਿਬ ਦੀ ਗੁਰਮਤਿ-ਵਿਆਖਿਆ ਨੂੰ ਸਮਕਾਲੀ ਵਿਆਖਿਆਕਾਰਾਂ ਨਾਲ ਵਖਰਿਆਉਂਦਾ ਹੈ। 'ਜੇਲ੍ਹ ਚਿੱਠੀਆਂ', ਖ਼ਾਸ ਕਰ ਕੇ ਇਸ (ਪਹਿਲੇ) ਭਾਗ ਵਿਚ ਨਿੱਜੀ ਅਨੁਭਵ ਦਾ ਭੇਤ ਸੰਗਦਿਆਂ, ਪਰ ਸੰਗੀਤਕ ਤੇ ਕਾਵਿਕ-ਸ਼ੈਲੀ ਵਿਚ ਖੋਲ੍ਹਿਆ ਗਿਆ ਹੈ। ਕਈ ਸਤਰਾਂ ਅਤੀ-ਉਤਮ-ਵਾਰਤਕ ਦੇ ਇਤਿਹਾਸ ਵਿਚ ਸਦਾ ਲਈ ਸਾਂਭਣ ਯੋਗ ਹਨ, ਜਿਵੇਂ -

(ੳ) ਚਾਰੇ ਚੁਫੇਰੇ ਪਹਾੜੀਆਂ ਵਿਚ ਡੱਬੇ ਵਾਂਗੂੰ ਐਬਟਾਬਾਦ ਵੱਸੇ।

(ਅ) ਮਾਇਆ ਜਿਵੇਂ ਗੁਰੂ ਸਾਹਿਬ ਪ੍ਰੇਰਨਾ ਕਰਦੇ, ਤਿਵੇਂ ਸਭ ਗੁਰੂ ਕੇ ਲੇਖੇ ਲਾ ਛਡਣੀ।

(ੲ) ਮੁਸਾਫ਼ਰ ਹਾਂ, ਪ੍ਰਾਹੁਣਚਾਰੀ ਕੀ ਕਰਾਂ?

(ਸ) ਮੇਰਾ ਸੁਣਿਆ ਪੇਖਿਆ ਇਕ ਹੋ ਗਿਆ।

(ਹ) ਮੈਂ ਸਿਦਕ ਵਿਚ ਪੰਘਰ ਕੇ ਸਿਦਕ ਦਾ ਰੂਪ ਹੋ ਗਿਆ। 'ਜੇਲ੍ਹ ਚਿੱਠੀਆ' ਦੇ ਇਸ ਭਾਗ ਵਿਚ ਕਈ ਘਟਨਾਵਾਂ ਅਸਚਰਜਤਾ-ਜਨਕ ਹਨ, ਕਿਉਂਕਿ ਇਹਨਾਂ ਦਾ ਅਨੁਭਵ ਭਾਈ ਸਾਹਿਬ ਵਰਗੇ ਅਸਧਾਰਨ ਵਿਅਕਤੀ ਨੂੰ ਹੀ ਹੋ ਸਕਦਾ ਹੈ ਅਤੇ ਇਹੋ ਜਿਹੀਆਂ ਵਿਅਕਤੀਆਂ 'ਕੋਟਨ ਮਹਿ ਨਾਨਕ ਕੋਊ' ਦੇ ਮਹਾਂਵਾਕ ਅਨੁਸਾਰ ਦੁਨੀਆਂ ਵਿਚ ਵਿਰਲੀਆਂ ਹਨ ਦੁਨਿਆਵੀ ਕਾਰ-ਵਿਹਾਰ ਵਿਚ ਫਾਥੇ ਲੋਕ ਇਹਨਾਂ ਸਤਰਾਂ ਵਿਚਲੇ ਅਨੁਭਵ ਤਕ ਨਹੀਂ ਪਹੁੰਚ ਸਕਦੇ। ਇਸੇ ਲਈ ਸ਼ਾਇਦ ਭਾਈ ਸਾਹਿਬ ਆਪਣੇ ਅਨੁਭਵੀ ਚਮਤਕਾਰਾਂ ਕਿਤਾਬੀ ਰੂਪ ਵਿਚ ਪੇਸ਼ ਕਰਨ ਤੋਂ ਕਈ ਸਾਲ ਝਿਜਕਦੇ ਰਹੇ। (ਵੇਖੋ: ਮੁਖਬੰਧ) ਜਦੋਂ ਉਹਨਾਂ ਦੀ ਸੰਗਤ ਨੇ -ਕੁਝ ਨਾਮ-ਅਭਿਆਸੀਆਂ ਨੂੰ ਰੰਗ ਦਿੱਤਾ ਤਾਂ ਇਹੋ ਜਿਹੇ ਰੰਗਲੇ ਸੱਜਣਾਂ ਨਾਲ ਆਪਣੇ ਆਤਮਕ ਤਜਰਬੇ ਸਾਂਝੇ ਕਰਨੇ ਜ਼ਰੂਰੀ ਹੋ ਗਏ। ਤਾਂ ਜੁ ਸਜਣਾਂ-ਮਿਤਰਾ ਦਾ ਵਿਸ਼ਵਾਸ ਰੂਹਾਨੀ ਚਮਤਕਾਰਾਂ ਵਿਚ ਦ੍ਰਿੜ੍ਹ ਹੋਵੇ ਅਤੇ ਪਦਾਰਥ ਵਾਦੀ ਵਾਤਾਵਰਨ ਵਿਚ ਭੀ ਉਹ ਆਤਮਕ ਸਿੰਘਾਸਣ ਉਤੇ ਅਡੋਲ ਟਿਕੇ ਰਹਿਣ। ਲੇਖ ਦੇ ਮੁੱਢ ਵਿਚ ਦਿੱਤੀਆਂ ਮਿਸਾਲਾਂ ਤੋਂ ਬਿਨਾਂ, ਹੇਠ ਲਿਖੀਆਂ ਸਤਰਾਂ ਭੀ ਭਾਈ ਸਾਹਿਬ ਦੇ ਆਤਮਕ ਅਨੁਭਵ ਦੀਆਂ ਮੂੰਹ-ਬੋਲਦੀਆਂ ਤਸਵੀਰਾਂ ਹਨ -

(ੳ) ਫੇਰ ਇੱਕ ਪੁੱਜ ਜਿਹੀ ਵੱਜੀ। ਮੈਂ ਸਾਵਧਾਨ ਹੋ ਗਿਆ। ਦੇਖਾਂ, ਤਾਂ ਪਿਆ ਉਠਿਆ ਹਾਂ, ਪਰ ਬਿਰਤੀ ਮੇਰੀ ਉਸੇ ਤਰ੍ਹਾਂ ਪ੍ਰਾਰਥਨਾ ਵਿਚ ਹੀ ਹੈ।

(ਅ) ਮੈਂ ਦੰਡਵਤ ਵਿਚੋਂ ਉਠ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਫ਼ਤਹ ਬੁਲਾਈ ਤਾਂ ਕੀ ਦੇਖਾਂ ਮਹਾਰਾਜ ਜੀ ਉਤੇ ਚੰਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ-ਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰ ਅਤੇ ਝਿਲ-ਮਿਲਕਾਰ ਛਬੰਨੀ ਚੱਕਤ ਚਿਤਰਕਾਰੀ ਵਿਚ ਵਾਹਿਗੁਰੂ' ਸ਼ਬਦ ਪਿਤਰਿਆ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਨ ਹਵਾ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਤੇ ਹਵਾਈ ਪੁਲਾੜ ਵਿਚ ਚਾਰ-ਚੁਫੇਰੇ ਇਹੋ ਹੀ ਕਉਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ।

(ੲ) ਦੇਹੋਂ ਬਦੇਹ ਹੋ ਗਿਆ। ਚਲੂਲੇ ਰੰਗਾਂ ਵਿਚ ਮਸਤੁਲ-ਮਸਤ ਬਿਸਮਾਦੀ ਸੁਆਦਾਂ ਦਾ ਗਟਾਕ ਰਸ ਲੈਂਦਾ ਹੋਇਆ ਮੂਲ-ਮੰਤਰ ਦਾ ਪਾਠ ਕਰਾਂ, ਕਰਿ ਕਰਿ ਕੇ ਬਿਸਮਾਦੋਂ ਮਹਾਂ ਬਿਸਮਾਦ ਹੁੰਦਾ ਜਾਵਾਂ। ਅਗਾਂਹ ਪਾਠ ਤੁਰੇ ਹੀ ਨਾ।

(ਸ) ਢੋਲਕੀ ਛੈਣੇ ਵਜਣੋਂ ਹੱਟ ਗਏ, ਪਰ ਮੈਨੂੰ ਅਨਿਕ ਪ੍ਰਕਾਰ ਦੇ ਰਾਗ ਰਤਨ ਕੀਰਤਨ ਖੰਡਾਂ ਬ੍ਰਹਿਮੰਡ ਵਿਚ ਹੁੰਦੇ ਸੁਣਦੇ ਸਨ।

(ਹ) ਜਦ ਮੈਂ ਹਾਜ਼ਰੀ ਵਾਲੇ ਰਜਿਸਟਰ ਉਪਰ ਹਾਜ਼ਰੀ ਲਾਉਣ ਗਿਆ, ਤਾਂ ਕੀ ਦੇਖਿਆਂ ਕਿ ਮੇਰੀਆਂ ਹਾਜ਼ਰੀਆਂ ਲੱਗੀਆਂ ਹੋਈਆਂ ਹਨ, ਇਕ ਭੀ ਗ਼ੈਰਹਾਜ਼ਰੀ ਨਹੀਂ, ਜਦ ਮੈਂ ਆਪਣੇ ਕੰਮ ਦੇਖੇ ਤਾਂ ਸਭ ਦਿਨਾਂ ਦੇ ਕੰਮ ਪੂਰੇ ਹੋਏ ਹੋਏ। ਮੈਂ ਇਸ ਖੇਡ ਨੂੰ ਤਾੜ ਗਿਆ ਕਿ ਇਹ ਸਭ ਕਰਤਾਰ ਨੇ ਕੁਦਰਤ ਵਰਤਾਈ ਹੈ। ਭਾਈ ਸਾਹਿਬ ਦੀ ਬਿਆਨੀਆਂ-ਸ਼ਕਤੀ ਕਿਸੇ ਭੀ ਸਮਕਾਲੀ ਨਾਵਲਕਾਰ ਜਾਂ ਕਹਾਣੀਕਾਰ ਨਾਲੋਂ ਘਟ ਨਹੀਂ। ਆਪ ਬਿਨਾਂ-ਕੋਸ਼ਿਸ਼ ਦਾ ਪ੍ਰਭਾਵ ਪਾਏ, ਲਟਕਾਉ (suspense) ਪੈਦਾ ਕਰ ਸਕਦੇ ਹਨ। ਸਭ ਕੁਝ ਕਹਿ ਕੇ ਭੀ ਬਹੁਤ ਕੁਝ ਅਣਕਿਹਾ ਛੱਡ ਜਾਂਦੇ ਹਨ। ਇਹੋ ਉਚਤਮ-ਕਲਾ ਦੀ ਵਡਿਆਈ ਹੈ। ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਸਮੇਂ (੨੩ ਨਵੰਬਰ ੧੯੦੪ (ਇਕੋ ਆਸਣ ਅਤੇ ਇੱਕੋ ਚੌਂਕੜੇ ਬੈਠ ਕੇ ਆਪ ਨੇ ਸਾਰਾ ਅਖੰਡ ਪਾਠ ਸੁਣਿਆ ਤੇ ਜੋ ਚਮਤਕਾਰ ਵੇਖਿਆ ਉਸ ਦਾ ਹਾਲ ਭੀ ਵਰਨਣ ਕੀਤਾ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਸਮੇਂ (੨੩ ਜਨਵਰੀ ੧੯੦੫) ਜਿਹੜਾ ਜਲਵਾ ਵੇਖਿਆ, ਉਸ ਬਾਰੇ ਕੇਵਲ ਇਤਨਾਂ ਆਖ ਕੇ 'ਹੁਣ ਮੈਥੋਂ ਦਸ ਨਹੀਂ ਹੋਣਾ ਕਿਉਂਕਿ ਇਸ ਖੇਡ ਨੂੰ ਅਤਿ ਗੋਝ ਰੱਖਣ ਦਾ ਹੁਕਮ ਹੈ', ਆਪ ਬਹੁਤ ਕੁਝ ਆਖ ਗਏ।

ਇਕ ਕਰਾਮਾਤੀ ਸਾਧੂ ਦੀ ਵਾਰਤਾ, ਇਸ ਗੱਲ ਦੀ ਗੁਆਹੀ ਹੈ ਕਿ ਆਪ ਦੇ ਦਿਲ ਵਿਚ ਰੱਬੀ-ਖੋਜ ਲਈ ਸੱਚ ਲਗਨ ਸੀ, ਪਰ 'ਸੱਚ' ਤਕ ਪਹੁੰਚ ਲਈ ਆਪ ਗੁਰਮਤਿ-ਮਾਰਗ ਨੂੰ ਸਭ ਰਾਹਾਂ ਤੋਂ ਸ੍ਰੇਸ਼ਟ ਸਮਝਦੇ ਸਨ। ਸਾਧੂ ਨੂੰ ਨਸ਼ਿਆਂ ਦਾ ਸੇਵਨ ਕਰਦਿਆਂ ਵੇਖ ਕੇ ਆਪ ਦੀ ਸ਼ਰਧਾ ਖੇਰੂੰ ਖੇਰੂੰ ਹੋ ਗਈ ਤੇ ਆਪ ਦੇ ਕੋਮਲ ਮਨ ਉਤੇ ਇਹ ਗੱਲ ਕਰੜਾਈ ਨਾਲ ਉਕਰੀ ਗਈ, 'ਭਾਵੇਂ ਕੋਈ ਕਿਤਨਾ ਹੀ ਵੱਡਾ ਫ਼ਕੀਰ ਹੋਵੇ, ਅਸੀਂ ਤਾਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ। ਭਾਈ ਸਾਹਿਬ ਦੀ ਸਮੁੱਚੀ ਰਚਨਾ ਵਿਚੋਂ ਸਿੱਖ-ਧਰਮ ਅਤੇ ਗੁਰਮਤਿ ਦੀ ਸਰਬ ਸ੍ਰੇਸ਼ਟਤਾ ਦੀ ਜਿਹੜੀ ਗੂੰਜ ਸੁਣਾਈ ਦਿੰਦੀ ਹੈ, ਉਸ ਦਾ ਪਹਿਲਾ ਡੱਗਾ ਕਰਾਮਾਤੀ ਸਾਧੂ ਦੇ ਢੋਲ ਦਾ ਪੋਲ ਖੁੱਲ੍ਹਣ ਸਮੇ ਲੱਗਾ ਸੀ। ਇਕ ਬਿਬੇਕੀ ਸਿੰਘ ਜਦੋਂ ਦਿੱਬ-ਦ੍ਰਿਸ਼ਟੀ ਦੁਆਰਾ ਆਪ ਦਾ ਸਿੱਖੀ ਸਿਦਕ ਜਾਣ ਕੇ, ਆਪ ਨੂੰ ਥਾਪੜਾ ਦੇ ਕੇ ਅਲੋਪ ਹੋ ਗਿਆ, ਆਪ ਦੀ ਸ਼ਰਧਾ ਸਿੱਖ ਧਰਮ ਵਿਚ ਪਰਪੱਕ ਹੋ ਗਈ। ਮਾਈ ਗੁਲਾਬ ਕੌਰ ਨਾਲ ਆਪ ਦੀ ਮੁਲਾਕਾਤ ਇਸੇ ਸ੍ਵੈ-ਭਰੋਸੇ ਦਾ ਫਲ ਸਰੂਪ ਸੀ। ਆਪ ਦੀ ਸਖਸ਼ੀਅਤ ਵਿਚ ਕੋਈ ਚੁੰਬਕੀ ਖਿੱਚ ਸੀ ਕਿ ਰਾਹਗੀਰਾਂ ਨੂੰ ਪੱਥਰ ਮਾਰਨ ਵਾਲੀ ਸਾਈਂ

ਦਰ ਪੁੱਜੀ ਮਾਈ, ਆਪ ਦਰਸ਼ਨ ਕਰਦਿਆਂ ਹੀ ਨਮਸਕਾਰ ਵਿਚ ਝੁੱਕ ਗਈ। ਮਾਈ ਗੁਲਾਬ ਕੌਰ ਨਾਲ ਭਾਈ ਸਾਹਿਬ ਦੀ ਗੋਸ਼ਟੀ, ਪੀਰਾਂ ਤੇ ਫ਼ਕੀਰਾਂ ਦੀਆਂ ਗੋਸ਼ਟੀਆਂ ਵਾਂਗ ਜਿੱਥੇ ਰੱਬੀ-ਰਮਜ਼ਾਂ ਖੋਲ੍ਹਦੀ ਹੈ ਉਥੇ ਭਾਈ ਸਾਹਿਬ ਦੀ ਗਦ-ਸ਼ੈਲੀ ਵਿਚ ਸ਼ਬਦਾਂ ਦੇ ਸੰਜਮ, ਭਾਵਾਂ ਦੀ ਵਿਸ਼ਾਲਤਾ ਅਤੇ ਸੁਝਾਵਾਂ ਦੀ ਮਾਰਮਿਕਤਾ ਦੀ ਮੂੰਹ-ਬੋਲਦੀ ਤਸਵੀਰ ਹੈ -

(ੳ) ਮੁਸਾਫ਼ਰ ਹਾਂ, ਪ੍ਰਾਹੁਣਚਾਰੀ ਕਿਵੇਂ ਕਰਾਂ?

(ਅ) ਗੁਰੂ ਕੇ ਸਿੱਖਾਂ। ਤੂੰ ਨਿਹਾਲ ਹੋਇਓਂ। ਸੋਹਣਾ ਦੀਵਾ ਸਤਿਗੁਰੂ ਨੇ ਜਗਾਇਆ ਹੈ।

ਜਦੋਂ ਸੁਆਲ ਹੋਇਆ, 'ਫੇਰ ਦਰਸ਼ਨ ਮੇਲੇ ਕਦੋਂ ਹੋਣਗੇ?' ਤਾਂ ਜੁਆਬ ਮਿਲਿਆ, 'ਅੰਤਰ ਆਤਮੇ ਮਿਲ ਰਹੇ ਸ਼ਬਦ-ਮੇਲੀਆਂ ਦਾ ਸਦਾ ਹੀ ਮੇਲ ਬਣਿਆ ਹੋਇਆ ਹੈ।'

ਇਹੋ ਜਿਹੀਆਂ ਰਮਜ਼ਾਂ ਨਾਲ ਭਰਪੂਰ ਵਾਰਤਕ 'ਪੁਰਾਤਨ ਜਨਮ ਸਾਖੀ' ਦੀ ਰਹੱਸਮਈ ਵਾਰਤਕ ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਹੇਠ ਲਿਖੀਆਂ ਸਤਰਾਂ ਦੀ ਰਵਾਨੀ, ਪੂਰਨ ਸਿੰਘ ਦੀ ਰਚਨਾ 'ਇੱਕ ਜਪਾਨੀ ਨਾਇਕਾ ਦੀ ਜੀਵਨ ਕਥਾ' (ਖੁਲ੍ਹੇ ਲੇਖ) ਨਾਲੋਂ ਵਧੇਰੇ ਤੀਬਰ ਅਤੇ ਤੇਜ਼ ਹੈ -

ਅਜੇ ਆਯੂ ਅਵਸਥਾ ਵੀ ਨਵਜੋਬਨ ਬਾਲੀ ਹੀ ਸੀ ਕਿ ਰੱਬੀ ਨੂਰ ਵਾਲਾ ਜਗਮਗੰਨਾ ਜੋਬਨ ਲਹਿ ਲਹਾ ਕੇ ਚੜ੍ਹ ਗਿਆ। ਗੁਰਮੁਖ ਲਾਲੋ ਲਾਲ ਗੁਲਾਬ ਕੌਰ ਦੀਆਂ ਝਲ-ਮਲੰਤੀਆਂ ਲਾਲੀਆਂ ਦੀ ਝਾਲ ਨਾ ਝੱਲੀ ਜਾਵੇ। ਇਸੇ ਬ੍ਰਿਹੋਂ-ਮਸਤੀ ਵਿਚ ਝੂਲਦੇ ਹਾਥੀ ਦੀ ਨਿਆਈਂ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੀ ਨਵਜੋਬਨ ਬਾਲੜੀ ਮਾਈ ਘਰ-ਬਾਰ ਤੋਂ ਨਿਰਮੋਹ ਹੋ ਕੇ ਚਕਰਵਰਤੀ ਹੋ ਗਈ.........ਬਸਤੀ, ਬਜ਼ਾਰ, ਉਦਿਆਨ, ਉਜਾੜ ਵਿਚ ਜਿਥੇ ਭੀ ਮਸਤ ਰੰਗਾਂ ਵਿਚ ਵਿਗਸੀ ਮੌਲੀ ਹੋਈ ਮਾਈ ਜਾ ਬਿਚਰੇ, ਉਥੇ ਹੀ ਗੁਲਜ਼ਾਰ ਬਣ ਜਾਏ.. ਦਾਸ ਅੱਗੇ ਕਦਮ ਵਧਾਉਣ ਹੀ ਲੱਗਾ ਸੀ, ਕਿ ਦਿੱਬ ਦ੍ਰਿਸ਼ਟੀ ਦੀ ਕਲਾ ਸੰਪਨ ਮਾਈ, ਪ੍ਰੇਮੀਆਂ, ਦਰਸ-ਪ੍ਰੇਮੀਆਂ ਦੀਆਂ ਪ੍ਰੇਮ-ਤਾਰਾਂ ਦੀ ਜਾਣੂ ਮਾਈ, ਇਕ ਬਿਜਲੀ ਵਾਲੀ ਤਰਬ ਨਾਲ ਦਾਸ ਦੀ ਓਰ ਮੁਖਾਰਬਿੰਦ ਕਰ ਕੇ ਉਠ ਖਲੋਤੀ.....ਮੈਂ ਪੇਖਤ ਹੀ ਪੁਨੀਤ ਹੋ ਗਿਆ ਅਤੇ ਦਰਸ ਭੇਟ ਹੋਣ-ਸਾਰ ਹੀ ਨਾਮ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲਗ ਪਿਆ।

ਜੇਲ੍ਹ ਚਿੱਠੀਆਂ ਦੇ ਦੂਜੇ ਭਾਗ ਵਿਚ ਇੱਕੀ ਚਿੱਠੀਆਂ ਹਨ, ਜਿਨ੍ਹਾਂ ਰਾਹੀਂ ਮਹਾਨ ਲੇਖਕ ਨੇ ਆਪਣੀ ਜੀਵਨ-ਕਹਾਣੀ ਵਿਚੋਂ ਤਸੀਲਦਾਰੀ ਦੇ ਸਮੇਂ ਵਾਪਰੇ ਕਈ ਆਤਮਕ ਚਮਤਕਾਰ, ਅੰਮ੍ਰਿਤ ਛਕਣ ਦੀ ਵਿਥਿਆ ਅਤੇ ਦੇਸ਼ ਦੀ ਅਜ਼ਾਦੀ ਲਈ ਵੱਖ ਵੱਖ ਜੇਲ੍ਹਾਂ ਵਿਚ ਝੱਲੇ ਅਕਹਿ ਤੇ ਅਸਹਿ ਤਸੀਹਿਆਂ ਦਾ ਹਾਲ, ਲੂੰ-ਕੰਡੇ ਖੜੇ ਕਰ ਦੇਣ ਵਾਲੀ ਬੋਲੀ ਵਿਚ ਲਿਖਿਆ ਹੈ। ਤੀਜੇ ਭਾਗ ਵਿਚ ਆਈਆਂ ਕਈ ਘਟਨਾਵਾਂ, ਕਾਫ਼ੀ ਹੱਦ ਤਕ ਦੇ ਸਮਾਚਾਰਾਂ ਦਾ ਵਿਸਥਾਰ ਹਨ। ਪਿਛਲੇਰੇ ਹਿੱਸੇ ਵਿਚ ਚਿੱਠੀਆਂ ਰਾਹੀਂ ਜੀਵਨ-ਵਾਰਤਾ ਸੁਣਾਉਣ ਵਾਲੀ ਸ਼ੈਲੀ ਉਤਮ-ਪੁਰਖ ਤੋਂ ਅਨਯ ਪੁਰਖ ਵਿਚ ਬਦਲ ਕੇ ਇਤਿਹਾਸ ਹੋ ਜਾਂਦੀ ਹੈ, ਪਰ ਨਾਟਕੀ ਰਸ ਉਸ ਵਿਚ ਵੀ ਘੱਟ ਨਹੀਂ। ਪਿਛਲੇ ਦੋਹਾਂ ਭਾਗਾਂ ਦੀ ਵਾਰਤਕ ਪੜ੍ਹ ਕੇ ਭਾਈ ਸਾਹਿਬ ਦੇ ਦੇਸ਼-ਪਿਆਰ, ਸਿੱਖੀ ਸਿਦਕ ਅਤੇ ਅਦੁੱਤੀ ਨਾਮ-ਅਭਿਆਸ ਦਾ ਪਤਾ ਲਗਦਾ ਹੈ। ਗੁਰਮਤਿ ਦਾ ਰਹੱਸਵਾਦ ਅਣਦਿਸਦੇ-ਬ੍ਰਹਮ ਨਾਲ ਅਭੇਦ ਹੋਣ ਲਈ ਦਿਸਦੇ-ਬ੍ਰਹਿਮੰਡ ਨਾਲੋਂ ਨਾਤਾ ਨਹੀਂ ਤੋੜਦਾ, ਸਗੋਂ ਦਿਸਦੇ ਨੂੰ ਅਣ-ਦਿਸਦੇ ਦਾ ਵਰਾਟ-ਸਰੂਪ ਜਾਣ ਕੇ ਇਸ ਤੋਂ ਕੁਰਬਾਨ ਹੋ ਜਾਂਦਾ ਹੈ। ਸੋ ਗੁਰਮਤਿ ਦਾ ਰਹੱਸਵਾਦ ਦੋ-ਪੱਖੀ ਹੈ। ਆਤਮਕ ਰਹੱਸ ਤੋਂ ਬਿਨਾਂ ਇਸ ਦਾ ਸਮਾਜਕ ਅਰਥ ਭੀ ਬਹੁਤ ਡੂੰਘਾ ਹੈ। ਸਮਕਾਲੀ ਸਿੱਖ ਆਗੂਆਂ ਜਾਂ ਗੁਰਮਤਿ ਦੇ ਖੋਜੀਆਂ ਵਿਚੋਂ ਸ਼ਾਇਦ ਹੀ ਕਿਸੇ ਵਿਚ ਇਹ ਦੋਵੇਂ ਗੁਣ ਇਕੋ ਜਿਹੇ ਉਜਾਗਰ ਹੋਣ, ਕੋਈ ਨਾਮ-ਅਭਿਆਸ ਰਾਹੀਂ 'ਨਾਮੀ' ਨਾਲ ਅਭੇਦ ਹੋਣ ਦਾ ਪਰਚਾਰ ਕਰਦਾ ਹੈ, ਪਰ ਸਮਾਜ ਵਿਚ ਪਸਰੇ ਹਨੇਰੇ ਵਲੋਂ ਅੱਖੀਆਂ ਮੀਟੀ ਬੈਠਾ ਹੈ। ਕੋਈ ਸਮਾਜ-ਸੁਧਾਰ ਦਾ ਨਾਅਰਾ ਮਾਰ ਕੇ ਜੁਗ-ਗਰਦੀ ਲਈ ਪ੍ਰੇਰਦਾ ਰਿਹਾ ਹੈ, ਪਰ ਆਤਮਾਂ ਨਾਲੋਂ ਟੁਟਿਆਂ ਸੁਧਾਰ ਚਿਰ-ਸਥਾਈ ਸਾਬਤ ਨਹੀਂ ਹੁੰਦਾ। ਪਲ ਦੀ ਪਲ ਦੂਧੀਆਂ-ਧੂੰਏਂ ਵਾਂਗ ਚਾਨਣ ਕਰ ਕੇ ਅਲੋਪ ਹੋ ਜਾਂਦਾ ਹੈ। ਭਾਈ ਰਣਧੀਰ ਸਿੰਘ ਜੀ ਦਾ ਜੀਵਨ-ਧੁਰਾ ਬੇਸ਼ਕ ਨਾਮ-ਅਭਿਆਸ ਸੀ, ਪਰ ਕੀ ਜੇਲ੍ਹ ਦੀ ਚਾਰ ਦੀਵਾਰੀ ਵਿਚ ਤੇ ਕੀ ਜੇਲ੍ਹ ਬਾਹਰ, ਦੇਸ਼ ਦੇ ਧਾਰਮਕ, ਸਮਾਜਕ ਅਤੇ ਰਾਜਸੀ ਖੇਤਰ ਵਿਚ, ਜਿੱਥੇ ਕਿਤੇ ਭੀ ਆਪ ਨੇ ਝੂਠ, ਕਪਟ, ਜ਼ੁਲਮ ਅਤੇ ਬੇਇਨਸਾਫ਼ੀ ਵਰਗੇ ਔਗਣ ਵੇਖੇ, ਆਪ ਨੇ ਜ਼ੋਰਦਾਰ ਅਵਾਜ਼ ਰਾਹੀਂ ਉਹਨਾਂ ਦੀ ਨਿਖੇਧੀ ਕੀਤੀ।

ਭਾਈ ਸਾਹਿਬ ਨੂੰ ਉਮਰ-ਕੈਦ ਦੇ ਸਿਲਸਿਲੇ ਵਿਚ ਭਾਰਤ ਦੀਆਂ ਕਈ ਜੇਲ੍ਹਾਂ ਵਿਚ ਬੰਦ ਰਹਿ ਕੇ ਬਦੇਸ਼ੀ ਹਕੂਮਤ ਦੇ ਤਸੀਹੇ ਸਹਿਣੇ ਪਏ। ਬਦੇਸ਼ੀ ਹਾਕਮਾਂ ਦੇ ਸੁਦੇਸ਼ੀ ਕਰਮਚਾਰੀ ਆਪਣੇ ਦੇਸ਼-ਵਾਸੀਆਂ ਉਤੇ ਘੋਰ ਜ਼ੁਲਮ ਢਾਹੁੰਦੇ ਸਨ ਕਿਉਂਕਿ ਇਸ ਲੇਖ ਦਾ ਵਿਸ਼ਾ ਕੇਵਲ ਭਾਈ ਰਣਧੀਰ ਸਿੰਘ ਜੀ ਤਕ ਸੀਮਤ ਹੈ, ਇਸ ਲਈ ਜੋ ਤਸੀਹੇ ਭਾਈ ਸਾਹਿਬ ਨੂੰ ਝਲਣੇ ਪਏ, ਉਹਨਾਂ ਵਿਚੋਂ ਕੁਝ-ਇਕ ਦਾ ਵਰਣਨ ਜ਼ਰੂਰੀ ਹੈ -

(ੳ) ਇਕੋ ਵਕਤ ਇਕੋ ਦਮ ਕਈ ਕਈ ਸਜ਼ਾਵਾਂ

ਇੱਕਠੀਆਂ ਦਿੱਤੀਆਂ ਜਾਂਦੀਆਂ। ਮੁਲਤਾਨ ਦੀ ਅੰਤ ਕਰੜੀ ਗਰਮੀ ਪੈਂਦੀ ਵਿਚ ਦਰਖ਼ਤਾਂ ਨਾਲ ਖੜੀਆਂ ਹੱਥ-ਕੜੀਆਂ ਦਿੱਤੀਆਂ ਗਈਆਂ। ਬੇੜੀ (barfetters) ਅਲੱਗ ਹੈ ਤੇ ਡੰਡਾ (ਚਰੋਸਸ ਬਓਰ) ਭੀ ਨਾਲ ਲੱਗਾ ਹੋਇਆ ਹੈ। ਸਾਥ ਹੀ ਟਾਟ-ਵਰਦੀ ਦੀ ਸਜ਼ਾ ਭੀ ਹੈ। ਉੱਪਰੋਂ ਸਰੀਰ ਕਮਜ਼ੋਰ, ਪਈਆਂ ਨਕਸੀਰਾਂ ਜਾਂਦੀਆਂ ਹਨ। ਹੱਥ ਬੰਨ੍ਹੇ ਹੋਏ, ਪਰਛਾਵੇਂ ਢਲਣ ਪਰ ਧੁੱਪ ਆ ਜਾਣ ਕਰਕੇ ਹੱਥ-ਕੜੀਆਂ ਧੁੱਪ ਨਾਲ ਅੱਡ ਤਪ ਰਹੀਆਂ ਹਨ। ਲਹੂ ਲੁਹਾਣ, ਘੰਟਿਆਂ ਪ੍ਰਯੰਤ ਧੁੱਪੇ ਖੜੇ ਦਿਨ ਬਤੀਤ ਹੋ ਜਾਂਦਾ ਹੈ। ਕੋਈ ਪੁੱਛਦਾ ਤਕ ਨਹੀਂ। ਪਾਣੀ ਪੀਣ ਵਾਸਤੇ ਤੇ ਲਹੂ (ਨਕਸੀਰ ਦਾ) ਧੋਣ ਵਾਸਤੇ ਭੀ ਕੋਈ ਹੱਥਕੜੀ ਨਹੀਂ ਖੋਲ੍ਹਦਾ।

(ਅ) ਦਾਸ ਨੂੰ ਫ਼ਾਂਸੀ-ਕੋਠੀ ਵਿਚ ਬੰਦ ਕਰ ਦਿੱਤਾ।

(ੲ) ਸਭ ਨੇ ਰਲ ਕੇ ਓੜਕ ਮੈਨੂੰ ਸਿੱਟ ਲਿਆ ਤੇ ਸੀਸ ਪੱਕੀ ਦੀਵਾਰ ਨਾਲ ਪਟਕਾ ਦਿੱਤਾ। ਮੈਂ ਬੇਦਮ ਅੱਗੇ ਹੀ ਹੋ ਚੁੱਕਾ ਸਾਂ, ਸੀਸ 'ਤੇ ਸੱਟ ਲਗਣ ਨਾਲ ਬੇਹੋਸ਼ ਹੋ ਗਿਆ।

(ਸ) ਹੱਥਕੜੀ ਲਾ ਲਈ ਤੇ ਅੱਛੀ ਤਰ੍ਹਾਂ ਜਕੜ ਕੇ ਮੇਰੇ ਮੂੰਹ ਵਿਚ ਲਕੜੀ ਦਾ ਲਗਾਮ ਦਿੱਤਾ ਗਿਆ ਤੇ ਰਬੜ ਨਲਕੀ ਅੰਦਰ ਧੱਕ ਕੇ ਦੁੱਧ ਅੰਦਰ ਪੁਚਾਉਣ ਲੱਗੇ।

(ਹ) ਪਾਪੀਆਂ ਨੇ ਗੱਚ ਖਾ ਕੇ ਮੇਰਾ ਸੀਸ ਥਪੇੜੇ ਨਾਲ ਪਟਕਾ ਮਾਰਿਆਂ, ਸਿਰ ਪਟਕਦੇ-ਸਾਰ ਹੀ ਲਗਾਮ ਮੂਹੰ ਵਿਚ ਨਿਕਲ ਗਿਆ। ਪਰ ਰਬੜ ਦੀ ਨਲਕੀ ਅੰਦਰ ਹੀ ਅੜੀ ਰਹੀ। ਮੈਨੂੰ ਗਸ਼ੀ ਤਾਂ ਪੈ ਗਈ ਪਰ ਸੁਆਸ ਹੇਠਾਂ ਉਤਰ ਆਏ ਤੇ ਦੰਦਲ ਪੈ ਗਈ। ਅਜਿਹੇ ਦੰਦ ਜੁੜੇ, ਕਿ ਖੁਲ੍ਹਣ ਹੀ ਨਾ, ਸੁਪ੍ਰੰਟੰਡੰਟ ਨੇ ਹੁਕਮ ਦਿੱਤਾ ਕਿ ਇਸ ਦੇ ਦੰਦ ਨਿਸ਼ੰਗ ਤੋੜ ਦਿਓ।

(ਕ) ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੁੱਟੇ ਗਏ ਅਤੇ ਲੱਤਾਂ-ਮੁੱਕੀਆਂ ਦੀ ਮਾਰ ਨਾਲ ਅਧਮੋਇਆ ਕਰ ਕੇ ਮੈਨੂੰ ਸਿੱਟ ਗਏ.. ਤੀਜੇ ਦਿਨ ਕੁੱਠਾ ਗਊ-ਮਾਸ ਦਾ ਅਰਕ ਤੇ ਬਿਖਿਆ (ਤਮਾਕੂ) ਆਦਿਕ ਲਿਆ ਕੇ ਅੱਗੇ ਰਖਿਆ ਗਿਆ ਕਿ ਰੋਟੀ ਖਾਓ (ਭੁੱਖ-ਹੜਤਾਲ ਤੁੜਵਾਉਣਾ ਚਾਹੁੰਦੇ ਸਨ) ਨਹੀਂ ਤਾਂ ਇਹ ਚੀਜਾਂ ਤੈਨੂੰ ਮੱਲੋ-ਮੱਲੀ ਖੁਆਈਆਂ ਜਾਣਗੀਆਂ ਤੇ ਤੇਰੇ ਕੇਸ ਕਟੇ ਜਾਣਗੇ ਤੇ ਤੈਨੂੰ ਪਾਗਲਖਾਨੇ ਭੇਜਿਆ ਜਾਊ।

ਸਿੱਖੀ-ਮਾਰਗ ਨੂੰ ਖੰਡਿਓਂ ਤਿੱਖਾ ਤੇ ਵਾਲੋਂ ਨਿੱਕਾ ਮਾਰਗ ਮੰਨਿਆ ਜਾਂਦਾ ਹੈ। ਫ਼ਰੁਖ਼ਸੀਅਰ ਅਤੇ ਮੀਰ-ਮੰਨੂੰ ਦੇ ਸਮੇਂ ਸਿੱਖਾਂ ਉਤੇ ਜ਼ੁਲਮ ਦੀ ਦਾਤਰੀ ਚਲਦੀ ਵੇਖ ਕੇ, ਪੰਜਾਬ ਦਾ ਇਤਿਹਾਸ ਰੋ ਪਿਆ ਸੀ। ਜੇ ਉਹ ਜ਼ੁਲਮ ਧਾਰਮਕ ਜਨੂੰਨ ਵਿਚ ਅੰਨ੍ਹੇ ਬਾਦਸ਼ਾਹਾਂ ਨੇ ਕੀਤੇ ਸਨ, ਤਾਂ ਸਭਯ ਅਤੇ ਅਫ਼ਿਰਕੂ ਅਖਵਾਉਣ ਵਾਲੇ ਅੰਗ੍ਰੇਜ਼ ਹਾਕਮਾਂ ਨੇ ਕਿਹੜਾ ਘੱਟ ਗੁਜ਼ਾਰੀ ਸੀ। ਮੌਤ ਦੇ ਮੂੰਹ ਵਿਚ ਸਿੱਖੀ ਸਿਦਕ 'ਕੇਸਾਂ ਸੁਆਸਾਂ ਸੰਗ ਨਿਬਾਹੁਣ ਵਾਲੀ ਰਵਾਇਤ ਨੂੰ ਆਧੁਨਿਕ ਯੁਗ ਵਿਚ ਭਾਈ ਸਾਹਿਬ ਨੇ ਸੁਰਜੀਤ ਕਰ ਵਿਖਾਇਆ ਹੈ। 'ਗੁਰਮਤਿ ਬਿਬੇਕ' ਵਿਚ ਸਿੱਖੀ ਰਹਿਤ-ਮਰਯਾਦਾ ਦੀ ਕਰੜੀ ਨਿਯਮਾਵਲੀ ਪੇਸ਼ ਕਰਨ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਰਹਿਣੀ ਨੂੰ ਜੀਵਨ ਵਿਚ ਧਾਰਨ ਕਰ ਕੇ ਬੇਮਿਸਾਲ ਮਿਸਾਲ ਕਾਇਮ ਕੀਤੀ ਹੈ। ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਤਸੀਹੇ ਸਹਿੰਦਿਆਂ, ਭੁੱਖਾਂ ਕੱਟਦਿਆਂ ਅਤੇ ਪਾਲੇ ਝਾਗਦਿਆਂ ਭੀ ਆਪ ਨੇ ਨਾਮ-ਅਭਿਆਸ ਨਹੀਂ ਛੱਡਿਆ। ਇਸ ਦੇ ਉਲਟ ਇਹ ਕਹਿਣਾ ਠੀਕ ਹੋਵੇਗਾ ਕਿ ਨਾਮ-ਅਭਿਆਸ ਰਾਹੀਂ ਸਭ ਦੁਖ ਤੇ ਤਸੀਹੇ ਆਪ ਨੇ ਹੱਸਦਿਆਂ ਝੱਲ ਲਏ ਅਤੇ ਜੇਲ੍ਹ ਦੀ ਇੱਕਲਤਾ ਵਿਚ 'ਜੋਤਿ ਵਿਗਾਸ' ਲਈ ਆਪ ਦੀ ਬਿਰਤੀ ਵਧੇਰੇ ਇਕਾਗਰ ਹੋ ਗਈ।

ਦੇਸ਼-ਪਿਆਰ ਅਤੇ ਸਿੱਖੀ ਸਿਦਕ ਤੋਂ ਬਿਨਾਂ 'ਜੇਲ੍ਹ ਚਿੱਠੀਆਂ' ਭਾਈ ਸਾਹਿਬ ਦੀ ਸ਼ਖਸੀਅਤ ਅਤੇ ਆਚਾਰ ਬਾਰੇ ਹੇਠ ਲਿਖੇ ਭੇਤ ਖੋਲ੍ਹਦੀਆਂ ਹਨ –

(ੳ) ਆਮ ਰਾਜਸੀ ਕੈਦੀਆਂ ਨਾਲੋਂ ਹਕੂਮਤ ਅਤੇ ਹਕੂਮਤ ਦੇ ਕਰਮਚਾਰੀਆਂ ਦੇ ਛਲ, ਕਪਟ ਅਤੇ ਜ਼ੁਲਮਾਂ ਵਿਚ 'ਸੱਚ ਕੀ ਬੇਲਾ' ਸੱਚ ਸੁਣਾ ਸਕਣ ਦੀ ਦਲੇਰੀ। ਮੁਲਤਾਨ, ਹਜ਼ਾਰੀ ਬਾਗ, ਰਾਜਮੰਦਰੀ, ਨਾਗਪੁਰ ਅਤੇ ਲਾਹੌਰ ਵਰਗੀਆਂ ਜੇਲ੍ਹਾਂ ਵਿਚ; ਜਿਥੇ ਅਫਸਰਾਂ ਨੂੰ 'ਸਲਾਮ' ਨਾ ਆਖਣ ਦੇ ਜੁਰਮ ਵਿਚ ਬੈਂਤਾਂ ਦੀ ਸਜ਼ਾ ਹੋ ਸਕਦੀ ਹੈ। ਭਾਈ ਸਾਹਿਬ ਨੇ ਵੱਡੇ ਤੋਂ ਵੱਡੇ ਜੇਲ੍ਹ-ਅਫ਼ਸਰ, ਇਨਸਪੈਕਟਰ ਜਨਰਲ, ਸੁਪ੍ਰੰਟੰਡੈਂਟ-ਜੇਲ੍ਹ ਅਤੇ ਜੇਲ੍ਹਰ, ਸਭ ਦੇ ਮੂੰਹਾਂ ਉਤੇ ਉਹਨਾਂ ਦੇ ਪਾਪ ਦੱਸਣ ਦੀ ਦਲੇਰੀ ਵਿਖਾਈ। ਆਪ ਦੇ ਚਟਾਨ ਵਰਗੇ ਆਚਾਰ ਨਾਲ ਵੱਡੀ ਤੋਂ ਵੱਡੀ ਧਮਕੀ ਟੱਕਰਾ ਕੇ ਚੂਰ ਚੂਰ ਹੋ ਗਈ। ਰਾਜਸੀ ਕੈਦੀਆਂ ਤੋਂ ਬਿਨਾਂ ਇਖ਼ਲਾਕੀ ਕੈਦੀਆਂ ਉਤੇ ਜ਼ੁਲਮ ਹੁੰਦਾ ਵੇਖ ਕੇ ਭੀ ਆਪ ਬਗ਼ਾਵਤ ਕਰ ਉਠਦੇ ਸਨ ਸੱਚਾਈ ਅਤੇ ਇਨਸਾਫ਼ ਲਈ ਆਪ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੇ ਸਨ। ਇਹਨਾਂ ਸਿਫ਼ਤਾਂ ਕਰਕੇ ਰੱਬੀ ਰੰਗ ਵਿਚ ਰੰਗੇ ਹੋਣ ਕਰਕੇ, ਜੇਲ੍ਹ-ਅਫ਼ਸਰ ਅੰਦਰੋਂ ਅਤੇ ਛੋਟੇ ਜੇਲ੍ਹ-ਕਰਮਚਾਰੀ ਬਾਹਰੋਂ ਭੀ ਆਪ ਦੀ ਸ਼ਖਸੀਅਤ ਅੱਗੇ ਸਿਰ ਝੁਕਾਉਂਦੇ ਸਨ। ਇਹ ਮਾਣ ਸ਼ਾਇਦ ਹੀ ਕਿਸੇ ਰਾਜਸੀ ਕੈਦੀ ਨੂੰ ਪਰਾਪਤ ਹੋਇਆ ਹੋਵੇ ਕਿ ਜੇਲ੍ਹ-ਕਰਮਚਾਰੀ ਜਿਸ ਕੈਦੀ ਉਤੇ ਜ਼ੁਲਮ ਕਰਨ, ਜੇਲ੍ਹ-ਕਰਮਚਾਰੀਆਂ ਦੇ ਪਰਵਾਰ ਉਸ ਕੈਦੀ ਲਈ ਅੱਥਰੂ ਕੇਰਨ।

(ਅ) ਆਪ ਦੀ ਸ਼ਖਸੀਅਤ ਵਿਚ ਕੋਈ ਅਲੌਕਿਕ ਖਿੱਚ ਸੀ, ਜੋ ਜ਼ਾਲਮ ਅਫ਼ਸਰਾਂ, ਪੱਥਰ-ਦਿਲ ਜੱਲਾਦਾਂ ਅਤੇ ਇਨਕਲਾਬੀ ਦੇਸ਼-ਭਗਤਾਂ ਨੂੰ ਕੀਲ ਲੈਂਦੀ ਸੀ। ਇਹ ਖਿੱਚ ਨਾਮ-ਅਭਿਆਸ ਦੁਆਰਾ ਮਨ ਦੀ ਇਕਾਗਰਤਾ, ਵਿਚਾਰਾਂ ਦੀ ਸਪੱਸ਼ਟਤਾ ਅਤੇ ਸੱਚ ਨੂੰ ਨਿਰਛਲ ਆਖ ਸਕਣ ਦੀ ਦਲੇਰੀ ਵਿਚੋਂ ਉਗਮੀ ਜਾਪਦੀ ਹੈ। ਕਾਲ-ਕੋਠੜੀ ਵਿਚ ਆਪ ਨੂੰ ਧਿਆਨ-ਮਗਨ ਵੇਖ ਕੇ ਜੇਲ੍ਹ ਸੁਪ੍ਰੰਟੰਡੰਟ ਡਰ ਗਿਆ। ਈਸਾਈ ਪਾਦਰੀ ਉਸ ਕਾਲ-ਕੋਠੜੀ ਦੀ ਇਕੱਲ ਵਿਚ ਦੋ ਘੰਟੇ ਨਾ ਕੱਟ ਸਕਿਆ, ਜਿਸ ਕੋਠੜੀ ਵਿਚ ਭਾਈ ਸਾਹਿਬ ਨੇ ਨਾਮ ਦੇ ਸਹਾਰੇ ਕਈ ਵਰ੍ਹੇ ਖਿੜੇ ਮੱਥੇ ਬਿਤਾਏ। ਭਗਤ ਸਿੰਘ ਸ਼ਹੀਦ ਵਰਗਾ ਮਹਾਨ ਦੇਸ਼-ਭਗਤ, ਕੇਸ ਕਤਲ ਕਰਾਉਣ ਬਾਰੇ ਆਪ ਦੀ ਕਰੜੀ ਆਲੋਚਨਾ ਅੱਗੇ ਨਾ ਖਲੋ ਸਕਿਆ ਅਤੇ ਆਪ ਦੇ ਪ੍ਰਭਾਵ ਹੇਠ ਫਾਂਸੀ ਹੋਣ ਤੋਂ ਕੁਝ ਦਿਨ ਪਹਿਲਾਂ ਮੁੜ ਕੇਸ ਧਾਰਨ ਕਰ ਲਏ। ਮਾ: ਮੋਤਾ ਸਿੰਘ, ਸੰਤ ਅਤਰ ਸਿੰਘ ਜੀ, ਕਰਤਾਰ ਸਿੰਘ ਸਰ੍ਹਾਭਾ, ਅਕਾਲੀ ਕੌਰ ਸਿੰਘ ਅਤੇ ਮਹਾਰਾਜਾ ਨਾਭਾ ਤਕ, ਜੋ ਭੀ ਆਪ ਨੂੰ ਮਿਲਿਆ, ਆਪ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ।

(ੲ) ਗੁਰਬਾਣੀ ਅਤੇ ਗੁਰਮਤਿ ਦੀ ਖੋਜ ਕਰ ਕੇ ਪੁਸਤਕਾਂ ਲਿਖਣ ਦੀ ਪ੍ਰੇਰਨਾ ਭੀ ਆਪ ਨੂੰ ਜੇਲ੍ਹ ਵਿਚ ਹੀ ਹੋਈ। ਕਈ ਪੁਸਤਕਾਂ, ਜਿਵੇਂ 'ਗੁਰਮਤਿ ਬਿਬੇਕ' ਅਤੇ 'ਜੇਲ੍ਹ-ਚਿੱਠੀਆਂ' (ਖ਼ਾਸ ਕਰਕੇ ਪਹਿਲੇ ਦੋ ਭਾਗ) ਦੇ ਖਰੜੇ ਜੇਲ੍ਹ-ਯਾਤਰਾ ਸਮੇਂ ਤਿਆਰ ਹੋਏ ਜਾਪਦੇ ਹਨ 'ਜੇਲ੍ਹ-ਚਿੱਠੀਆਂ' ਦੇ ਤੀਜੇ ਭਾਗ ਵਿਚ ੪੪ ਸਿੱਖ ਕੈਦੀਆਂ ਦੇ ਅਣਗਿਣਤ ਪਾਠਾਂ ਦਾ ਨਕਸ਼ਾ ਦਿੱਤਾ ਗਿਆ ਹੈ। ਉਹਨਾਂ ਪਾਠਾਂ ਵਿਚ ਜਪੁਜੀ, ਸ਼ਬਦ ਹਜ਼ਾਰੇ, ਜਾਪੁ ਸਾਹਿਬ, ਹਜ਼ਾਰੇ ਪਾਤਸ਼ਾਹੀ ੧੦, ੨੦ ਸਵੱਯੇ, ੩੩ ਸਵੱਯੇ, ਆਸਾ ਦੀ ਵਾਰ, ਛੱਕੇ, ਅਨੰਦ ਸਾਹਿਬ, ਸੁਖਮਨੀ, ਬਾਵਨ ਅੱਖਰੀ, ਓਅੰਕਾਰ, ਸਿਧ ਗੋਸਟਿ, ਬਾਰਾਂਮਾਹਾ ਮਾਝ, ਬਾਰਾਂਮਾਹ ਤੁਖਾਰੀ, ਜੈਤਸਰੀ ਦੀ ਵਾਰ, ਵਾਰ ਮਾਰੂ ਡੱਖਣੇ, ਦਿਨ ਰੈਣ, ਸੁਹਾਗਣਿ, ਦੁਹਾਗਣਿ, ਗੁਣਵੰਤੀ, ਬਿਰਹੜੇ, ਕਰਹਲੇ, ਰਹਿਰਾਸ, ਸਵੱਯੇ ਭੱਟਾਂ ਦੇ, ਅਕਾਲ ਉਸਤਤ, ਸਿਰੀ ਅਕਾਲ ਜੀ ਕੀ ਉਸਤਤ, ਬਚਿਤ੍ਰ ਨਾਟਕ, ਗਿਆਨ ਪਰਬੋਧ, ਰਹਿਰਾਸ, ਕੀਰਤਨ ਸੋਹਿਲਾ, ਸਲੋਕ ਫਰੀਦ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਯੇ, ਗ਼ਜ਼ਲਾਂ ਅਤੇ ਜ਼ਿੰਦਗੀਨਾਮਾ ਭਾਈ ਨੰਦ ਲਾਲ ਬਾਰੇ ਦਸਿੱਆ ਗਿਆ ਹੈ, ਕਿ ਉਪਰੋਕਤ ਸਭ ਬਾਣੀਆਂ ਕਈ ਸਾਥੀਆਂ ਨੂੰ ਕੰਨ ਹੋ ਚੁੱਕੀਆਂ ਸਨ। ਜੇ ਭਾਈ ਸਾਹਿਬ ਦੀ ਸੰਗਤ ਨਾਲ ੪੪ ਸਿੱਖ ਕੈਦੀਆਂ ਨੂੰ ਇਤਨੀ ਬਾਣੀ ਕੰਠ ਹੋ ਸਕਦੀ ਸੀ ਤਾਂ ਭਾਈ ਸਾਹਿਬ ਬਾਰੇ ਇਹ ਗੱਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਆਪ ਨੂੰ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੀ ਬਾਣੀ ਤੋਂ ਬਿਨਾਂ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਰਚਿਤ ਵਾਰਾਂ, ਕਬਿੱਤ ਸਵੱਯੇ ਅਤੇ ਗਜ਼ਲਾਂ ਦਾ ਪੂਰਾ ਗਿਆਨ ਸੀ। ਇਸੇ ਗਿਆਨ ਸਦਕਾ ਭਾਈ ਸਾਹਿਬ ਨੇ ਜੇਲ੍ਹ ਤੋਂ ਰਿਹਾਈ ਮਿਲਦਿਆਂ ਹੀ ਗੁਰਬਾਣੀ ਅਤੇ ਗੁਰਮਤਿ-ਖੋਜ ਦੀਆਂ ਪੁਸਤਕਾਂ ਦਾ ਹੜ੍ਹ ਵਗਾ ਦਿੱਤਾ ਤੇ ਗੁਰਪੁਰੀ ਸਿਧਾਰਨ ਤਕ ਉਹ ਦੋ ਦਰਜਨ ਦੇ ਲਗ ਪਗ ਪੁਸਤਕਾਂ, ਪੰਜਾਬੀ ਪਾਠਕਾਂ ਨੂੰ ਦੇ ਚੁੱਕੇ ਸਨ।

(ਸ) ਉਪਰ ਦੱਸੇ ੪੪ ਗੁਰਸਿੱਖਾਂ ਦੀ ਸੰਗਤ ਵਿਚ ਭਾਈ ਸਾਹਿਬ ਨੇ ਗੁਰਬਾਣੀ ਦੇ ਪਾਠਾਂ ਦਾ ਜਿਹੜਾ ਪਰਵਾਹ ਚਲਾਇਆ ਸੀ, ਉਹ ਪਰਵਾਹ ਜੇਲ੍ਹ ਵਿਚੋਂ ਰਿਹਾਈ ਮਿਲਣ ਪਿਛੋਂ ਭੀ ਟੁਰਦਾ ਰਿਹਾ। ਭਾਈ ਸਾਹਿਬ ਨੇ 'ਅਖੰਡ-ਕੀਰਤਨੀ-ਜੱਥਾ' ਬਣਾ ਕੇ ਪੰਜਾਬ ਦੇ ਘਰ ਘਰ ਵਿਚ ਅਖੰਡਪਾਠਾਂ ਦਾ ਪਰਵਾਹ ਚਲਾ ਦਿੱਤਾ। ਉਹਨਾਂ ਦੇ ਜੱਥੇ ਰਾਹੀਂ ਅੰਮ੍ਰਿਤ-ਪਰਚਾਰ ਭੀ ਖ਼ੂਬ ਹੋਇਆ ਤੇ ਅਖੰਡ-ਕੀਰਤਨ ਅਜੇ ਤਕ ਵਾਯੂ ਮੰਡਲ ਵਿਚ ਗੂੰਜ ਰਿਹਾ ਹੈ। ਸੋ ਗੁਰਬਾਣੀ ਦੀ ਖੋਜ ਅਤੇ ਗੁਰਮਤਿ ਦੇ ਪਰਚਾਰ ਦਾ ਪ੍ਰੋਗ੍ਰਾਮ ਜੇਲ੍ਹ ਦੀਆਂ ਦੀਵਾਰਾਂ ਅੰਦਰ ਹੀ ਬਣ ਚੁਕਾ ਸੀ। ਇਤਿਹਾਸਕ ਦ੍ਰਿਸ਼ਟੀ ਤੋਂ ਭਾਈ ਸਾਹਿਬ ਦੀਆਂ ਜੇਲ੍ਹ ਚਿੱਠੀਆਂ ਸੁੰਤਤਰਤਾ-ਲਹਿਰ, ਖ਼ਾਸ ਕਰਕੇ ਗੁਰਦੁਆਰਾ ਸੁਧਾਰ-ਲਹਿਰ ਅਤੇ ਗ਼ਦਰ ਪਾਰਟੀ ਲਹਿਰ ਦੀਆਂ ਮੂੰਹ-ਬੋਲਦੀਆਂ ਤਸਵੀਰਾਂ ਹਨ। ਧਾਰਮਕ ਦ੍ਰਿਸ਼ਟੀ ਤੋਂ ਇਹ ਚਿੱਠੀਆਂ ਸਿੱਖ ਲੀਡਰਾਂ ਅਤੇ ਧਾਰਮਕ ਆਗੂਆਂ ਦੀਆਂ ਧੂੰਏਂਧਾਰ-ਤਕਰੀਰਾਂ ਨਾਲੋਂ ਹਜ਼ਾਰਾਂ ਗੁਣਾ ਵੱਧ ਪ੍ਰਭਾਵ ਪਾਉਂਦੀਆਂ ਹਨ। ਸਾਹਿਤਕ ਦ੍ਰਿਸ਼ਟੀ ਤੋਂ ਇਹਨਾਂ ਰਾਹੀਂ ਬਹੁਤ ਸੁੰਦਰ ਵਾਰਤਕ ਸਾਡੇ ਸਾਹਮਣੇ ਆਈ ਹੈ। ਸ੍ਵੈ-ਜੀਵਨੀ ਵਿਚੋਂ ਤਿੱਖੀ ਚੁੰਜ ਵਾਲੀਆਂ ਘਟਨਾਵਾਂ ਦੀ ਚੋਣ ਅਤੇ ਉਹਨਾਂ ਦਾ ਨਾਟਕੀ ਵਰਣਨ, ਸ਼ੁੱਧ, ਸਰਲ ਅਤੇ ਜਜ਼ਬੇ-ਗੁੱਧੀ ਬੋਲੀ, ਇਸ ਵਾਰਤਕ ਨੂੰ ਲੋਕ-ਪ੍ਰਿਯ ਬਣਾਉਂਦੇ ਹਨ। ਬੇਸ਼ਕ ਭਾਈ ਸਾਹਿਬ ਦੀਆਂ ਬਹੁਤੀਆਂ ਰਚਨਾਵਾਂ ਦੀ ਬੋਲੀ ਠੇਠ ਅਤੇ ਲਿਖਣ-ਸ਼ੈਲੀ ਸਰਲ ਹੈ, ਪਰ ਬਾਕੀ ਰਚਨਾਵਾਂ ਵਿਚ ਗੁਰਮਤਿ ਅਤੇ ਗੁਰਬਾਣੀ ਦੀ ਵਿਆਖਿਆ ਹੋਣ ਕਰਕੇ, ਗੁਰਬਾਣੀ ਦੀ ਸ਼ਬਦਾਵਲੀ ਦਾ ਪ੍ਰਭਾਵ ਬਹੁਤ ਸੰਘਣਾ ਹੋ ਗਿਆ ਹੈ। 'ਜੇਲ੍ਹ ਚਿੱਠੀਆਂ' ਦਾ ਵਿਸ਼ਾ ਸੰਪਰਦਾਇਕ ਹੱਦਾਂ ਲੰਘ ਕੇ ਜ਼ੰਜੀਰਾਂ ਜਕੜੀ ਮਨੁੱਖਤਾ ਦੀ ਪੁਕਾਰ ਬਣ ਗਿਆ ਹੈ। ਘਟਨਾਵਾਂ ਦਾ ਪਰਵਾਹ, ਦਲੀਲਾਂ-ਭਰੀ ਵਾਰਤਾਲਾਪ ਪਾਤਰਾਂ ਦੀ ਮਨੋ-ਵਿਆਖਿਆ, ਦ੍ਰਿਸ਼-ਵਰਣਨ ਅਤੇ ਸਥਾਨਕ ਰੰਗ ਇਹਨਾਂ ਚਿੱਠੀਆਂ ਨੂੰ ਸਰਬ-ਸਾਂਝੀ ਵਾਰਤਕ ਦਿੰਦਾ ਹੈ। ਇਸੇ ਲਈ ਸਾਹਿਤਕ ਪੱਖ ਤੋਂ 'ਜੇਲ੍ਹ-ਚਿੱਠੀਆਂ' ਨੂੰ ਵਧੇਰੇ ਮਾਨ ਪ੍ਰਾਪਤ ਹੋਇਆ ਹੈ। ਇਹਨਾਂ ਚਿੱਠੀਆਂ ਦੀ ਵਾਰਤਕ ਵਿਚੋਂ ਕੁਝ

ਹੋਰ ਵੰਨਗੀਆਂ ਹਾਜ਼ਰ ਹਨ –

(ੳ) ਏਹ ਬੀ.ਟੀ. ਜੋ ਪਿਛੋਂ ਗੁਰੂ ਕੇ ਬਾਗ ਦਾ ਬਾਘ ਬਣ ਗਿਆ, ਸਾਡੇ ਸਾਹਮਣੇ ਲੇਲੇ ਵਾਗੂੰ ਛਹਿਆ ਫਿਰਦਾ ਅਤੇ ਹਰ ਸਟੇਸ਼ਨ ਤੇ ਜਾ ਕੇ ਲੇਲ੍ਹੜੀਆਂ ਕਢਦਾ ਸੀ।

(ਅ) ਦੇਖੀਏ ਤਾਂ ਬੜਾ ਸਾਹਿਬ ਗੋਰਾ ਪੁੱਠੀ ਟੋਪੀ ਵਾਲਾ ਪੰਜਾਬੀ ਹੈ, ਜੋ ਵਲਾਇਤ ਜਾ ਕੇ ਮੂੰਹ ਸਿਰ ਮੁਨਾ ਬਿਗੜ-ਪੰਥੀ ਹੋ ਗਿਆ ਹੈ।

(ੲ) ਉਸ ਆਖਿਆ, ਜ਼ੁਲਮ ਨਹੀਂ ਇਨਤਜ਼ਾਮ ਹੈ। ਮੈਂ ਆਖਿਆ ਇਨਤਜ਼ਾਮ ਨਹੀਂ, ਇਹ ਇਨਤਕਾਮ ਹੈ।

(ਸ) ਮੈਂ ਆਪ ਦੀ ਦਿੱਤੀ ਕੁਰਸੀ ਨੂੰ ਸ਼ੋਭਾ ਦੀ ਸੂਲੀ ਸਮਝਦਾ ਹਾਂ।

(ਹ) ਸਰੀਰ ਦੀ ਸਥੂਲਤਾ ਖੁਰਦੀ ਖੁਰਦੀ ਐਸੀ ਖੁਰੀ ਕਿ ਨਿਰੀ ਸੂਖਮਤਾ ਹੀ ਉਭਰ ਆਈ, ਬਸ ਪੰਜ-ਭੂਤਕੀ ਪਿੰਜਰੇ ਅੰਦਰ ਸੁਆਸ ਹੀ ਸੁਆਸ ਚਲਦੇ ਦਿਸਣ।

(ਕ) ਨੱਥਾ ਸਿੰਘ, ਦਿਖਾ ਦੇਹ ਇਹਨਾਂ ਨੂੰ ਚੰਡੀ ਦਾ ਭਾਉਣ।

(ਖ) ਝੋਟੇ ਵਰਗੇ ਫ਼ੌਜੀ ਜੇਲ੍ਹਰ ਨੇ...

(ਗ) ਜੇਲ੍ਹ-ਕਰਮਚਾਰੀਆਂ ਦੀ ਹਿੱਕ ਉਤੇ ਸੱਪ ਲੇਟਣ ਲੱਗ ਪਏ।

(ਘ) ਮੈਨੂੰ ਭੀ ਮੁਲਾਕਾਤ ਦਾ ਦੁੱਧ ਜੇਲ੍ਹ-ਮੁਖ਼ਤਾਰੀ ਬੱਕਰੀ ਨੇ ਇਕ ਵਾਰ ਹੀ ਚੋਣ ਦਿੱਤਾ, ਸੋ ਭੀ ਮੀਂਗਣਾਂ ਪਾ ਕੇ।

(ਙ) ਰੱਬ ਨੇ ਦਿੱਤੀਆਂ ਗਾਜਰਾਂ ਵਿੱਚ ਰੰਬਾ ਰੱਖ

(ਚ) ਅੰਮ੍ਰਿਤ ਵੇਲੇ ਇਸ਼ਨਾਨ ਕੀ ਕੀਤਾ ਕਿ ਬਲਦੀ ਪ੍ਰੇਮ ਚੁਆਤੀ ਉਤੇ ਚਮਕ-ਬਿਜਲੀ ਲਿਸ਼ਕ ਪਈ ਡੋਲ ਬਾਲਟੀਆਂ ਹੱਥ ਵਿਚ ਫੜੀਆਂ ਰਹਿ ਗਈਆਂ। ਪੰਪ ਰੂਪੀ ਦਮਦਮੇ ਵਲੋਂ ਰੈਣ ਬਸੇਰੇ ਵਲ ਜਾਣਾ ਹੀ ਭੁੱਲ ਗਿਆ।

ਭਾਈ ਸਾਹਿਬ ਦੀ ਸ਼ੈਲੀ ਵਿਚ ਹਾਸ-ਰਸ ਵਿਅੰਗ ਭੀ ਕਾਫ਼ੀ ਹੈ। ਉਪਰ ਲਿੱਖੀਆਂ ਕਈ ਸਤਰਾਂ ਇਸ ਗੱਲ ਦੀ ਗੁਆਹੀ ਦਿੰਦੀਆਂ ਹਨ, ਹੋਰ ਭੀ ਕਈ ਥਾਈਂ ਇਹਨਾਂ ਗੁਣਾਂ ਦੀ ਸੁੱਚਜੀ ਵਰਤੋਂ ਕੀਤੀ ਗਈ ਹੈ, ਜਿਵੇਂ 'ਜੰਦਰਿਆਂ ਤੋਂ ਬੰਬਾਂ ਦਾ ਕੰਮ ਲੈਣਾ' ਅਤੇ ਨਵੇਂ ਕੈਦੀਆਂ ਦੇ ਆਉਣ ਸਮੇਂ 'ਹਮ ਘਰ ਸਾਜਨ ਆਏ' ਦੇ ਸੋਹਿਲੇ ਗਾਉਣਾ, ਇਤਿ ਆਦਿਕ। ਇਹੋ ਜਿਹੇ ਗੁਣਾਂ ਵਾਲੀ ਵਾਰਤਕ ਉਸ ਸਮੇਂ ਲਿਖੀ ਜਾ ਰਹੀ ਸੀ, ਜਦੋਂ ਨਾ ਤਾ ਨਾਨਕ ਸਿੰਘ ਨੇ ਨਾਵਲ ਲਿਖਣੇ ਸ਼ੁਰੂ ਕੀਤੇ ਸਨ ਅਤੇ ਨਾ ਹੀ ਗੁਰਬਖਸ਼ ਸਿੰਘ ਨੇ ਕਲਮ ਉਠਾਈ ਸੀ। ਉਸ ਸਮੇਂ ਭਾਈ ਵੀਰ ਸਿੰਘ ਦਾ ਬੋਲ-ਬਾਲਾ ਸੀ। ਸੁੰਦਰੀ, ਸਤਵੰਤ ਕੌਰ, ਅਤੇ ਬਾਬਾ ਨੌਧ ਸਿੰਘ (ਪਹਿਲਾ ਭਾਗ) ਦੀ ਬੋਲੀ ਭੀ ਬੇਸ਼ਕ ਬਹੁਤ ਸਰਲ ਅਤੇ ਮੁਹਾਵਰੇਦਾਰ ਹੈ, ਪਰ ਜੋ ਸਰਲਤਾ ਅਤੇ ਸ਼ਬਦਾਂ ਦਾ ਕਟਵਾਂ-ਪ੍ਰਭਾਵ 'ਜੇਲ੍ਹ ਚਿੱਠੀਆਂ' ਦਾ ਹੈ, ਉਹ ਉਸ ਸਮੇਂ ਦੀ ਹੋਰ ਕਿਸੇ ਵਾਰਤਕ-ਰਚਨਾ ਵਿਚ ਨਹੀਂ ਲਭਦਾ। ਚਰਨ ਸਿੰਘ ਸ਼ਹੀਦ ਹਾਸ-ਰਸ ਦਾ ਵੱਡਾ ਉਸਤਾਦ ਸੀ, ਪਰ ਉਸ ਦੀ ਵਾਰਤਕ ਦਾ ਸਾਹ ਇਤਨਾ ਲੰਮਾ ਨਹੀਂ, ਜਿਤਨਾ ਭਾਈ ਰਣਧੀਰ ਸਿੰਘ ਜੀ ਦੀ ਵਾਰਤਕ ਦਾ। ਭਾਈ ਵੀਰ ਸਿੰਘ ਰਚਿਤ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਉਸ ਯੁੱਗ ਦੀ ਵਾਰਤਕ ਦਾ ਸਿਖਰ ਹਨ। ਉਹਨਾਂ ਰਚਨਾਵਾਂ ਦੇ ਸ਼ਬਦ ਸਚਮੁਚ ਤੀਰਾਂ ਦੇ ਚੁੱਕੇ ਹਨ ਤੇ ਸੀਨਿਆਂ ਵਿਚ ਧਸਦੇ ਹਨ, ਪਰ ਉਹ ਵਾਰਤਕ ਵਿਚ ਡੂੱਬੀ ਹੋਣ ਕਰਕੇ ਅਤੇ ਕਈ ਥਾਈਂ ਕਲਪਨਾ ਦੀ ਅਸਧਾਰਨ-ਰੰਗੀਨੀ ਵਿਚ ਹੋਣ ਕਾਰਨ, ਆਮ ਲੋਕਾਂ ਦੀ ਪਕੜ ਤੋਂ ਉੱਚੀ ਹੈ। ਇਸ ਦੇ ਉਲਟ ਭਾਈ ਰਣਧੀਰ ਸਿੰਘ ਜੀ ਦੀ ਵਾਰਤਕ ਜਨ-ਸਧਾਰਨ ਦੇ ਬਹੁਤ ਨੇੜੇ ਹੈ ਅਤੇ ਉਹਨਾਂ ਦੀ ਸੋਚਣੀ ਨੂੰ ਜਲਦੀ ਲਪੇਟ ਵਿਚ ਲੈ ਲੈਂਦੀ ਹੈ।

(੨) ਨਿਰੋਲ ਸਾਹਿਤਕ ਪੱਖ ਤੋਂ ਭਾਈ ਰਣਧੀਰ ਸਿੰਘ ਦੀ ਦੂਜੀ ਵਰਨਣ-ਯੋਗ ਰਚਨਾ 'ਉਮਰ ਕੈਦੀ ਦਾ ਸੁਪਨਾ' ਹੈ। ਇਹ ੫੪ ਸਫ਼ਿਆਂ ਦੀ ਇਕ ਲੰਮੀ ਕਹਾਣੀ ਹੈ, ਜਿਸ ਦਾ ਵਿਸ਼ਾ ਅਤੇ ਸ਼ੈਲੀ ਇਸ ਨੂੰ ਪੰਜਾਬੀ ਦੀਆਂ ਸਭ ਤੋਂ ਚੰਗੀਆਂ ਕਹਾਣੀਆਂ ਦੀ ਕਤਾਰ ਵਿਚ ਖਲਿਹਾਰਦੇ ਹਨ। ਰੂਪਕ ਪੱਖ ਤੋਂ ਅਸੀਂ ਇਸ ਨੂੰ ਚਿੰਨਵਾਦੀ ਕਹਾਣੀ ਆਖ ਸਕਦੇ ਹਾਂ। ਕਹਾਣੀ ਅਰੰਭ ਨਾਲ, ਦੁਨੀਆਂ ਦੇ ਕਾਰਖ਼ਾਨੇ ਵਿਚ ਸੱਚ ਦੀ ਮੁਤਲਾਸ਼ੀ ਆਤਮਾ ਪ੍ਰਵੇਸ਼ ਕਰਦੀ ਹੈ। ਕਦੇ ਮਲ-ਰੂਪੀ ਰਿੱਛ ਉਸ ਦਾ ਰਾਹ ਰੋਕਦਾ ਹੈ, ਕਦੇ ਮਨ-ਮੋਹਿਣੀ-ਮਾਇਆ, ਸੁੰਦਰ ਯੁਵਤੀ ਦਾ ਰੂਪ ਧਾਰ ਕੇ ਉਸ ਨੂੰ ਜਾਲ ਵਿਚ ਫਸਾਉਣ ਲਈ ਨਾਜ਼-ਨਖ਼ਰੇ ਕਰਦੀ ਹੈ। ਪਰ, ਸੱਚ ਦੀ ਮੁਤਲਾਸ਼ੀ ਆਤਮਾ ਨੂੰ ਗੁਰੂ ਦੀ ਕਿਰਪਾ ਪਰਾਪਤ ਹੈ। ਇਸ ਲਈ ਉਹ ਨਾਮ ਦਾ ਖੜਗ ਚਲਾ ਕੇ ਮਨ-ਰੂਪੀ-ਰਿੱਛ ਨੂੰ ਕਾਬਜ਼ ਕਰਦੀ ਹੈ ਤੇ ਮਨ-ਮੋਹਣੀ ਸੁੰਦਰੀ ਭੀ ਉਸ ਦਾ ਰਾਹ ਤਕਦੀ ਰਹਿ ਜਾਂਦੀ ਹੈ। ਜਦੋਂ ਮਨ-ਰੂਪੀ ਰਿੱਛ ਵੱਸ ਆ ਜਾਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦੁਨਿਆਵੀ ਕਾਰਖ਼ਾਨੇ ਦੇ ਮਜ਼ਦੂਰ ਜੀਵ-ਆਤਮਾ ਦੇ ਗੁਲਾਮ ਬਣ ਜਾਂਦੇ ਹਨ। ਪਲ ਪਲ ਦਾ ਹਿਸਾਬ ਕਰਨ ਵਾਲਾ ਚਿਤਰ ਗੁਪਤ (ਦੁਨਿਆਵੀ ਕਾਰਖ਼ਾਨੇ ਦਾ ਪਹਿਰੇਦਾਰ) ਜਦੋਂ ਜੀਵ-ਆਤਮਾ ਨੂੰ ਮੋਹ-ਬੰਧਨਾਂ ਤੋਂ ਮੁਕਤ ਹੋਈ ਵੇਖਦਾ ਹੈ, ਉਹ ਕਾਰਖ਼ਾਨੇ ਦੀਆਂ ਬੰਦ ਦੀਵਾਰਾਂ

ਵਿਚੋਂ ਆਤਮਾ ਨੂੰ ਸੁਤੰਤਰ ਕਰਨ ਲਈ ਮਜਬੂਰ ਹੋ ਜਾਂਦਾ ਹੈ। ਚਿੰਨ੍ਹਵਾਦੀ ਕਹਾਣੀਆਂ ਪੰਜਾਬੀ ਵਿਚ ਬਹੁਤ ਘਟ ਲਿਖੀਆਂ ਗਈਆਂ ਹਨ। ਉਂਗਲਾਂ ਉੱਤੇ ਗਿਣੀਆਂ ਜਾਣ ਵਾਲੀਆਂ ਜਿਹੜੀਆਂ ਕਹਾਣੀਆਂ ਛਪੀਆਂ ਭੀ ਹਨ, ਉਹਨਾਂ ਦਾ ਵਿਸ਼ਾ ਮਹਾਨ ਨਹੀਂ। ਉਹ ਜਨੌਰ ਜਾਂ ਪਸ਼ੂ-ਵ੍ਰਿਤੀਆਂ ਤੋਂ ਅੱਗੇ ਨਹੀਂ ਲੰਘ ਸਕੀਆਂ। ਭਾਈ ਸਾਹਿਬ ਦੀ ਕਹਾਣੀ 'Pilgrim Progress' ਵਾਂਗ ਪਰਮਾਰਥ ਦੇ ਪਾਂਧੀਆਂ ਨੂੰ ਸਦਾ ਰਾਹ ਵਿਖਾਉਂਦੀ ਰਹੇਗੀ।

(੩) ਭਾਈ ਸਾਹਿਬ ਦੀ ਸਮੁੱਚੀ ਰਚਨਾਂ ਉਤੇ ਸਿੱਖ ਧਰਮ ਦੀ ਮੋਹਰ ਹੈ। 'ਜੇਲ੍ਹ ਚਿੱਠੀਆਂ' ਦਾ ਵਿਸ਼ਾ ਬੇਸ਼ਕ ਜੀਵਨ ਜਿੱਡਾ ਵਿਸ਼ਾਲ ਹੈ ਅਤੇ 'ਉਮਰ ਕੈਦੀ ਦਾ ਸੁਪਨਾ' ਸਾਰੀ ਮਨੁੱਖਤਾ ਦੀ ਪੁਕਾਰ ਹੈ, ਫੇਰ ਭੀ ਇਹਨਾਂ ਰਚਨਾਵਾਂ ਨੂੰ ਅਸੀਂ ਸਿੱਖੀ ਤੋਂ ਅੱਡ ਨਹੀਂ ਕਰ ਸਕਦੇ। 'ਜੇਲ੍ਹ-ਚਿੱਠੀਆਂ' ਦਾ ਪਹਿਲਾ ਭਾਗ ਤਾਂ ਨਿਰੋਲ ਗੁਰਮਤਿ ਦਾ ਪਰਕਾਸ਼ ਹੈ। ਅਨੁਭਵ ਦੁਆਰਾ ਨਾਮ ਦੇ ਰਹੱਸ ਨੂੰ ਖੋਲ੍ਹਿਆ ਗਿਆ ਹੈ। ਦੂਜੇ ਤੇ ਤੀਜੇ ਭਾਗ ਵਿਚ ਜੇਲ੍ਹ ਦੀਆਂ ਕਾਲ-ਕੋਠੜੀਆਂ ਅਤੇ ਜੇਲ੍ਹ-ਕਰਮਚਾਰੀਆਂ ਦੇ ਤਸੀਹਿਆਂ ਦੇ ਉਹਲੇ ਭੀ ਨਾਮ ਵਿਚ ਰੰਗੀ ਹੋਈ ਮਹਾਨ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ। ਉਮਰ ਕੈਦੀ ਦਾ ਸੁਪਨਾ' ਸਿੱਖੀ ਮਾਰਗੀ ਦਾ ਭੇਤ-ਕਹਾਣੀ (allegory) ਹੈ। 'ਜੇਲ੍ਹ ਚਿੱਠੀਆਂ' ਦਾ ਸਮਾਂ ਭਾਈ ਸਾਹਿਬ ਦੇ ਆਤਮਕ ਵਿਕਾਸ ਦਾ ਸਮਾਂ ਸੀ। ਉਹਨੀਂ ਦਿਨੀਂ ਆਪ ਨੇ ਕਠਨ ਸਾਧਨਾਂ ਅਤੇ ਨਾਮ-ਅਭਿਆਸ ਰਾਹੀਂ ਆਪਣੇ ਆਪ ਨੂੰ ਮਹਾਨ ਕਾਰਜ ਲਈ ਤਿਆਰ ਕੀਤਾ ਸੀ, ਜਿਸ ਕਾਰਜ ਨੂੰ ਗੁਰਪੁਰਵਾਸ ਹੋਣ ਤਕ ਆਪ ਨਿਰਵਿਘਨ ਨਿਬਾਹੁੰਦੇ ਰਹੇ। ਸਿਖ ਧਰਮ, ਗੁਰਬਾਣੀ ਅਤੇ ਗੁਰ-ਇਤਿਹਾਸ ਬਾਰੇ ਪੰਥ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨ ਤੋਂ ਉਪਰੰਤ ਆਪ ਨੇ ਗੁਰਮਤਿ ਦੇ ਖੋਜੀਆਂ ਲਈ ਚਾਨਣ ਦਾ ਹੜ੍ਹ ਵਗਾ ਦਿੱਤਾ। ੧੯੩੦ ਵਿਚ ਉਮਰ-ਕੈਦ ਕੱਟ ਕੇ ਆਪ ਰਿਹਾ ਹੋਏ ਤੇ ਇੰਜ ਜਾਪਦਾ ਹੈ, ਇਹਨਾਂ ਜ਼ੰਜੀਰਾਂ ਦੇ ਟੁੱਟਣ ਸਾਰ ਆਪ ਦੀ ਆਤਮਾ ਦੁਆਲਿਓਂ ਤ੍ਰੈਗੁਣੀ ਜ਼ੰਜੀਰਾਂ ਭੀ ਟੁੱਟ ਗਈਆਂ ਅਤੇ ਆਪ ਤ੍ਰੈਗੁਣ-ਅਤੀਤ ਹੋ ਕੇ ਮਨ ਬਚਨ ਤੇ ਕਰਮ ਰਾਹੀਂ ਭੁੱਲੇ-ਭਟਕੇ ਜੀਵਾਂ ਨੂੰ ਸਿੱਧੇ ਰਾਹ ਪਾਉਣ ਲੱਗ ਪਏ। ਅੰਮ੍ਰਿਤ ਪਰਚਾਰ, ਅਖੰਡ ਪਾਠ ਅਤੇ ਅਖੰਡ ਕੀਰਤਨ ਦੀ ਪਰੰਪਰਾ ਨੂੰ ਨਵੀਂ ਤਾਕਤ ਦੇਣ ਤੋਂ ਛੁੱਟ ਆਪ ਨੇ ਗੁਰਮਤਿ ਦੀ ਖੋਜ ਅਤੇ ਗੁਰਬਾਣੀ ਦੀ ਵਿਆਖਿਆ ਬਾਰੇ ਦਰਜਨਾਂ ਪੁਸਤਕਾਂ ਲਿਖੀਆਂ। ਵਿਸ਼ੇ ਦੇ ਪੱਖ ਤੋਂ ਆਪ ਦੀਆਂ ਰਚਨਾਵਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ –

(ੳ) ਨਾਮ ਦਾ ਰਹੱਸ, ਨਾਮ-ਅਭਿਆਸ ਦੀ ਜੁਗਤੀ ਅਤੇ ਨਾਮ ਦੀ ਪਰਾਪਤੀ।

(ਅ) ਗੁਰਮਤਿ ਬਿਬੇਕ ਅਤੇ ਸਿੱਖੀ ਰਹਿਤ।

(ੲ) ਕਰਮ ਫ਼ਿਲਾਸਫ਼ੀ।

(ਸ) ਗੁਰਬਾਣੀ ਅਨੁਸਾਰ ਕਈ ਆਤਮਕ ਅਵਸਥਾਵਾਂ ਅਤੇ ਰੂਹਾਨੀ ਮੰਡਲਾਂ ਦੀ ਵਿਆਖਿਆ।

(ਹ) ਸਿੱਖ-ਇਤਿਹਾਸ ਦੇ ਕੁਝ ਧੁੰਦਲੇ ਪੰਨਿਆਂ ਉਤੇ ਰੌਸ਼ਨੀ।

(ਕ) ਗੁਰਬਾਣੀ ਦੇ ਸ਼ੁੱਧ ਅਰਥ ਅਤੇ ਭਾਵਾਂ ਦੀ ਸਰਲ ਵਿਆਖਿਆ। ਇਹ ਵੰਡ ਪੁਸਤਕਾਂ ਅਨੁਸਾਰ ਨਹੀਂ ਕੀਤੀ ਗਈ, ਸਗੋਂ ਭਾਈ ਸਾਹਿਬ ਦੀ ਸਮੁੱਚੀ ਰਚਨਾ ਦੇ ਮੁਖ ਵਿਸ਼ਿਆਂ ਨੂੰ ਸਨਮੁਖ ਰੱਖ ਕੇ ਪਾਠਕਾਂ ਦੀ ਸਹੂਲਤ ਲਈ ਵਿਸ਼ੇ-ਵੰਡ ਕੀਤੀ ਗਈ ਹੈ। ਵੈਸੇ ਹਰ ਭਾਗ ਦੇ ਅੱਗੋਂ ਕਈ ਹੋਰ ਉਪਭਾਗ ਕੀਤੇ ਜਾ ਸਕਦੇ ਹਨ, ਕਿਉਂਕਿ ਭਾਈ ਸਾਹਿਬ ਦੀ ਰਚਨਾ ਦੇ ਆਕਾਰ ਦਾ ਵਿਸਥਾਰ ਇਤਨਾ ਵੱਡਾ ਹੈ ਕਿ ਉਸ ਰਾਹੀਂ ਗੁਰਮਤਿ ਨਾਲ ਸੰਬੰਧਤ ਨਿੱਕੇ ਵੱਡੇ ਅਨੇਕਾਂ ਵਿਸ਼ਿਆਂ ਦਾ ਨਿਰੂਪਣ ਹੋ ਚੁੱਕਾ ਹੈ। ਹੇਠ ਲਿਖੀਆਂ ਪੁਸਤਕਾਂ ਪੜ੍ਹ ਕੇ ਪਾਠਕ ਨੂੰ ਗੁਰਮਤਿ ਬਾਰੇ ਭਰਪੂਰ ਗਿਆਨ ਹੋ ਜਾਂਦਾ ਹੈ। ਇਹਨਾਂ ਵਿਚਲੇ ਭਾਵ ਭੀ ਜੇਕਰ ਪਾਠਕਾਂ ਦੇ ਜੀਵਨ ਵਿਚ ਰਚ-ਮਿਚ ਜਾਣ ਤਾਂ ਸਮਝੋ ਉਹਨਾਂ ਦੀ ਚੁਰਾਸੀ ਕੱਟੀ ਗਈ।

'ਨਾਮ' ਦੀ ਖੋਜ ਬਾਰੇ 'ਜੇਲ੍ਹ-ਚਿੱਠੀਆਂ' ਦੇ ਪਹਿਲੇ ਭਾਗ ਵਿਚ ਭਾਈ ਸਾਹਿਬ ਨੇ ਸ੍ਵੈ-ਅਨੁਭਵ ਦੇ ਚਮਤਕਾਰ ਵਿਖਾਏ ਸਨ। 'ਗੁਰਮਤਿ ਨਾਮ ਅਭਿਆਸ ਕਮਾਈ' ਨਾਂ ਦੀ ਪੁਸਤਕ ਰਾਹੀਂ ਆਪ ਨੇ ਗੁਰਬਾਣੀ ਦੇ ਅਧਾਰ ਉਤੇ ਨਾਮ ਸਬੰਧੀ ਅਨੇਕਾਂ ਸੁਆਲਾਂ ਨੂੰ ਛੇੜ ਕੇ, ਕਾਫ਼ੀ ਸ਼ੰਕਿਆਂ ਨੂੰ ਦੂਰ ਕੀਤਾ ਹੈ।

ਨਾਮ ਅਤੇ ਨਾਮੀ ਦੇ ਵਿਸ਼ੇ ਉੱਤੇ ਪ੍ਰਾਚੀਨ ਦਰਸ਼ਨ ਸਾਸਤਰਾਂ ਵਿਚ ਬਹੁਤ ਕੁਝ ਲਿਖਿਆ ਮਿਲਦਾ ਹੈ ਸਿੱਖ-ਪੰਥ ਵਿਚ ਭੀ ਕਈ ਵਿਦਵਾਨਾਂ ਨੇ ਇਸ ਮਜ਼ਬੂਨ ਉੱਤੇ ਕਈ ਲੇਖ ਲਿਖੇ ਹਨ ਪਰ ਨਾਮ ਦਾ ਰਹੱਸ ਅਜੇ ਰਹੱਸ ਹੀ ਬਣਿਆ ਰਿਹਾ ਹੈ। ਕੋਈ ਵੇਦਾਂਤ ਦੇ ਪ੍ਰਭਾਵ ਹੇਠਾਂ ਅਤੇ ਕੋਈ ਯੋਗ-ਮਤ ਅਨੁਸਾਰ ਗੁਰਬਾਣੀ ਵਿਚ ਬਾਰ ਬਾਰ ਆਏ 'ਨਾਮ' ਦਾ ਅਰਥ ਢੂੰਡਦਾ ਹੈ। 'ਨਾਮ' ਨੂੰ ਮੰਨਣਾ ਤਾਂ ਕਿਤੇ ਰਿਹਾ, ਸੁਨਣ ਬਾਰੇ ਭੀ ਕਈ ਭੁਲੇਖੇ ਹਨ। ਕੋਈ ਯੋਗ ਦੇ ਛੇ ਚਕਰਾਂ ਨੂੰ ਵਿੰਨ੍ਹਣ ਪਿਛੋਂ ਨਾਮ ਦੀ ਪਰਾਪਤੀ ਦ੍ਰਿੜ ਕਰਾਉਂਦਾ ਹੈ। ਕੋਈ ਮੂਕ-ਜ਼ਬਾਨ ਰਾਹੀਂ ਅਜਪਾ-ਜਾਪ ਦੀ ਜੁਗਤੀ ਦਰਸਾਉਂਦਾ ਹੈ।

ਭਾਈ ਰਣਧੀਰ ਸਿੰਘ ਨੇ ਇਸ ਪੁਸਤਕ ਰਾਹੀਂ ਨਾਮ ਬਾਰੇ ਸਭ ਸੁਆਲਾਂ ਦਾ ਜੁਆਬ ਇਸ ਢੰਗ ਨਾਲ ਦਿੱਤਾ ਹੈ ਕਿ ਨਾਮ-ਅਭਿਆਸ ਭੀ ਅਤੇ ਤਰਕਵਾਦੀ ਭੀ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਕਹਿ ਸਕਦੇ।

ਭਾਈ ਰਣਧੀਰ ਸਿੰਘ ਜੀ ਦੀਆਂ ਦਲੀਲਾਂ ਵਿਚ ਨਿੱਜੀ ਅਨੁਭਵ ਦਾ ਪਰਕਾਸ਼ ਹੈ। ਉਹਨਾਂ ਦੀ ਲਿਖਤ ਵਿਚ ਚੁੰਚ ਗਿਆਨ ਵਾਲੀ ਅਕਲੀ-ਧੁੰਦ ਕਿਤੇ ਨਹੀਂ, ਤੱਤ-ਗਿਆਨ ਵਾਲਾ ਨਿਰਮਲ-ਚਾਨਣ ਹੈ। ਅੰਗ੍ਰੇਜ਼ੀ ਪੜ੍ਹੇ ਲਿਖੇ ਟੇਡ ਰਵਸ਼ੀਏ ਲਾਜ਼ੀਸ਼ੀਆਨਾ ਵਾਂਗ ਆਪ ਨੇ ਗੁਰਬਾਣੀ ਨੂੰ ਆਪਣੀ ਸਮਝ ਦੇ ਪਿੱਛੇ ਨਹੀਂ ਲਾਇਆ। ਇਸ ਦੇ ਉਲਟ ਆਪ ਨੇ ਸੱਚ ਦੀ ਖੋਜ ਲਈ; ਆਪਣੀ ਸਮਝ ਨੂੰ ਗੁਰਬਾਣੀ ਦੇ ਪਿੱਛੇ ਲਾਇਆ ਹੈ। ਇਸ ਦੇ ਫਲ-ਸਰੂਪ ਆਪ ਦੇ ਵਿਚਾਰਾਂ ਵਿਚ ਸਮਕਾਲੀ ਵਿਆਖਿਆਕਾਰਾਂ ਨਾਲੋਂ ਵਧੇਰੇ ਸਰਲਤਾ ਅਤੇ ਸਪੱਸ਼ਟਤਾ ਹੈ। ਆਪ ਨੇ ਨਾਮ ਦਾ ਰਹੱਸ ਖੋਲਣ ਤੋਂ ਬਿਨਾਂ ਨਾਮ-ਅਭਿਆਸ ਦੀ ਜੁਗਤੀ ਅਤੇ ਨਾਮ ਤੀਆਂ ਬਰਕਤਾਂ ਬਾਰੇ ਭੀ ਵੇਰਵੇ ਸਹਿਤ ਵੀਚਾਰ ਪੇਸ਼ ਕੀਤੇ ਹਨ। ਅਜਪਾ ਜਾਪ ਦੇ ਅਸਲ ਭਾਵ ਨੂੰ ਦਰਸਾਉਣ ਬਿਨਾਂ ਆਪ ਨੇ ਜਪੁਜੀ ਸਾਹਿਬ ਵਿਚ ਆਈਆਂ 'ਸੁਣਿਐ' ਅਤੇ 'ਮੰਨੇ' ਵਾਲੀਆਂ ਸਾਰੀਆਂ ਪਉੜੀਆਂ ਦੀ ਵਿਆਖਿਆ ਹੈਰਾਨ ਕਰਨ ਵਾਲੀ ਸੋਝੀ ਦੁਆਰਾ ਕੀਤੀ ਹੈ। ਵਿਦਵਾਨ ਵਿਆਖਿਆਕਾਰ ਨੇ ਭਾਈ ਜੋਧ ਸਿੰਘ ਵਰਗੇ ਮਹਾਨ ਵਿਦਵਾਨ ਅਤੇ ਗੁਰਮਤਿ ਦੇ ਖੋਜੀ ਦੇ ਟੀਕੇ (ਜਪੁਜੀ ਸਟੀਕ) ਉਤੇ ਕਰੜੀ ਆਲੋਚਨਾ ਕਰ ਕੇ ੧੪੦ ਪੰਨਿਆਂ (ਪੁਸਤਕ ਗੁਰਮਤਿ ਨਾਮ ਅਭਿਆਸ ਕਮਾਈ) ਵਿਚ 'ਸੁਣਿਐ ਅਤੇ ਮੰਨੇ' ਅੱਠਾਂ ਪਉੜੀਆਂ ਦੀ ਇਹੋ ਜਿਹੀ ਪੱਧਰ ਦੀ ਵਿਆਖਿਆ ਕੀਤੀ ਹੈ, ਜਿਸ ਨੂੰ ਮਹਾਨ ਪ੍ਰਤਿਭਾ (Genius) ਦਾ ਚਮਤਕਾਰ ਆਖਣਾ ਵਧੇਰੇ ਸ਼ੋਭਨੀਕ ਹੈ। ਨਾਮ ਦਾ ਸਿਮਰਨ, ਨਾਭੀ-ਕੰਵਲ ਦਾ ਖਿੜਨਾ, ਦਸਮ ਦੁਆਰ ਦੀ ਖੇਡ ਅਤੇ ਅਨਹਦ ਸ਼ਬਦ ਦਾ ਰਹੱਸ ਬਿਆਨ ਕਰਦੇ ਹੋਏ ਭਾਈ ਸਾਹਿਬ ਕਵੀ ਬਣ ਜਾਂਦੇ ਹਨ ਅਤੇ ਆਪ ਦੇ ਭਾਵਾਂ ਦੀ ਰਵਾਨੀ ਸਭ ਸ਼ੰਕਿਆਂ ਨੂੰ ਰੋੜ੍ਹ ਕੇ ਪਾਠਕਾਂ ਨੂੰ ਨਾਮ ਦੇ ਰੰਗ ਵਿਚ ਰੰਗ ਦਿੰਦੀ ਹੈ।

ਭਾਈ ਸਾਹਿਬ ਦੀ ਵਾਰਤਕ 'ਖੇੜੇ ਦੀ ਵਾਰਤਕ' ਹੈ। ਇਸ ਰਾਹੀਂ ਜੋਤਿ ਵਿਗਾਸ' ਅਤੇ ਨਾਭੀ-ਕੰਵਲ ਦੇ ਖਿੜਨ ਦਾ ਰਹੱਸ ਇਤਨੇ ਬਲਵਾਨ ਰੂਪ ਵਿਚ ਪਰਗਟ ਹੋਇਆ ਹੈ, ਜੋ ਕਿਸੇ ਸਮਕਾਲੀ ਲੇਖਕ ਦੀ ਵਾਰਤਕ ਵਿਚ ਨਹੀਂ ਲਭਦਾ। ਸਿਮਰਨ ਦੀ ਜੁਗਤੀ ਬਾਰੇ ਹੇਠ ਲਿਖੀਆਂ ਸਤਰਾਂ ਸ੍ਵੈ-ਅਨੁਭਵ ਰਾਹੀਂ ਪਰਗਟ ਹੋਈਆਂ ਹਨ –

(ੳ) ਫੇਰ ਇਹ ਕਿ ਇਸ ਸਿਫ਼ਤ ਸਲਾਹ ਨੂੰ ਸ਼ਬਦ (ਬੈਖਰੀ ਬਾਣੀ) ਦੁਆਰਾ ਭੀ ਉਚਰੇ। 'ਹਿਰਦੇ ਨਾਲਿ' (ਪਰਾ, ਪਸਤੀ, ਮਧਮਾ ਬਿਵਸਥਾ ਵਿਚ ਭੀ) ਅਰਾਧਨ ਕਰੇ। ਤੇ 'ਰਿਧੈ ਸਮਾਲਿ' (ਨਾਭੀ ਵਿਚ ਉਤਰ ਕੇ) ਭੀ ਰੱਖੇ, ਹਰ ਤਰ੍ਹਾਂ ਬੇੜਾ ਪਾਰ ਹੈ।

(ਅ) ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲਿ ਜੋੜਨਾ ਹੈ। ਨਾਮ ਜਪਦੇ ਹੋਏ, ਜਾਪ ਦੇ ਅਰੰਭ ਵਿਚਿ ਸ਼ਬਦ ਨਾਲਿ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ ਜਾਪ ਕਰਦਿਆਂ ਆਵੇ (ਨਿਕਲੇ) ਉਸ ਧੁਨਿ ਨਾਲ ਸੁਰਤੀ ਜੋੜਨਾ ਇਹ ਸ਼ਬਦ ਸੁਰਤਿ ਦਾ ਆਰੰਭਕ ਖੇਲ੍ਹ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਦੁਅਖਰੇ (ਵਾਹਿਗੁਰੂ) ਦਾ ਪਹਿਲਾ ਦੁਅਖਰਾ, ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰਿ ਲੈ ਜਾਵੇ, ਸਹਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਜ ਵੇਗ ਸੁਆਸੀ ਵੇਗ ਹੀ ਉਪਰੋਂ (ਅੰਦਰ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਸ਼ਬਦ ਦੇ ਹਿੱਸੇ ਨੂੰ ਰਸਨਾ ਨਾਲਿ ਸਪਰਸ਼ ਕਰ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰੱਖੋ। ਉਪਰ ਨੂੰ ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸੁਪਰਸ ਹਲਕ ਤਾਲੂ ਸਹਿਤ ਹੋਵੇਗਾ। ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸੁਪਰਸੇਗੀ। ਇਸ ਸੁਪਰਸ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮਾ, ਪਰਾ, ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤ ਨੂੰ ਜੋੜਨਾ ਹੈ। 'ਸਬਦ ਗੁਰੂ ਸੁਰਤਿ ਧੁਨ' ਗੁਰਵਾਕ ਅਨੁਸਾਰ ਇਹ ਗੁਰਮਤਿ ਨਾਮੁ 'ਚੇਲਾ' ਦੇ ਅਭਿਆਸ ਦੀ ਖੇਡ ਹੈ, ਸ਼ਬਦ ਗੁਰੂ ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ ਪਾਰਸ ਰੂਪੀ ਹੈ। ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲਿ ਸੁਰਤੀ ਸਹਿਤ ਸਪਰਸਿਆਂ ਕਾਟ ਕਰ ਕੇ ਸਨੇ ਸਨੇ ਬਿਸਮਾਦ ਰੂਪ ਵਿਚਿ ਲੀਨਤਾ ਦਾ ਆਨੰਦ, ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਜਦੋਂ ਰਸ ਬਿਸਮਤਾ ਦੀ ਨੌਬਤ ਆਣਿ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ ਬਿਸਮਾਦ ਕਲਾ ਵਿਚਿ ਲੀਨ ਹੋ ਕੇ ਸਹਜ ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਕੋਈ ਖ਼ਾਸ ਯਤਨ ਨਹੀਂ ਕਰਨਾ ਪੈਂਦਾ।

# ਸੰਤ ਸਰੂਪ ਭਾਈ ਰਣਧੀਰ ਸਿੰਘ ਜੀ

*[ਸ. ਗੁਰਦਿਆਲ ਸਿੰਘ ਜੀ]*

ਇਸ ਦਾਸਰੇ ਨੇ ਉਪਰੋਕਤ ਮਹਾਨ ਵਿਅਕਤੀ ਦੇ ਦਰਸ਼ਨ ਆਪਣੇ ਹੋਰ ਸੰਗੀ ਸਹ-ਪਾਠੀਆਂ ਸਮੇਤ ੧੩ ਅਪ੍ਰੈਲ ੧੯੫੯ ਨੂੰ ਕੀਤੇ ਸਨ। ਉਹੋ ਜਿਹੇ ਦਰਸ਼ਨ ਹੁਣ ਤਕ ਬਤੀਤ ਹੋਏ ਆਪਣੇ ਜੀਵਨ ਵਿਚ ਕਿਸੇ ਹੋਰ ਮਹਾਨ ਹਸਤੀ ਦੇ ਨਹੀਂ ਹੋਏ। ਉਸ ਸਮੇਂ ਇਕ ਅਲੌਕਿਕ ਨਜ਼ਾਰਾ ਪ੍ਰਤੀਤ ਹੋਇਆ। ਸੰਤ ਮੂਰਤੀ ਭਾਈ ਸਾਹਿਬ ਜੀ ਉਸ ਸਮੇਂ ਲੁਧਿਆਣੇ ਇਕ ਨਵੇਕਲੇ ਕਮਰੇ ਵਿਚ, ਜੋ ਕਿ ਉਨ੍ਹਾਂ ਦੀ ਸਪੁੱਤਰੀ ਦੀ ਕੋਠੀ ਹੈ, ਬਿਸਤਰੇ ਪਰ ਲੰਮੇ ਪਏ ਹੋਏ ਸਨ। ਸਰੀਰ ਪਰ ਕਾਲਾ ਚੋਲਾ, ਸੀਸ ਪਰ ਬਸੰਤੀ ਦਸਤਾਰ (ਕੇਸਕੀ) ਸੀ। ਬੇਅੰਤ ਸੰਗਤਾਂ ਭਾਈ ਸਾਹਿਬ ਜੀ ਦੇ ਦਰਸ਼ਨ ਕਰ ਕੇ ਅਨੰਦ ਪ੍ਰਸੰਨ ਹੁੰਦੀਆਂ, ਵਾਹਿਗੁਰੂ ਵਾਹਿਗੁਰੂ ਉਚਾਰਦੀਆਂ ਕਮਰੇ ਵਿਚੋਂ ਬਾਹਰ ਆ ਰਹੀਆਂ ਸਨ। ਦਾਸ ਨੂੰ ਉਸ ਵੇਲੇ ਭਾਈ ਸਾਹਿਬ ਜੀ ਦਾ ਚਿਹਰਾ ਅਤਿਅੰਤ ਲਾਲੋ ਲਾਲ, ਤੇਜਮਈ ਤੇ ਇਉਂ ਜਾਪਿਆ ਜਿਵੇਂ ਕੋਈ ਅਕੱਥ ਨੂਰ ਭਾਈ ਸਾਹਿਬ ਦੇ ਚਿਹਰੇ ਤੋਂ ਅਕਾਸ਼ ਵਲ ਝਲਕਾਂ ਡਲ੍ਹਕਾਂ ਮਾਰ ਰਿਹਾ ਹੋਵੇ। ਭਾਈ ਸਾਹਿਬ ਜੀ ਦੇ ਉਸ ਸਮੇਂ ਨੇਤਰ ਖੁਲ੍ਹੇ ਹੋਏ, ਝਮਕ ਰਹਿਤ ਸਨ। ਦਾਸ ਨੇ ਹੋਰ ਸਿੰਘਾਂ ਪਾਸੋਂ ਪੁੱਛ ਕੀਤੀ ਕਿ ਕੀ ਭਾਈ ਸਾਹਿਬ ਜੀ ਦੇ ਨੇਤਰ ਨਹੀਂ ਝਮਕਦੇ। ਉਹਨਾਂ ਉਤੱਰ ਦਿੱਤਾ ਕਿ ਇਸ ਵੇਲੇ ਅਜਿਹੀ ਅਵਸਥਾ ਵਿਚ ਹਨ।

ਦੁਬਾਰਾ ੧੯੬੦ ਵੈਸਾਖੀ ਦੇ ਸਮਾਗਮ ਤੇ ਦਰਸ਼ਨ ਕੀਤੇ। ਜਿਵੇਂ ਕੇਂਦਰੀ ਸਿਖ ਅਜਾਇਬ-ਘਰ ਵਿਖੇ ਫ਼ੋਟੋ ਲਗੀ ਹੋਈ ਹੈ, ਤਿਵੇਂ ਸੀਸ ਪਰ ਚੱਕਰ, ਸਿਮਰਨਾ ਤੇ ਖੰਡਾ ਸਸ਼ੋਭਤ, ਚਿਹਰਾ ਬੱਬਰ ਸ਼ੇਰ ਦੀ ਨਿਆਈਂ, ਅੱਖਾਂ ਵਿਚ ਸ਼ੇਰ ਦੀਆਂ ਅੱਖਾਂ ਵਾਂਗ ਚਮਕ ਅਤੇ ਐਨਕਾਂ ਲਗੀਆਂ ਹੋਈਆਂ ਸਨ। ਬੈਰਾਗਣ ਦਾ ਆਸਰਾ ਲੈ ਕੇ ਬੈਠ ਰਹੇ ਸਨ। ਇਹ ਸਨ ਉਹਨਾਂ ਦੇ ਅਦਭੁਤ ਦਰਸ਼ਨ, ਜੋ ਦਾਸ ਨੂੰ ਸਹੀ ਸਹੀ ਪ੍ਰਤੀਤ ਹੋਏ ਤੇ ਅਜ ਤਕ ਉਹੋ ਪਿਆਰੇ ਦਰਸ਼ਨ ਦੀ ਯਾਦ ਹਿਰਦੇ ਅੰਦਰ ਵਸ ਰਹੀ ਹੈ। ਕਦੀ ਕਦੀ ਜ਼ਿਆਦਾ ਪ੍ਰਬਲ ਹੋ ਕੇ ਨੈਣੀਂ ਨੀਰ ਵੀ ਵਹਾ ਦਿੰਦੀ ਹੈ।

ਉਹ ਪਿਆਰੀ ਹਸਤੀ ਸੰਤ ਸਰੂਪ ਕਿਵੇਂ ਹੈ ਉਹ ਭਾਵੇਂ ਲਿਖਣ ਤੋਂ ਅਸਮਰਥ ਹਾਂ, ਫਿਰ ਵੀ ਉਹਨਾਂ ਦੇ ਜੀਵਨ ਦੀਆਂ ਝਲਕਾਂ, ਉਹਨਾਂ ਦੀਆਂ ਪੁਸਤਕਾਂ ਤੇ ਨਿਕਟ-ਵਰਤੀ ਸਿੰਘਾਂ ਰਾਹੀਂ ਸ੍ਰਵਣ ਕਰਨ ਨਾਲ ਜੋ ਦਰਸ਼ਮਾਨ ਹੋਈਆਂ ਹਨ, ਉਹਨਾਂ ਰਾਹੀਂ ਪਤਾ ਲਗਦਾ ਹੈ ਕਿ ਉਹ ਐਡੀ ਮਹਾਨ ਸ਼ਖਸੀਅਤ ਸਨ ਅਮੀਰ ਘਰਾਣੇ ਵਿਚ ਸੰਸਾਰੀ ਉਚ ਵਿਦਿਆ ਪ੍ਰਾਪਤ ਕਰ ਕੇ ਬਿਦੇਸ਼ੀ ਹਕੂਮਤ ਸਮੇਂ ਵੱਡੇ ਵੱਡੇ ਅਹੁਦਿਆਂ ਤੇ ਸਰਵਿਸ ਕਰ ਕੇ, ਗ੍ਰਿਹਸਤੀ ਜੀਵਨ ਬਿਤਾਂਦੇਂ ਹੋਏ, ਪੂਰੀ ਮਾਣ ਵਡਿਆਈ ਪ੍ਰਾਪਤ ਕਰ ਕੇ ਫਿਰ ਅਤੀਤ ਸਾਧੂਆਂ ਵਾਂਗ ਨਿਮਰਤਾ ਗਰੀਬੀ ਵੇਸ, ਦੁਖ ਸੁਖ ਸਮ ਕਰ ਸਹਿਣ, ਕਹਿਣੀ ਅਤੇ ਕਥਨੀ ਵਿਚ ਇਕਸਾਰਤਾ ਮਾਨ ਅਪਮਾਨ ਦੀ ਤੇ ਨਿੰਦਾ ਉਸਤਤ ਦੀ ਪਰਵਾਹ ਨਾ ਕਰਨੀ ਅਤੇ ਗੁਰਸਿਖੀ ਅਸੂਲਾਂ ਤੇ ਡਟ ਕੇ, ਰਹਿਤ ਮਰਯਾਦਾ ਦੀਆਂ ਅਤਿਅੰਤ ਸਖਤਾਈਆਂ ਵਿਚ ਰਹਿ ਕੇ ਜੀਵਨ ਬਤੀਤ ਕਰਨਾ, ਪੂਰਨ ਸੰਤਤਾਈ ਦੇ ਲਛਣ ਨਹੀਂ ਹਨ ਤਾਂ ਹੋਰ ਕੀ ਹੈ? ਬੇਅੰਤ ਸਾਧੂ ਸੰਤ ਦੇਖੇ ਗਏ ਹਨ ਜੋ ਕਿ ਕੁਝ ਕੁ ਪੱਖੀ ਗੁਣਾਂ ਦੇ ਧਾਰਨੀ ਹੁੰਦੇ ਹਨ। ਗ੍ਰਿਹਸਥ ਤਿਆਗ ਦੇਣਾ, ਜੇ ਨਾਮ ਜਪਣ ਕਰਕੇ ਕੁਝ ਚਮਤਕਾਰ ਪ੍ਰਾਪਤ ਹੋਏ ਤਾਂ ਰਹਿਤ ਮਰਯਾਦਾ ਵਲੋਂ ਅਵੇਸਲੇ ਹੋ ਜਾਣਾ, ਕਹਿਣਾ ਇਹ ਕਿ ਬ੍ਰਹਮ ਗਿਆਨੀਆਂ ਨੂੰ ਬੰਧਨਾਂ ਦੀ ਜ਼ਰੂਰਤ ਨਹੀਂ। ਪਹਿਲਾਂ ਮਾਇਆ ਤਿਆਗੀ ਫਿਰ ਮਾਇਆ ਰੂਪੀ ਰਿਧੀਆਂ ਸਿਧੀਆਂ ਰਾਹੀਂ ਪੂਜਯ ਬਣ ਬਹਿਣਾ, ਫਿਰ ਕੋਠੇ ਮੰਡਪ ਮਾੜੀਆਂ ਦੇ ਪਸਾਰੇ ਕਰਨ ਲਗ ਪੈਣਾ। ਪਰੰਤੂ ਭਾਈ ਸਾਹਿਬ ਜੀ ਦੇ ਜੀਵਨ ਵਿਚ ਇਹੋ ਜਿਹੀ ਘਟਨਾ ਜਾਂ ਅਵਸਥਾ ਨਜ਼ਰ ਨਹੀਂ ਆਈ। ਉਹ ਤਾਂ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸਨ, ਜਿਵੇਂ ਚੋਟੀ ਦੇ ਨਾਮ-ਅਭਿਆਸੀ ਤੇ ਨਾਮ ਜਪਣ ਰਾਹੀਂ ਹੋਈ ਸ਼ਕਤੀ ਨੂੰ ਅੰਦਰੇ ਅੰਦਰ ਜਰਨ ਵਾਲੇ, ਚੋਟੀ ਦੇ ਅਣਥੱਕ ਤੇ ਨਿਸ਼ਕਾਮ ਕੀਰਤਨੀਏ, ਆਪਣੇ ਸਮੇਂ ਦੇ ਉੱਚ ਵਿਦਵਾਨ, ਸਰਕਾਰੀ ਉਚ ਅਹੁਦਿਆਂ ਨੂੰ ਠੁਕਰਾਣ

***(ਬਾਕੀ ਪੰਨਾ 41 'ਤੇ)***

# ਸੱਚੀ ਸੂਰਮਤਾਈ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨਾਮ-ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ...੧॥੨॥੪॥੩੫॥*

*ਅੰਗ - ੬੭੯*

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫੀਨੀਸ਼ਨ ਕਿਆ ਸੁੰਦਰ ਦੱਸੀ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿੱਚ ਹੀ ਆ ਕੇ, ਦੇਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿੱਤਿਆ ਨਹੀਂ ਜਾ ਸਕਦਾ ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਤਾਜ ਹੋ ਕੇ ਜਗਤ-ਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸ਼ ਵਿਚ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿੱਚ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ ਜੀਵਨ ਅੰਦਰ ਹੀ ਪ੍ਰਵੇਸ਼ ਹੋ ਸਕਦੀ ਹੈ। ਇਸ ਬਿਧਿ ਪ੍ਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰੱਤੜੇ-ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਭਾਵਨਾ ਆ ਸਕਦੀ ਹੈ। ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖ਼ਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ! ਇਸ ਸਹਿਜ ਅਵਸਥਾ ਵਿੱਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸੱਚੇ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।

*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ॥੧॥ ਅੰਗ - ੬੭੯-੮●*

ਇਸ ਗੁਰ-ਸੱਚੀ-ਵਾਕ-ਪੰਗਤੀ ਨੇ ਸਪੱਸ਼ਟ ਹੀ ਫੈਸਲਾ ਕਰ ਦਿੱਤਾ ਕਿ ਸਤਿਗੁਰ ਪੂਰੇ ਦੀ ਗੁਰ-ਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿੱਚ ਰੰਚਕ ਸੰਦੇਹ ਨਹੀਂ ਕਿ 'ਗੁਰ ਪੂਰੇ ਵਾਲੀ' ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੇ ਦੱਸੇ ਗੁਰ ਜਾਮਿਆਂ ਉੱਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫੈਸਲਾ ਕਰ ਦਿੱਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕੱਚ-ਪਿੱਚ, ਪੂਰੇ ਅਧੂਰੇ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਉੱਕਾ ਹੀ ਮੁੱਕ ਚੁੱਕਾ ਹੈ। ਸਤਿਗੁਰੂ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਰੰਗ ਰੱਤੜੇ ਗੁਰਮੁਖ ਜਨਾਂ ਦੇ ਰੰਗ ਰੱਤੜੇ ਘਟਾਂ ਅੰਦਰ ਹਰ ਦਮ ਮੌਜੂਦ ਅਤੇ ਜਿਹੋ ਜਿਹੀ ਸ਼ਰਧਾ ਕਰ ਗੁਰੂ ਨਾਨਕ ਸਾਹਿਬ ਜੀ ਨੂੰ

ਅਰਾਧਦੇ ਹਨ ਤਿਥੇ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ ਪ੍ਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਪੂਰੇ ਅਪੂਰੇ ਕੱਚ-ਪਿੱਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ। ਸਤਿਗੁਰ ਬਾਝਹੁ ਗੁਰੂ ਨਹੀ ਕੋਈ ਨਿਰਸੰਦੇਹ ਹੈ ਹੀ ਨਹੀਂ।

ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸੱਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨਾਂ ਨੂੰ ਹੀ ਇਹ ਵਡਾਈ ਪ੍ਰਾਪਤ ਹੈ! ਜਿਸ ਸਿਰ ਉੱਪਰ ਸਦਾ ਸਦਾ ਸੱਚਾ ਸਤਿਗੁਰ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ -

*ਸਿਰ ਊਪਰਿ ਠਾਢਾ ਗੁਰੁ ਸੂਰਾ॥*
*ਨਾਨਕ ਤਾ ਕੇ ਕਾਰਜ ਪੂਰਾ॥੭॥* ਅੰਗ - ੨੬੩

ਇਸ ਬਿਧਿ ਸੱਚੇ ਸਤਿਗੁਰੂ ਨੂੰ ਜੋ ਰੰਗ ਰਤੜਾ ਗੁਰਮੁਖ ਜਨ ਹਰਦਮ ਹਿਰਦੇ ਵਿੱਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤਿ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤ ਪ੍ਰਾਪਤ ਹੋਵੇ। ਸੱਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤਾ ਵਾਲੀ ਸੱਚੀ ਸਪਿਰਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿੱਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ-ਰੰਗਾਂ ਵਿੱਚ ਜੁਝਣਗੇ। ਸੱਚੀ ਸੂਰਮਤਾਈ, ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿੱਚ ਸਦੀਵ ਲਈ ਮਖਸੂਸ ਰਹੇਗੀ ਅਤੇ ਮਖਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜੋ ਆਤਮ-ਰੰਗਾਂ ਵਿੱਚ ਰੰਗ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰਲੱਥ ਸਿਰਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨ-ਰੰਗ ਦੇ ਚਲੂਲੇ ਰੰਗ ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ ਰੂਹਾਂ ਅੰਦਰ ਪਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

*ਨਾਨਕ ਸੋ ਸੂਰਾ ਵਰੀਆਮੁ ਜਿਨਿ*
*ਵਿਚਹੁ ਦੁਸਟੁ ਅਹੰਕਰਣੁ ਮਾਰਿਆ॥* ਅੰਗ - ੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ ਅਹੰਕਰਣ ਮਈ ਹਉਮੈ ਦਾ ਬਿਨਾਸ ਅਤੇ ਬੀਜ ਨਾਸ਼ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਅੰਦਰ ਸੱਚੀ ਗਰੀਬੀ (ਨਿੰਮ੍ਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿੰਮ੍ਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ -

*ਸੂਰੇ ਏਹਿ ਨ ਆਖੀਅਹਿ*
*ਅਹੰਕਾਰਿ ਮਰਹਿ ਦੁਖੁ ਪਾਵਹਿ...।* ਅੰਗ - ੧੦੮੯

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ -

*ਸੂਰਬੀਰ ਧੀਰਜ ਮਤਿ ਪੂਰਾ॥*
*ਸਹਜ ਸਮਾਧਿ ਧੁਨਿ ਗਹਿਰ ਗੰਭੀਰਾ...੨॥*
ਅੰਗ - ੮੯੦-੯੧

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ ਜਿਸ ਦੇ ਅੰਤਰ-ਆਤਮੇ ਸੱਚੀ ਧੀਰਜ ਰੂਪੀ ਸ਼ਾਂਤੀ ਆਉਂਦੀ ਹੈ। ਇਹ ਸੱਚੀ ਸ਼ਾਂਤੀ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ। ਗੁਰਮਤਿ ਦੇ ਰੰਗਾਂ ਵਿੱਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲੱਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿੱਚ ਲਿਵਲੀਨ ਹੋ ਜਾਂਦਾ ਹੈ। ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਣਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਹੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁੱਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿੱਚ ਲੀਨ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿੱਥੇ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਤੇ ਪ੍ਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ -

*ਸੂਰੇ ਸੇਈ ਆਗੈ ਆਖੀਅਹਿ*
*ਦਰਗਹ ਪਾਵਹਿ ਸਾਚੀ ਮਾਣੋ ...॥੩॥* ਅੰਗ - ੫੮੦

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇ ਕੇ ਹੀ ਸੱਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗਰੀਬ ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥*
*ਅੰਗ - ੧੧੦੫*

ਆਪਾ ਪ੍ਰਸਤੀ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਮੁੱਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲੁਕਾਉਂਦਾ ਫਿਰਦਾ ਹੈ, ਉਸ ਨੇ ਪਰਉਪਕਾਰ ਦੀ ਖਾਤਰ ਕੀ ਮਰਨਾ ਹੋਇਆ। ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤੱਤਿਆਂ ਵਿੱਚ ਵੀ ਨਹੀਂ ਡਰਦਾ। ਯਥਾ ਗੁਰਵਾਕ -

*ਸੂਰੁ ਕਿ ਸਨਮੁਖ ਰਨ ਤੇ ਡਰਪੈ.....। ਅੰਗ - ੩੩੮*

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋ ਡਰੇ ਅਤੇ ਰਣ-ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ, ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ-ਤੱਤੇ ਵਿੱਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿੱਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ -

*ਮਰਣੈ ਕੀ ਚਿੰਤਾ ਨਹੀਂ*
*ਜੀਵਣ ਕੀ ਨਹੀ ਆਸ.........॥ ਅੰਗ - ੨੦*

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉੱਤੇ ਰੱਖੀ ਫਿਰਨ ਲਈ, ਗੁਰਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂ ਤੇ ਸਿੱਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿੱਚ ਰੱਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂ ਤੇ ਇਹ ਸੱਚੜਾ ਆਤਮ ਚਲੂਲੀ ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿੱਚ ਰੱਖਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ਼ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸੱਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾਂ ਵਿਖੇ ਆਉਂਦੀ ਹੈ। ਸੱਚੀ ਨਿੰਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿੱਚ ਹੀ ਵੱਸਦੀ ਹੈ, ਹੋਰ ਕਿਤੇ ਨਹੀਂ ਅਤੇ ਇਨ੍ਹਾਂ ਆਪਾ ਅਭਾਵ ਹੋਏ ਸੱਚੇ ਨਿਮਰੀਭੂਤ-ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤਿ ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੈ ਹੁੰਦਾ ਹੈ।

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ**
**ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਯੋਗਦਾਨ

*[ਪ੍ਰੋ. ਜੋਗਿੰਦਰ ਸਿੰਘ ਜੀ, ਦਿੱਲੀ]*

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ੨੦ਵੀਂ ਵਾਲੀਆਂ ਸੁਪ੍ਰਸਿੱਧ ਸ਼ਖ਼ਸੀਅਤਾਂ ਵਿਚੋਂ ਇਕ ਸ਼ਖ਼ਸੀਅਤ ਸੀ। ਨਾਲ ਸ਼ਿੰਗਾਰਿਆ ਹੋਇਆ ਹੀ ਨਹੀਂ ਸੀ, ਸਗੋਂ ਅੰਦਰੋਂ-ਬਾਹਰੋਂ ਗੁਰਮਤਿ ਨੂੰ ਸਮਰਪਿਤ ਵੀ ਸੀ। ਉਹਨਾਂ ਦੇ ਆਤਮਕ-ਬੋਧ ਸੰਸਾਰੀ-ਬੋਲ, ਸਰੀਰਕ-ਬਲ ਤੇ ਬੰਦ ਬੰਦ ਦੇ ਪ੍ਰੇਰਨਾ ਆਦਰਸ਼ ਦੱਸਾਂ ਪਾਤਿਸ਼ਾਹੀਆਂ ਦੀ ਜਾਗਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਉਹਨਾਂ ਲਈ, ਨਾਮ-ਅਭਿਆਸ, ਅਨੁਭਵ-ਪ੍ਰਕਾਸ਼, ਜੋਤਿ-ਵਿਗਾਸ ਤੇ ਰੱਸ-ਅਨੰਦ ਨਾਲ ਇਕ ਸੁਰ ਤੇ ਇਕ ਰੂਪ ਹੋਣ ਦਾ ਆਧਾਰ-ਸਰੋਤ ਹੀ ਨਹੀਂ ਸਨ ਸਗੋਂ ਹਾਜ਼ਰਾ ਹਜ਼ੂਰ, ਜ਼ਾਹਰਾ-ਜ਼ਹੂਰ, ਪਰਤੱਖ ਤੋਂ ਸਾਖਿਆਤ ਗੁਰੂ-ਸਰੂਪ ਵੀ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਗ੍ਰੰਥ ਜਾਂ ਬੁੱਤ-ਪੂਜਾ ਵਰਗਾ ਇਸ਼ਟ ਦੇਵਤਾ ਜਾਂ ਅਵਤਾਰ ਸਵੀਕਾਰ ਨਹੀਂ ਕੀਤਾ। ਉਹਨਾਂ ਦੀ ਆਪਣੀ ਰਚਿਤ ਪੁਸਤਕ 'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸੱਤੀ ਹੈ? ਇਸ ਸਿਧਾਂਤ ਅਤੇ ਵਿਚਾਰ ਦਾ ਸਪੱਸ਼ਟ, ਬੜਾ ਢੁਕਵਾਂ ਤੇ ਤਰਕਸ਼ੀਲ ਜਵਾਬ ਹੈ। ਭਾਈ ਸਾਹਿਬ ਦਾ ਜੀਵਨ ਇਕ ਅਮਲ ਦਾ ਪ੍ਰਮਾਣ ਸੀ। ਉਹ ਬਲਦੇ ਘੱਟ ਸਨ, ਨਾਮ-ਕਮਾਈ, ਸ਼ਬਦ-ਅਭਿਆਸ, ਅੰਮ੍ਰਿਤ-ਰੱਸ ਨੂੰ ਪਹਿਲਾਂ ਸਿਰਜਦੇ ਸਨ, ਫਿਰ ਇਸ ਨੂੰ ਰੱਜ ਰੱਜ ਕੇ ਮਾਣਦੇ ਸਨ।

ਉਹਨਾਂ ਦਾ ਦ੍ਰਿੜ ਨਿਸਚਾ ਸੀ ਕਿ ਕੋਈ ਵੇਦ ਜਾਂ ਕਤੇਬ-ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਨਹੀਂ। ਇਹਨਾਂ ਗ੍ਰੰਥਾਂ ਦੀ ਸਿਰਜਨਾ ਮਾਨਵ-ਕ੍ਰਿਤ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਈਸ਼ਵਰ-ਕ੍ਰਿੱਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਿਲਕੁੱਲ ਸ਼ੁੱਧ-ਆਤਮਕ ਬਾਣੀ ਹੈ। ਇਹ ਬ੍ਰਹਮ ਦਾ ਪ੍ਰਕਾਸ਼ ਹੈ। ਪਾਰਬ੍ਰਹਮ ਦਾ ਇਸ ਵਿਚ ਨਿਵਾਸ ਹੈ। ਇਸ ਦਾ ਸਰੂਪ ਸੁੰਦਰ ਹੈ। ਬਾਣੀ ਦੇ ਹਰ ਬੋਲ ਦਾ ਸੰਦੇਸ਼ ਬ੍ਰਹਮ-ਪਾਰਬ੍ਰਹਮ ਉਤੇ ਕੇਂਦਰਿਤ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਇਹ ਵਿਸ਼ਵਾਸ ਬਿਲਕੁੱਲ ਠੀਕ ਹੈ ਕਿ ਬਾਣੀ ਭਾਵੇਂ ਗੁਰੂ-ਜੋਤਿ-ਜਾਮਿਆਂ ਦੀ ਹੈ, ਭਗਤਾਂ, ਭੱਟਾਂ ਜਾਂ ਰਬਾਬੀਆਂ ਦੀ ਹੈ, ਪਹਿਲਾਂ ਇਹ ਗੁਰੂ-ਜੋਤਿ-ਜਾਮਿਆਂ ਰਾਹੀਂ ਧਰਤੀ ਉਤੇ ਪ੍ਰਕਾਸ਼ਮਾਨ ਹੋਈ ਹੈ।

ਗੁਰੂ-ਜੋਤਿ-ਜਾਮਿਆਂ ਦਾ ਨਿਖੇੜਾ ਕਰਦਿਆਂ, ਭਾਈ ਸਾਹਿਬ ਦਾ ਦ੍ਰਿੜ੍ਹ ਨਿਸਚਾ ਹੈ ਕਿ 'ਗੁਰੂ-ਸਤਿਗੁਰੂ' ਕੇਵਲ ਤੇ ਕੇਵਲ ਇਕ ਹੀ ਹੈ ਅਤੇ ਉਹ ਹਨ - "ਸਤਿਗੁਰੂ ਨਾਨਕ ਦੇਵ ਜੀ"। ਗੁਰੂ ਨਾਨਕ ਦੇਵ ਜੀ ਹੀ ਮਹਾਂ-ਪੁਰਸ਼ਾਂ, ਅਵਤਾਰਾਂ, ਪੈਗ਼ੰਬਰਾਂ ਤੇ ਰਿਸ਼ੀਆਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਅਕਾਲ ਪੁਰਖ ਨੇ 'ਸਤਿਗੁਰੂ' ਦਾ ਛੱਤਰ-ਸਿੰਘਾਸਨ ਪ੍ਰਦਾਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੂੰ ਗੁਰੂ-ਪੱਦਵੀ ਅਕਾਲ ਪੁਰਖ ਨੇ ਆਪਣੀ ਬਖਸ਼ਿਸ਼ ਵਜੋਂ ਦਿੱਤੀ ਹੈ ਤੇ ਫਿਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਦਿਬ-ਦ੍ਰਿਸ਼ਟੀ, ਨਾਮ-ਛੋਹ, ਸ਼ਬਦ ਕਮਾਈ ਤੇ ਵੰਡ ਛਕਣ ਦੀ ਭਾਵਨਾ-ਅਧੀਨ ਨੌਂ ਹੋਰ ਸਰੀਰ-ਜਾਮਿਆਂ ਨੂੰ ਪਰਤੱਖ ਗੁਰੂ ਦੇ ਰੂਪ ਵਿਚ ਸਿਰਜਿਆ, ਸੰਵਾਰਿਆ ਤੇ ਚਹੁੰ-ਚੱਕੀ ਵਿਚ ਉਜਾਗਰ ਕੀਤਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੇ ਇਸ ਸਿਧਾਂਤ ਤੇ ਵਿਸ਼ਵਾਸ ਨੂੰ ਸਿੱਧ ਕਰਨ ਵਾਸਤੇ ਜਿਹੜੀਆਂ ਦਲੀਲਾਂ ਦਿਤੀਆਂ ਹਨ, ਉਹ ਇੰਨੀਆਂ ਸਾਰਥਿਕ ਤੇ ਪ੍ਰਭਾਵਸ਼ਾਲੀ ਹਨ ਕਿ ਸ਼ੰਕਾ ਸਹਿਜੇ ਹੀ ਨਵਿਰਤ ਹੋ ਜਾਂਦਾ ਹੈ। 'ਨਾਨਕ' ਪਦ ਦੀ ਵਰਤੋਂ, ਕਾਵਿ-ਮੁਹਰ ਵਜੋਂ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ…ਜੋ ਸਾਰੇ ਗੁਰੂ ਕਰਨ, ਤਾਂ ਇਸ ਦਾ ਸਪੱਸ਼ਟ ਭਾਵ ਇਹ ਹੈ ਕਿ 'ਗੁਰੂ-ਸਤਿਗੁਰੂ' ਕੇਵਲ ਗੁਰੂ ਨਾਨਕ ਦੇਵ ਜੀ

ਹਨ, ਬਾਕੀ ਸਾਰੇ 'ਜੋਤਿ-ਜਾਮੇ' ਇਸ ਦਿਵ-ਪ੍ਰਕਾਸ਼ ਦੀ ਪ੍ਰਾਪਤੀ ਨਾਲ ਹੀ ਪ੍ਰਕਾਸ਼ਮਾਨ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਭਗਤ-ਬਾਣੀ, ਭੱਟ-ਬਾਣੀ ਤੇ ਰਬਾਬੀਆਂ ਦੀ ਬਾਣੀ ਬਾਰੇ ਵੀ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸਪੱਸ਼ਟ ਨਿਰਣਾ ਹੈ ਕਿ ਇਹ ਆਪਣੇ ਜਨਮ ਤੋਂ 'ਗੁਰੂ-ਸਤਿਗੁਰੂ' ਨਹੀਂ ਹਨ। ਇਨ੍ਹਾਂ ਦੇ ਕਾਵਿ-ਬੋਲ ਅਨੇਕਾਂ ਗ੍ਰੰਥਾਂ ਵਿੱਚ ਅੱਜ ਵੀ ਪ੍ਰਾਪਤ ਹਨ। ਉਹਨਾਂ ਨੂੰ ਗੁਰੂ ਬਾਣੀ-ਆਸ਼ੇ ਅਨੁਸਾਰ 'ਬਾਣੀ' ਜਾਂ ਬਾਣੀ ਗੁਰੂ ਨਹੀਂ ਆਖਿਆ ਜਾ ਸਕਦਾ, ਪਰ ਜਿਹੜੇ ਕਾਵਿ-ਬੋਲ ਗੁਰੂ ਦੀ ਦਿੱਖ-ਦ੍ਰਿਸ਼ਟੀ ਤੋਂ ਅਨੁਭਵ-ਪ੍ਰਕਾਸ਼ ਵਿਚ ਪਰਵਾਨ ਚੜ੍ਹ ਗਏ ਹਨ, ਉਹ 'ਬਾਣੀ' ਵੀ ਹੋ ਗਏ ਹਨ ਤੇ ਉਸ ਬਾਣੀ ਦੇ ਰਚਨਹਾਰ ਭਗਤ, ਭੱਟ ਤੇ ਰਬਾਬੀ 'ਗੁਰੂ-ਪੱਦਵੀ' ਦੀ ਵਿਸ਼ੇਸ਼ਤਾ ਪ੍ਰਾਪਤ ਕਰਨ ਦੇ ਸਮਰੱਥ ਵੀ ਹੋ ਗਏ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਮਤਿ ਲੇਖ' ਦੇ ਤਿੰਨ ਨਿਬੰਧਾਂ 'ਭਗਤ ਬਾਣੀ ਕਿਵੇਂ ਉਚਾਰਨ ਹੋਈ', 'ਭਗਤ ਬਾਣੀ' ਤੇ 'ਭੱਟ ਬਾਣੀ', 'ਭੱਟਾਂ ਦੇ ਸਵੱਈਆਂ ਪਰ ਵਿਚਾਰ' ਵਿਚ ਇਹ ਸਿਧਾਂਤਕ ਨਿਰਣਾ ਗੁਰਬਾਣੀ ਅਧਿਆਤਮਿਕ ਮੰਡਲਾਂ ਵਿੱਚ ਵਿਚਰਦਿਆਂ ਤੋਂ ਪ੍ਰਮਾਣਾਂ ਦੀ ਰੌਸ਼ਨੀ ਵਿਚ ਕੀਤਾ ਹੈ। ਭਾਈ ਸਾਹਿਬ ਨੇ ਬਿਲਕੁੱਲ ਠੀਕ ਲਿਖਿਆ ਹੈ, ਜਗਤ ਵਿਖੇ ਜਨਮੇ ਭਗਤ ਜਨਾਂ ਨੂੰ ਗੁਰੂ-ਅਵਤਾਰ ਦੀ ਪਦਵੀ ਨਹੀਂ ਮਿਲੀ। ਉਹ ਭਗਤ-ਅਵਤਾਰ ਸਦਵਾਏ, ਗੁਰੂ ਅਵਤਾਰ ਨਹੀਂ ਹੋਏ। ਗੁਰੂ-ਅਵਤਾਰ ਦੀ ਪਦਵੀ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਹੀ ਪ੍ਰਾਪਤ ਹੋਈ। ਲੋਕ ਚਾਰ ਗੁਰੂ ਪੱਦ ਦੀਆਂ ਪਦਵੀਆਂ ਵਾਲੇ ਗੁਰੂ ਰਾਮਾ ਨੰਦ, ਗੋਰਖ ਆਦਿਕ ਬਥੇਰੇ ਆਪੇ ਹੀ ਬਣ ਬਣ ਬੈਠੇ, ਪਰੰਤੂ ਉਹ ਧੁਰ ਦਰਗਾਹਾਂ ਗੁਰੂ ਨਹੀਂ ਥਾਪੇ ਗਏ। ਕੇਵਲ ਗੁਰੂ ਨਾਨਕ ਸਾਹਿਬ ਹੀ ਸੱਚੇ ਗੁਰੂ 'ਸਤਿਗੁਰੂ' ਹਨ। ਕਿਉਂਕਿ ਉਨ੍ਹਾਂ ਨੂੰ ਗੁਰੂ ਥਾਪਨਾ ਅਰਥਾਤ ਸਤਿਗੁਰੂ ਦੀ ਪਦਵੀ ਧੁਰ ਦਰਗਾਹੋਂ ਮਿਲੀ ਸੀ। ਇਸ ਕਰਕੇ 'ਸਤਿਗੁਰ ਬਾਝਹੁ ਗੁਰੂ ਨਹੀਂ ਕੋਈ' ਦੇ ਵਾਕ ਅਨੁਸਾਰ ਸਤਿਗੁਰ ਹੀ ਸੱਚਾ ਗੁਰੂ ਹੈ। ਸਤਿਗੁਰ ਬਿਨਾਂ ਹੋਰ ਕੋਈ ਗੁਰੂ ਨਹੀਂ, ਜੇ ਹਨ ਤਾਂ ਕਚੇ ਗੁਰੂ, ਨਾਮ-ਧਰੀਕ ਲੋਕਾਚਾਰੀ ਆਪੇ ਬਣ ਬੈਠੇ ਗੁਰੂ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਦ੍ਰਿੜ ਨਿਰਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੱਚਾ ਗੁਰੂ-ਸਤਿਗੁਰੂ ਹੈ ਤੇ ਗੁਰਬਾਣੀ ਹੀ ਕੇਵਲ ਸੱਚੀ ਬਾਣੀ ਹੈ। ਇਹੀ ਕਾਰਨ ਹੈ ਕਿ ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਹੀ ਨਹੀਂ, ਜੀਵਨ ਦੀ ਸਾਰੀ ਕਲਪਣਾ, ਸਾਰੀ ਸੋਚ, ਸਾਰੀ ਵਿਹਾਜ-ਕ੍ਰਿਆ, ਸਾਰੀ ਆਦਰਸ਼-ਉਡਾਰੀ, ਸਾਰੀ ਸਾਹਿਤ-ਸਿਰਜਣਾ, ਅਖੀਰ ਸਭ ਕੁਝ ਗੁਰੂ-ਸਤਿਗੁਰੂ ਤੇ ਗੁਰਬਾਣੀ ਕੇਂਦਰਿਤ ਹੀ ਹੈ। ਇਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਤਨੋਂ-ਮਨੋਂ ਤੋਂ ਹਾਰਦਿਕ ਸੁਪਨਾ ਰਿਹਾ ਹੈ ਕਿ ਹਰ ਸਿੱਖ ਆਪਣੇ ਜੀਵਨ ਦੀ ਸਾਰੀ ਕ੍ਰਿਆ-ਕਮਾਈ ਗੁਰੂ-ਜੋਤਿ-ਜਾਮਿਆਂ ਤੇ ਗੁਰਬਾਣੀ ਅਨੁਸਾਰ ਕਰੇ ਅਤੇ ਗੁਰਮਤਿ ਧਾਰਨੀ ਬਣੇ।

### (੨)

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਮੁਢਲਾ ਜੀਵਨ ਇਕ ਸੰਸਾਰੀ ਕ੍ਰਿਆ ਦਾ ਜੀਵਨ ਹੀ ਸੀ। ਆਪ ਦਾ ਜਨਮ ਪਿਤਾ ਸਰਦਾਰ ਨੱਥਾ ਸਿੰਘ ਤੇ ਮਾਤਾ ਪੰਜਾਬ ਕੌਰ ਦੇ ਗ੍ਰਿਹਿ, ੭ ਜੁਲਾਈ ੧੮੭੮ ਈ: ਦਿਨ ਐਤਵਾਰ ਨੂੰ, ਜ਼ਿਲਾ ਲੁਧਿਆਣਾ ਦੇ ਪਿੰਡ ਨਾਰੰਗਵਾਲ ਵਿਖੇ ਹੋਇਆ। ਪਿਤਾ ਸਰਦਾਰ ਨੱਥਾ ਸਿੰਘ ਭਾਵੇ ਉੱਚ-ਵਿਦਿਆ ਅਧਿਕਾਰੀ ਸਨ, ਤੇ ਨਾਭਾ ਅਤੇ ਪਟਿਆਲਾ ਦੀਆਂ ਰਿਆਸਤਾਂ ਵਿਚ ਉੱਚ ਪਦਵੀਆਂ ਲਈ ਸਤਿਕਾਰੇ ਜਾਂਦੇ ਸਨ, ਪਰ ਮਾਤਾ 'ਪੰਜਾਬ ਕੌਰ' ਗੁਰੂ-ਵਰੋਸਾਏ ਵੀ ਸਨ ਤੇ ਅੰਤਰ-ਆਤਮੇ ਗੁਰੂ-ਵਿਰਸੇ ਨਾਲ ਜੁੜੇ ਹੋਏ ਵੀ ਸਨ। ਇਸ ਗੁਰੂ-ਵਰੋਸਾਏ ਪਰਿਵਾਰ ਨੂੰ ਪਰੰਪਰਾਗਤ ਰੂਪ ਵਿਚ ਇਕ ਵਰ ਜਾਂ ਵਰਦਾਨ ਵੀ ਸੀ ਕਿ ਇਸ ਪਰਿਵਾਰ ਵਿਚ ਸਮੇਂ ਸਮੇਂ ਕੋਈ ਭਗਤ, ਸੂਰਮਾ, ਉਪਕਾਰੀ ਜਾਂ ਪ੍ਰਤਾਪੀ ਪੁਰਸ਼ ਜਨਮ ਲਵੇਗਾ। ਭਾਈ ਸਾਹਿਬ ਰਣਧੀਰ ਸਿੰਘ ਜੀ ਬਾਰੇ ਪ੍ਰਸਿੱਧ ਹੈ ਕਿ ਉਹ ਬਚਪਨ ਤੋਂ ਹੀ ਹਿਰਦਾ ਬੜਾ ਕੋਮਲ ਰਖਦੇ ਸਨ, ਪਰ ਬੁੱਧ ਬੜੀ ਬਿਬੇਕ ਤੇ ਦ੍ਰਿੜਤਾ ਵਾਲੀ ਸੀ। ਇਹੀ ਕਾਰਨ ਹੈ ਕਿ ਜੋ ਵਿਦਿਆ-ਪ੍ਰਾਪਤੀ ਵਲ ਤੁਰੇ, ਤਾਂ ਹਮੇਸ਼ਾ ਚੰਗੇ ਨੰਬਰਾਂ ਵਿਚ ਪਾਸ ਹੋਏ, ਜੋ ਭਰਮ ਤੇ ਦੰਭ-ਗ੍ਰਜ਼ੇ ਫਕੀਰਾਂ ਨੂੰ ਤਿਆਗਿਆ, ਤਾਂ ਸਦਾ ਲਈ ਤਿਆਗਿਆ, ਜੋ ਗੁਰੂ-ਪ੍ਰਮੇਸ਼ਵਰ ਦੀ ਕਮਾਈ ਕਰਨ ਲੱਗੇ ਤਾਂ ਸਭ ਸਰਕਾਰੀ ਚਾਕਰੀਆਂ ਨੂੰ ਤ੍ਰਿਸਕਾਰ ਕੇ ਪੱਕੇ ਤੌਰ ਤੇ ਗੁਰੂ-ਚਾਕਰੀ ਕਰ ਲਈ। ਗੁਰੂ-ਚਾਕਰੀ ਅਜਿਹੀ ਕੀਤੀ ਕਿ ਸਾਰੀ ਜ਼ਿੰਦਗੀ ਗੁਰੂ-ਕੀਰਤੀ ਤੇ ਗੁਰੂ-ਜੈਕਾਰ ਨੂੰ ਸਮਰਪਿਤ ਕਰ ਦਿਤੀ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਗ੍ਰਿਹਸਤ ਵਿਚ ਪਰਵਿਰਤ ਵੀ ਕੀਤਾ, ਪਰ ਜੀਵਨ-ਕ੍ਰਿਆ ਨੂੰ ਗੁਰਮਤਿ ਆਦਰਸ਼ਾਂ ਅਨੁਸਾਰ ਨਵਿਰਤ ਹੀ ਰੱਖਿਆ। ਮਾਇਆ-ਮੋਹ, ਲੋਭ-ਲਾਲਚ, ਹਉਪੈ-ਹੰਕਾਰ, ਨਿੰਦਾ-ਵਿਰੋਧ, ਪਦ-ਪਦਵੀਆਂ ਦੀ ਲਾਲਸਾ ਤੇ ਕੂੜ-ਕ੍ਰਿਆ ਤੋਂ ਉਹ ਸਾਰੀ ਜ਼ਿੰਦਗੀ ਨਿਰੰਤਰ ਆਜ਼ਾਦ ਹੀ ਰਹੇ। ਸੰਸਾਰੀ ਕਾਰ-ਵਿਹਾਰ ਅਨੁਸਾਰ ਸਰਕਾਰੀ ਨਾਇਬ-ਤਹਿਸੀਲਦਾਰ ਬਣੇ, ਐਬਟਾਬਾਦ ਇਕ ਦਫਤਰ ਵਿਚ ਹੈਡ ਜਨਰਲ ਵੀ ਲਗੇ। ਸਰਦਾਰ ਹਰਬੰਸ ਸਿੰਘ ਜੀ

ਅਟਾਰੀ ਵਾਲਿਆਂ ਦੇ ਕਹਿਣ ਉਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸੁਪ੍ਰਿੰਟੈਂਡੈਂਟ ਵੀ ਰਹੇ, ਪਰ ਸਰਕਾਰੀ ਚਾਕਰੀ ਦੇ ਫ਼ਰਜ਼ ਅਦਾ ਕਰਦਿਆਂ ਵੀ ਭਾਈ ਸਾਹਿਬ ਨੇ ਨਾਮ-ਅਭਿਆਸ, ਗੁਰੂ-ਕੀਰਤੀ ਤੋਂ ਗੁਰਮਤਿ ਦੀ ਜੈਕਾਰ ਦੇ ਆਦਰਸ਼ਾਂ ਨੂੰ ਹਮੇਸ਼ਾ ਅੰਗ ਸੰਗ ਰਖਿਆ । ਭਾਈ ਸਾਹਿਬ ਰਣਧੀਰ ਸਿੰਘ ਜੀ ਸੱਚ-ਰੰਗ, ਨਾਮ-ਰੰਗ, ਆਤਮ-ਰੰਗ ਗੁਰੂ-ਰੰਗ, ਹਰਿ-ਰੰਗ, ਗੁਰਮਤੀ-ਰੰਗ, ਸਹਿਜ-ਰੰਗ, ਸਾਹਿਬ-ਰੰਗ ਤੇ ਸ਼ਬਦ-ਰੰਗ ਵਿਚ ਇੰਨੇ ਵਿੰਨ੍ਹੇ, ਰੰਗੇ ਤੇ ਪਸੀਜ ਗਏ ਸਨ ਕਿ 'ਗੁਰੂ-ਪ੍ਰਤੀਤ' ਦਾ ਅਰਸ਼ੋਂ-ਕੁਰਸੋਂ ਦਰਸ਼ਨ ਦੀਦਾਰ ਕਰਨ ਲੱਗ ਪਏ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਵਾਨ-ਜੀਵਨ ਦੀ ਇਕ ਘਟਨਾ ਬੜੀ ਪ੍ਰਸਿਧ ਹੈ ਕਿ ਗੁਰਪੁਰਬ ਤੋਂ ਦੋ ਦਿਨ ਪਹਿਲਾਂ ਅਚਾਨਕ ਹੀ ਜਦ ਉਹ ਅੰਮ੍ਰਿਤ ਵੇਲੇ ਗੁਰਦੁਆਰੇ ਗਏ ਤਾਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਸੀ ਅਤੇ ਸਾਰੇ ਆਲੇ ਦੁਆਲੇ ਵਿਚ ਇਕ ਅਨੂਠਾ ਤੇ ਅਨੁਭਵੀ ਜੀਵਨ-ਪ੍ਰਕਾਸ਼ ਝਲਕਾਂ ਮਾਰ ਰਿਹਾ ਸੀ। ਭਾਈ ਸਾਹਿਬ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਕੋਈ ਗ਼ਾਇਬੀ ਹੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਚੌਰ ਰੂਪੀ ਛੱਤਰ ਝੁਲਾ ਰਿਹਾ ਸੀ। ਜਦੋਂ ਵਾਕ ਲਿਆ ਗਿਆ ਤਾਂ ਇੰਜ ਜਾਪੇ, ਜਿਵੇਂ ਜੋਤਿ-ਸਰੂਪ ਗੁਰੂ ਆਪ ਬੁਲਾ ਰਿਹਾ ਹੈ। ਭਾਈ ਸਾਹਿਬ ਦੇ ਬੰਦ ਬੰਦ ਵਿਚੋਂ ਇੰਨਾ ਗੁਰੂ-ਪਿਆਰ ਜਾਗਿਆ ਕਿ ਨਾਮ ਦਾ ਅਖੰਡ ਅਭਿਆਸ ਅੰਦਰੋ ਆਰੰਭ ਹੋ ਗਿਆ। ਇਸ ਆਤਮ-ਜਾਗ੍ਰਿਤੀ ਕਾਰਨ ਹੀ ਨਿਕਟ ਭਵਿਖ ਵਿਚ ਭਾਈ ਸਾਹਿਬ ਨੂੰ ਇਕ ਐਸਾ ਮੌਕਾ ਮਿਲਿਆ ਕਿ ਆਪ ਜੀ ਨੇ ਲਗਾਤਾਰ ਇਕੋ ਆਸਣ ਵਿਚ, ਸੰਪੂਰਨ ਤੇ ਅਖੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਸੁਣਿਆ, ਜੀਵਨ ਦੀ ਬਿਰਤੀ, ਦ੍ਰਿਸ਼ਟੀ ਤੇ ਸਾਰਾ ਬੋਧ, ਗੁਰੂ, ਗੁਰਮਤਿ ਤੇ ਗਿਆਨ-ਪ੍ਰਕਾਸ਼ ਵਾਲਾ ਹੋ ਗਿਆ। ਜਿਉਂ ਜਿਉਂ ਗੁਰਮਤਿ-ਪ੍ਰਕਾਸ਼ ਨਾਲ ਹਿਰਦਾ ਸੰਪੰਨ ਹੋ ਰਿਹਾ ਸੀ, ਤਿਉਂ ਤਿਉਂ ਉਹ ਗੁਪਤ ਦਸਮ ਦੁਆਰ ਨੂੰ ਪ੍ਰਗਟ ਕਰਨ ਵਲ ਰੁਚਿਤ ਹੋ ਰਹੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਦ੍ਰਿੜ ਨਿਸਚਾ ਹੈ ਕਿ ਗੁਰਬਾਣੀ ਦਾ ਪਾਠ, ਨਾਮ-ਸਿਮਰਨ ਦਾ ਅਭਿਆਸ, ਗੁਰੂ-ਕੀਰਤਾਂ ਤੇ ਗੁਰਮਤਿ ਦੀ ਜੈਕਾਰ ਜਿੰਨੀ ਮਰਜ਼ੀ ਕਰ ਲਵੋ, ਜੇ 'ਅੰਮ੍ਰਿਤ-ਰਸ' ਪ੍ਰਾਪਤ ਨਹੀਂ ਹੋਇਆ, ਤਾਂ ਨਿਸ਼ਚੇ ਘਾਟ ਸਮਝੋ। ਇਹੀ ਕਾਰਨ ਹੈ ਕਿ ਇਸ ਘਾਟ ਨੂੰ ਪੂਰਾ ਕਰਨ ਵਾਸਤੇ ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਈ ਰੂਪ ਤੇ ਮਰਯਾਦਾ ਵਿਚ ਆਪਣੇ ਆਪ ਨੂੰ ਢਾਲਣ ਲਈ ਜਵਾਨ ਉਮਰ ਵਿਚ ਹੀ ਅੰਮ੍ਰਿਤ ਛੱਕ ਲੈਂਦੇ ਹਨ। ਅੰਮ੍ਰਿਤ ਛੱਕਣ ਨਾਲ ਦਸਮ ਪਾਤਿਸ਼ਾਹ ਤੋਂ ਦਸਮ ਦੁਆਰ ਦੇ ਦਰ-ਘਰ ਦਾ, ਜੋਤਿ-ਪ੍ਰਕਾਸ਼ ਨਾਲ ਸ਼ਿੰਗਾਰਿਆ ਜਿਹੜਾ ਚਮਤਕਾਰੀ ਮੰਡਲ ਭਾਈ ਸਾਹਿਬ ਨੇ ਆਪਣੀਆਂ ਬਿਅੰਨ ਅੱਖਾਂ ਨਾਲ ਵੇਖਿਆ, ਉਸ ਵਿਚ ਰਸ, ਵਿਗਾਸ ਤੇ ਅਨੰਦ ਦੇ ਉਹ ਝਲਕਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਦਿਸੇ ਕਿ ਆਪਣੀ ਬੁਧਿ ਸੁਧਿ ਤਾਂ ਗਈ, ਧੁਰ ਦਰਗਾਹ ਪ੍ਰਗਟੀ ਗੁਰੂ-ਜੋਤਿ ਦੇ ਪ੍ਰਕਾਸ਼ ਨੂੰ ਗੁਰਮਤਿ ਜੀਵਨ-ਜਾਚ ਨੂੰ, ਦਿਨ ਰਾਤੀ ਮਾਣੇ ਨਾਮ-ਅਭਿਆਸ ਤੇ ਅਨੁਭਵ-ਪ੍ਰਕਾਸ਼ ਨੂੰ, ਚਖੇ ਅੰਮ੍ਰਿਤ ਰਸ, ਵਿਗਾਸ ਤੇ ਅਨੰਦ ਨੂੰ ਪ੍ਰਚਾਰਨਾ ਤੇ ਸਮੁੱਚੇ ਸ੍ਰਿਸ਼ਟੀ ਮੰਡਲ ਵਿਚ ਪ੍ਰਸਾਰਨਾ ਆਪਣੇ ਜੀਵਨ-ਸਵਾਸਾਂ ਦਾ ਮੁੱਖ, ਕੇਂਦਰੀ ਤੇ ਵਿਆਪਕ ਉਦੇਸ਼ ਸਥਾਪਿਤ ਕਰ ਲਿਆ। ਭਾਈ ਸਾਹਿਬ ਦੇ ਜੀਵਨ ਦੀ ਵੱਡੀ ਖ਼ੂਬਸੂਰਤੀ ਇਹ ਸੀ ਕਿ ਉਹਨਾਂ ਨੇ ਵਿਡਾਣੀਆਂ ਆਸਾਂ ਛੱਡ ਕੇ ਇਕੋ ਤੇ ਕੇਵਲ ਇਕੋ ਆਸ-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲਾਂ ਆਪ ਰੱਜ ਰੱਜ ਕੇ ਹਰ ਪਖੋਂ ਕਮਾਈ ਕੀਤੀ ਤੇ ਫਿਰ ਉਸ ਵੱਡੀ ਕਮਾਈ ਵਿਚੋਂ ਵੰਡ ਵੰਡ ਕੇ, ਇਕ ਨਹੀਂ ਹਜ਼ਾਰ ਨਹੀਂ, ਲੱਖਾਂ ਧਰਤੀ ਦੇ ਜੀਵਾਂ ਨੂੰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਪਈ ਸਤੁ, ਸੰਤੋਖੁ ਤੇ ਨਾਮ ਦੀ ਅਭਿਆਸ ਕਮਾਈ ਕਰਨ ਵਲ ਪ੍ਰੇਰਿਆ, ਉਥੇ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਾ ਛਕਾ, ਖਾਲਸਈ ਮਰਯਾਦਾ ਵਿਚ ਢਾਲ, ਸ਼ਬਦ-ਸਿੰਘ-ਸੂਰਮੇ ਸਜ਼ਾ, ਦਸਮ ਦੁਆਰ ਤੇ ਦਸਮ ਪਾਤਿਸ਼ਾਹ ਦੇ ਰੂਪ-ਸਰੂਪ ਨੂੰ, ਇੰਨਾ ਪ੍ਰਚਾਰਿਆ ਤੇ ਵਿਸਤਾਰਿਆ ਕਿ ਸਿੱਖੀ ਦੇ ਯੋਗਦਾਨ ਪੱਖ ਤੋਂ ਘਟੋ ਘੱਟ ੨੦ਵੀਂ ਸਦੀ ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ ਵਰਗਾ ਕੋਈ ਹੋਰ ਸੰਤ-ਸਾਧ-ਸੂਰਮਾ ਸਾਨੂੰ ਨਹੀਂ ਦਿਸਦਾ।

## (੩)

ਅੰਮ੍ਰਿਤ ਬਾਣੀ ਦੀ ਅਭਿਆਸ ਕਮਾਈ ਤੇ ਅੰਮ੍ਰਿਤ ਦੀ ਮਰਯਾਦਾ-ਬੱਧ ਪ੍ਰਕਿਆ ਵਿਚ ਪਰਵਾਨ ਚੜ੍ਹਨ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸਮੁੱਚਾ ਜੀਵਨ ਗੁਰੂ-ਜੋਤਿ, ਗੁਰਬਾਣੀ ਤੇ ਗੁਰਮਤਿ-ਆਦਰਸ਼ਾਂ ਨੂੰ ਸਮਰਪਿਤ ਹੋ ਗਿਆ। ਸਤਿਗੁਰੂ ਨਾਨਕ ਜੀ ਬਾਰੇ ਉਹਨਾਂ ਦਾ ਸਪੱਸ਼ਟ ਵਿਸ਼ਵਾਸ ਸੀ ਕਿ ਉਹ ਸ੍ਰਿਸ਼ਟੀ-ਮੰਡਲ ਦੇ ਸੁਧਾਰ ਤੋਂ ਉਧਾਰ ਲਈ 'ਸਤਿਨਾਮ ਦਾ ਚੱਕਰ' ਫਿਰਾਣ ਆਏ ਸਨ। ਭਾਈ ਸਾਹਿਬ ਨੇ ਆਪਣੇ ਲੇਖਾਂ ਵਿਚ ਅਨੇਕ ਥਾਵਾਂ ਉਤੇ ਇਸ ਸੱਚ-ਤੱਥ ਦਾ ਵਿਸਥਾਰ-ਪ੍ਰਗਟਾਵਾ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਭਾਈ ਸਾਹਿਬ ਦੀ ਦ੍ਰਿੜ੍ਹ ਰਾਏ ਸੀ ਕਿ ਉਹ ਇਕ ਐਸੇ ਨਿਰਾਲੇ, ਸਾਬਤ ਸੂਰਤਿ, ਧਰਮ-

ਸਰੂਪ, ਖੜਗ ਜ਼ੋਰ ਤੇ ਦੋਧਾਰੇ ਖੰਡੇ ਵਾਲਾ ਖਾਲਸਾ ਪੰਥ ਸਿਰਜਨ ਤੇ ਸਥਾਪਿਤ ਕਰਨ ਆਏ ਸਨ, ਜਿਹੜਾ ਆਪਣੇ ਆਪ ਨੂੰ ਪਰਮਾਤਮਾ ਦੀ ਮੌਜ ਵਿਚ ਪ੍ਰਗਟ ਹੋਇਆ ਮੰਨਦਾ ਤੇ ਆਪਣੇ ਆਪ ਨੂੰ ਅਕਾਲ ਪੁਰਖ ਦੀ ਫ਼ੌਜ ਸਵੀਕਾਰਦਾ ਹੈ। ਇਸ ਤੋਂ ਅਲਾਵਾ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੁਰਤਿ, ਮਤਿ, ਮਨਿ, ਬੁਧਿ, ਸੁਧਿ ਤੇ ਸਰੂਪ ਨੂੰ ਘੜਨ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਦਾ ਬੜਾ ਡੂੰਘਾ, ਵਿਆਪਕ ਤੇ ਪ੍ਰਭਾਵਸ਼ਾਲੀ ਯੋਗਦਾਨ ਜਾਪਦਾ ਹੈ। ਭਾਈ ਸਾਹਿਬ ਦੀ ਜੀਵਨ-ਕ੍ਰਿਆ, ਵਿਚਾਰ-ਵਿਸ਼ਵਾਸ, ਨਾਮ-ਅਭਿਆਸ, ਸਹਿਜ-ਸੰਘਰਸ਼, ਸਬਰ-ਸਿਦਕ, ਸਰੂਪ-ਸ਼ਿੰਗਾਰ ਤੇ ਸਾਹਿਤ-ਸਿਰਜਨਾ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਉਹ ਸਰੀਰਕ ਤੌਰ ’ਤੇ ਸੰਸਾਰੀ-ਕ੍ਰਿਆ ਵਿਚ ਵਿਚਰਦੇ ਸਨ, ਹਰ ਇਨਸਾਨ ਨੂੰ ਮਾਨਸ ਕੀ ਜਾਤ ਪਹਿਚਾਣ ਕੇ ਉਸ ਨਾਲ ਪਿਆਰ-ਰਿਸ਼ਤੋਂ ਪਾਲਦੇ ਸਨ, ਜਨਮ-ਮੌਤ ਦੇ ਸੰਸਕਾਰ ਵੀ ਸਾਂਝੇ ਕਰਦੇ ਸਨ, ਪਰ ਕੂੜ-ਕ੍ਰਿਆ ਦੇ ਸਮੁੱਚੇ ਪਾਸਾਰ ਤੋਂ ਉਹ ਬੇਪਰਵਾਹ ਵੀ ਸਨ ਤੇ ਬਹੁਤ ਹੱਦ ਤਕ ਅਲਿਪਤ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਨਾਮ-ਅਭਿਆਸ, ਅਖੰਡ-ਕੀਰਤਨ, ਅੰਮ੍ਰਿਤ ਰਸ ਭੁੰਚਣਾ ਉਹ ਆਪਣੀ ਨਿਤ ਦੀ ਖ਼ੁਰਾਕ ਸਮਝਦੇ ਸਨ। ਸਿੱਖਾਂ ਨੂੰ ਖਾਲਸਈ ਸਰੂਪ ਤੇ ਗੁਰਮਤਿ ਆਦਰਸ਼ਾਂ ਦੀ ਮਹਾਨਤਾ ਤੇ ਸਾਰਥਿਕਤਾ ਦਰਸਾਣ ਲਈ ਸਾਹਿਤ ਤੇ ਇਤਿਹਾਸ ਨੂੰ ਸਿਰਜਨਾ ਉਹ ਆਪਣੀ ਨਿਤ ਦੀ ਕਾਰ ਸਮਝਦੇ ਸਨ। ਇਸੇ ਅਧਿਆਤਮਕ ਮੰਡਲ ਨਾਲ ਉਹਨਾਂ ਦੀ ਸੁਰਤਿ ਸਦਾ ਇਕਸੁਰ ਰਹੀ, ਇਹੀ ਅਧਿਆਤਮਕ ਤੇ ਗੁਰਮਤਿ ਮੰਡਲ ਉਹਨਾਂ ਦਾ ਸਦਾ ਨਿਵਾਸ-ਸਥਾਨ ਰਿਹਾ। ਇਹੀ ਕਾਰਨ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ, ਨਾ ਆਪਣੇ ਜੀਵਨ ਵਿਚ ਅਤੇ ਨਾ ਹੀ ਆਪਣੀ ਵਸੀਅਤ ਵਿਚ ਅਜੋਕੇ, ਸਾਧਾਂ-ਸੰਤਾਂ ਵਾਂਗ ਕਿਸੇ ‘ਡੇਰੇ’ ਦੀ ਨਾ ਕਲਪਨਾ ਕੀਤੀ, ਨਾ ਸਿਰਜਨਾ ਕੀਤੀ ਅਤੇ ਨਾ ਹੀ ‘ਡੇਰਾ’ ਸਿਰਜਨ ਵਾਸਤੇ ਕਿਸੇ ਚੇਲੇ ਨੂੰ ਸਥਾਪਿਤ ਕੀਤਾ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਪੁੱਛਣ ਉਤੇ ਆਪਣਾ ਅੰਤਿਮ ਫੈਸਲਾ ਦਿੱਤਾ ਸੀ, ਅਰਥਾਤ -

ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ਤੇ ਪੂਜਾ ਅਕਾਲ ਦੀ।

ਇਸੇ ਭਾਵਨਾ ਤੇ ਆਦਰਸ਼ ਅਨੁਸਾਰ, ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਵੀ ਜੀਵਨ ਦੇ ਅੰਤਿਮ ਸਵਾਸਾਂ ਵਿਚ ਹੀ ਨਹੀਂ, ਸਗੋਂ ਸਾਰੀ ਜ਼ਿੰਦਗੀ ਤੇ ਆਪਣੀਆਂ ਸਾਰੀਆਂ ਲਿਖਤਾਂ ਵਿਚ ਇਹੀ ਗੁਰੂ-ਜੋਤਿ ਦਾ ਗੁਰਮਤਿ-ਆਦਰਸ਼ਾਂ ਦਾ ਝੰਡਾ ਝੁਲਾਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਾਡੀ ਸੁਰਤਿ, ਮਤਿ, ਬੁਧਿ ਤੇ ਸੁਧਿ ਹੈ ਤੇ ‘ਪੰਥ’ ਸਾਰੇ ਸਰੀਰਾਂ ਦਾ ਕੇਂਦਰੀ ਤੇ ਮਿਲ-ਬੈਠਣ ਲਈ ਸੰਗਤੀ-ਸਥਾਨ ਹੈ। ਭਾਈ ਸਾਹਿਬ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅੰਮਿਤ ਛੱਕਣ ਪਿਛੋਂ ਸਿੱਖ ‘ਗੁਰੂ’ ਦਾ ਹੋ ਜਾਂਦਾ ਹੈ, ਉਸ ਦੇ ਜਨਮ-ਮਰਨ ਦਾ ਗਵਨ ਮਿਟ ਜਾਂਦਾ ਹੈ। ਉਹ ਆਪਣੇ ਆਪ ਨੂੰ ਗੁਰੂ-ਘਰ ਦਾ ਨਿਵਾਸੀ ਬਣਾ ਲੈਂਦਾ ਹੈ, ਜੋ ਗੁਰੂ ਹੁਕਮ ਕਰਦਾ ਹੈ ਉਹ ਸਿਰ ਝੁਕਾ ਸਵੀਕਾਰ ਕਰ ਲੈਂਦਾ ਹੈ। ਜੇ ਗੁਰੂ ਸੀਸ ਭੇਟ ਕਰਨ ਲਈ ਆਖੇ, ਉਹ ਆਪਣਾ ਸੀਸ ਤਲੀ ਉਤੇ ਰਖ ਕੇ ਖੜਾ ਹੋ ਜਾਂਦਾ ਹੈ ਤੇ ਆਖਦਾ ਹੈ, ਹਜੂਰ ਸੀਸ ਹਾਜ਼ਰ ਹੈ। ਜੇ ਗੁਰੂ ਆਖੇ ਸਭ ਰੂਪ-ਰੰਗ, ਜਾਤਿ-ਪਾਤਿ, ਅਮੀਰ-ਗਰੀਬ, ਉਚੇ-ਨੀਵੇਂ ਦੀਆਂ ਵਰਨ-ਵੰਡਾਂ ਤਿਆਗ ਕੇ, ਖਾਸ ਕਰਕੇ ਸਦੀਆਂ ਤੋਂ ਤੁਰੀ ਆ ਰਹੀ ਗੁਰੂ-ਚੇਲੇ ਦੀ ਪਰੰਪਰਾ ਤੇ ਕਰਮ-ਵਿੱਥਾਂ ਨੂੰ ਛੱਡ ਕੇ ਸੰਗਤ, ਪੰਗਤ ਤੇ ਅੰਮ੍ਰਿਤ ਦੀ ਏਕਤਾ, ਬਰਾਬਰੀ ਤੇ ਸਦ-ਭਾਵਨਾ ਸੁਰ ਵਿਚ ਇਕਸੁਰ ਤੇ ਇਕਰੂਪ ਹੋ ਗੁਰੂ ਦਾ ਪਿਆਰਾ ਬਣ ਜਾ, ਤਾਂ ਉਹ ਗੁਰੂ-ਪਿਆਰਾ ਹੋਣ ਦਾ ਮਾਣ ਸਵੀਕਾਰ ਕਰ ਲੈਂਦਾ ਹੈ । ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਗੁਰਮਤਿ-ਵਿਧੀ ਅਨੁਸਾਰ ਤੇ ਗੁਰੂ-ਪਿਆਰਾ ਰਹਿ ਕੇ ਜੀਵਿਆ। ਜੀਵਨ-ਨਿਵਾਸ ਪਿਤਾ-ਪਰਿਵਾਰ ਦੇ ਘਰ ਵਿਚ ਸੀ, ਜਾਂ ਗੁਰਦੁਆਰਾ ਸੁਧਾਰ ਦੇ ਸੰਘਰਸ਼ਾਂ ਵਿਚ ਸੀ ਜਾਂ ਅੰਗਰੇਜ਼ਾਂ ਦੀਆਂ ਬੰਦ ਜੇਲ੍ਹਾਂ ਵਿਚ ਸੀ ਜਾਂ ਅਖੰਡ ਕੀਰਤਨ ਤੇ ਖਾਲਸਈ ਸੰਗਤਾਂ ਵਿਚ ਸੀ; ਉਹ ਜਿਥੇ ਵੀ ਰਹੇ, ਆਪਣੇ ਆਲੇ ਦੁਆਲੇ ਗੁਰੂ-ਕਾਰ ਤੇ ਗੁਰੂ-ਮੰਡਲ ਸਿਰਜ ਲੈਂਦੇ ਸਨ, ਅਤੇ ਫਿਰ ਉਥੇ ਅੰਮ੍ਰਿਤ ਰਸ, ਵਿਗਾਸ ਤੇਂ ਅਨੰਦ ਵਿਚ ਵਿਚਰਦੇ ਰਹਿੰਦੇ ਸਨ। ਇਹੀ ਕਾਰਨ ਹੈ ਕਿ ਅੰਗਰੇਜ਼ ਸਰਕਾਰ ਦੇ ਜ਼ੁਲਮ, ਫਾਂਸੀ ਤੇ ਮੌਤ ਦੇ ਡਰਾਵੇ, ਜੇਲ੍ਹਾਂ ਦੇ ਦਿਤੇ ਅਸਹਿ ਦੁੱਖ, ਕਲੇਸ਼, ਸੰਕਟ ਤੇ ਤਸੀਹੇ ਉਹਨਾਂ ਨੂੰ ਕਿਸੇ ਪਲ ਵੀ ਡੁਲਾ ਨਾ ਸਕੇ । ਭਾਈ ਸਾਹਿਬ ਸਦਾ ਅਡੋਲ, ਸੁਤੰਤਰ ਪਰਮਾਤਮਾ ਦੀ ਮੌਜ ਤੇ ਅਕਾਲ ਪੁਰਖ ਦੀ ਫ਼ੌਜ ਬਣ ਕੇ ਜੀਵੇ।

## (੪)

ਪਰਮਾਤਮਾ ਦੀ ਮੌਜ ਤੇ ਅਕਾਲ ਪੁਰਖ ਦੀ ਫੌਜ ਬਣ ਕੇ ਜੀਉਣ ਵਾਲਾ ਵਿਅਕਤੀ ਸਦਾ ਸ਼ੁੱਧ, ਸਪੱਸ਼ਟ, ਸਦਭਾਵਕ, ਸੁਤੰਤਰ ਤੇ ਸਮਰਪਿਤ ਹੋ ਕੇ ਜੀਉਂਦਾ ਹੈ, ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਜੀਵਨ ਚਿੰਤਨ, ਕਰਮ ਤੇ ਆਦਰਸ਼ ਬਿਲਕੁੱਲ ਸੁੱਧ, ਸਪੱਸ਼ਟ, ਸਦਭਾਵਕ,

ਸੁਤੰਤਰ ਸਮਰਪਿਤ ਭਾਵਨਾ ਵਾਲਾ ਹੀ ਸੀ। ਗੁਰੂ-ਜੋਤਿ ਦੀ ਕਿਰਪਾ-ਦ੍ਰਿਸ਼ਟੀ ਕਾਰਨ ਜੇ ਉਹ ਧਰਮੀ ਸਿੱਖ ਬਣੇ ਤਾਂ ਉਹਨਾਂ ਨੇ ਆਪਣੇ ਧਰਮ ਨੂੰ ਸੁੱਧ ’ਤੇ ਸਪੱਸ਼ਟ ਰਖਿਆ। ਸਿੱਖ ਧਰਮ ਵਿਚ ਪਰੰਪਰਾਗਤ ਰੂਪ ਵਿਚ ਅਨੇਕਾਂ ਹੀ ਭਰਮ ਭੁਲੇਖੇ ਸਨ।

੧) ਅੱਜ ਵੀ ਹਿੰਦੂ ਸਮਾਜ ਸਿੱਖ ਧਰਮ ਦੀ ਸੁਤੰਤਰ ਤੇ ਮੌਲਿਕ ਹੋਂਦ ਹਸਤੀ ਨੂੰ ਵੰਗਾਰਦਾ ਹੈ ਅਤੇ ਆਖਦਾ ਹੈ ਕਿ ਸਿਖ ਹਿੰਦੂ ਹੀ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਤੇ ਭਾਈ ਕਾਨ੍ਹ ਸਿੰਘ ਜੀ ਨੇ ਕਦੀ ‘ਹਮ ਹਿੰਦੂ ਨਹੀਂ” ਪੁਸਤਕ ਲਿਖ ਕੇ ਤੇ ਕਦੀ ‘ਸਿੱਖ ਧਰਮ ਇਕ ਮੌਲਿਕ ਤੇ ਸੁਤੰਤਰ ਧਰਮ ਹੈ’ ਟ੍ਰੈਕਟ ਲਿਖ ਕੇ ਇਹ ਸਪੱਸ਼ਟ ਕੀਤਾ ਸੀ, ਕਿ ‘ਸਿੱਖ’ ਹਿੰਦੂ ਨਹੀਂ, ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ‘ਸਿੱਖ’ ਨੂੰ ਖਾਸ ਕਰਕੇ ਖਾਲਸਾ ਪੰਥ ਨੂੰ ਇਹ ਪੂਰੀ ਜਾਗ੍ਰਿਤੀ ਪ੍ਰਦਾਨ ਕੀਤੀ ਕਿ ‘ਸਿੱਖ ਜੇ ਆਪਣੇ ਗੁਰੂ ਵਾਲਾ ਹੈ, ਤਾਂ ਉਹ ਆਪਣੇ ਜਨਮ ਤੋਂ ਹੀ ਸ਼ੁੱਧ, ਮੌਲਿਕ ਤੇ ਸੁਤੰਤਰ ਧਰਮ ਦਾ ਧਾਰਨੀ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਤੀਸਰੇ ਪੰਥ - ‘ਸਿੰਘਾਂ ਦਾ ਪੰਥ ਨਿਰਾਲਾ’ ਦੇ ਰੂਪ ਵਿਚ ਸਿਰਜਿਆ ਤੇ ਉਜਾਗਰ ਕੀਤਾ ਹੈ। ਇਹ ਨਾ ਹਿੰਦੂ ਹੈ, ਨਾ ਮੁਸਲਮਾਨ ਹੈ, ਇਹ ਤਾਂ ਕੇਵਲ ਗੁਰੂ-ਜੋਤਿ ਦੀ ਜੁਗਤਿ ਵਿਚ ਜੀਉਣ ਵਾਲਾ ਸਿੱਖ-ਸਿੰਘ ਹੈ। ਖਾਲਸਾ-ਕੌਮ ਨੂੰ ਆਪਣੇ ਨਿਆਰੇ ਸਰੂਪ, ਨਿਆਰੀ ਜੀਵਨ-ਕ੍ਰਿਆ, ਨਿਆਰੇ ਤੇ ਨਿਰਾਲੇ ਪੰਥ, ਨਿਆਰੇ ਤੇ ਤੇਜਧਾਰ ਚਿੰਤਨ ਤੇ ਸੁਤੰਤਰ ਤੇ ਮੌਲਿਕ ਹਸਤੀ-ਹੋਂਦ ਦਾ ਜੋ ਅਹਿਸਾਸ ਭਾਈ ਸਾਹਿਬ ਨੇ ਆਪਣੇ ਜੀਵਨ-ਕਰਮ ਤੇ ਆਪਣੀਆਂ ਲਿਖਤਾਂ ਰਾਹੀਂ ਕਰਵਾਇਆ ਹੈ ਤੇ ਜਗਾਇਆ ਹੈ, ਉਸ ਨੂੰ ਸਿੱਖ ਦ੍ਰਿਸ਼ਟੀ ਤੋਂ ਇਕ ਅਦੁੱਤੀ ਤੇ ਇਤਿਹਾਸਕ ਯੋਗਦਾਨ ਆਖਿਆ ਜਾ ਸਕਦਾ ਹੈ।

੨) ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਕੁਝ ਵਿਰੋਧੀ ਬ੍ਰਾਹਮਣਾਂ ਵਲੋਂ ਇਹ ਪ੍ਰਚੱਲਤ ਕੀਤਾ ਗਿਆ ਕਿ ਦਸਮ ਪਾਤਿਸ਼ਾਹ ਭਗਉਤੀ ਦੇਵੀ ਦੇ ਪੁਜਾਰੀ ਸਨ। ਅਰਦਾਸ ਦੇ ਪ੍ਰਥਮ ਵਾਕ ‘ਪ੍ਰਿਥਮ ਭਗੌਤੀ ਸਿਮਰਿ ਕੈ’ ਦਾ ਅਰਥ-ਪ੍ਰਸੰਗ ਵੀ ਇਸ ਵਾਰਤਾ ਨਾਲ ਜੋੜ ਕੇ ਬਹੁਤ ਵਾਰੀ ਪੇਸ਼ ਕੀਤਾ ਜਾਂਦਾ ਸੀ। ਇਸੇ ਪ੍ਰਚਾਰ ਦੇ ਪ੍ਰਭਾਵ ਅਧੀਨ ਹੀ ਅਨੇਕਾਂ ਸਿੱਖ ਦੇਵ-ਦੁਆਰਿਆਂ ਦੀ ਯਾਤਰਾ ਵੀ ਕਰ ਆਂਦੇ ਸਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਜਿਥੇ ‘ਭਗਉਤੀ ਸੰਬੰਧੀ ਮਹਾਂ ਅਗਿਆਨ ਭਰਿਆ ਭੁਲੇਖਾ’, ‘ਭਗਉਤੀ ਪਦ ਦਾ ਤੱਤ ਗੁਰਮਤਿ ਅਨੁਸਾਰ ਯਥਾਰਥ ਨਿਰਣਾ’ ਦੇ ਲੇਖ ਲਿਖ ਕੇ ਇਸ ਭਰਮ-ਭੁਲੇਖੇ ਦਾ ਸਪੱਸ਼ਟ ਜਵਾਬ ਦਿੱਤਾ, ਉਥੇ ਉਹਨਾਂ ਨੇ ਗੁਰੂ ਕਾ ਸਿੱਖ ਕੌਣ ਹੈ, ‘ਸ੍ਰੀ ਅਕਾਲ ਪੁਰਖ ਕਾ ਖਾਲਸਾ’ ਤੇ ‘ਜੋਤਿ ਚਾਨਣਾ’ ਲੇਖ ਲਿਖ ਕੇ ਗੁਰਮਤਿ ਦੀ ਰਹੁ-ਰੀਤ ਨੂੰ ਵੀ ਉਜਾਗਰ ਕੀਤਾ।

੩) “ਨਾਮ ਕੀ ਹੈ ? ਜਪਣਾ ਕਿਵੇਂ ਹੈ?

ਗੁਰ-ਮੰਤਰ ਕੀ ਹੈ? ਲੈਣਾ ਕਿਸ ਤੋਂ ਹੈ?

ਗੁਰੂ ਕੌਣ ਹੈ? ਮੰਨਣਾ ਕਿਵੇਂ ਹੈ?

ਵਾਹਿਗੁਰੂ ਦਰਸ਼ਨ ਦਾ ਸੰਕਲਪ ਕੀ ਹੈ?

ਨਾਮ ਦਾ ਵਪਾਰੀ ਕੌਣ ਹੋ ਸਕਦਾ ਹੈ?

ਅੰਮ੍ਰਿਤ-ਰੱਸ ਕੀ ਹੈ? ਪ੍ਰਾਪਤ ਕਿਵੇਂ ਹੋਵੇ?

ਕੇਸਾਂ ਦੀ ਮਰਯਾਦਾ ਕੀ ਹੈ? ਰੱਖਣੀ ਕਿਵੇਂ ਹੈ?

ਰਿੱਧੀਆਂ-ਸਿੱਧੀਆਂ ਕੀ ਹਨ?

ਸਰਾਧ, ਸੂਤਕ, ਜਨੇਊ, ਪਿਤਰ-ਪੂਜਾ, ਮੂਰਤੀ-ਪੂਜਾ ਆਦਿਕ ਹੋਰ ਅਨੇਕਾਂ ਹੀ ਭਰਮ ਸਨ, ਜਿਨ੍ਹਾਂ ਕਰਕੇ ਸਿੱਖ ਧਰਮ ਦਾ ਰੂਪ ਨਾ ਤਾਂ ਸ਼ੁੱਧ ਦਿਸਦਾ ਸੀ, ਨਾ ਸੁਤੰਤਰ, ਅਤੇ ਨਾ ਹੀ ਮੌਲਿਕ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ‘ਨਾਮ ਦਾ ਦਾਤਾ ਸਤਿਗੁਰੂ’ ‘ਗੁਰਮਤਿ ਲੇਖ’, ‘ਗੁਰਮਤਿ ਵਿਚਾਰ’, ‘ਗੁਰਮਤਿ ਪ੍ਰਕਾਸ਼’, ਤੇ ‘ਅੰਮ੍ਰਿਤ ਕੀ ਹੈ?’ ਪੁਸਤਕਾਂ ਲਿਖ ਕੇ, ਜਿਥੇ ਸਿੱਖੀ ਵਿਚ ਪਏ ਭਰਮ-ਭੁਲੇਖਿਆਂ ਦਾ, ਗੁਰੂ-ਪਰੰਪਰਾ ਤੇ ਗੁਰੂ-ਚਿੰਤਨ ਵਿਚ ਰਹਿ ਕੇ, ਬੜੇ ਸਰਲ, ਸਪੱਸ਼ਟ ਤੇ ਸਾਰਥਿਕ ਢੰਗ ਨਾਲ ਜਵਾਬ ਦਿੱਤਾ, ਉਥੇ ਗੁਰਮਤਿ ਸਿਧਾਂਤਾਂ ਦੇ ਸੰਕਲਪਾਂ ਤੇ ਸਰੂਪਾਂ ਨੂੰ ਵੀ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਸ਼ਾਮਿਲ ਕੀਤਾ। ਭਾਈ ਸਾਹਿਬ ਦੀਆਂ ਪੁਸਤਕਾਂ ਦੇ ਬਹੁਤੇ ਲੇਖ ਪ੍ਰਚੱਲਤ ਭਰਮ-ਭੁਲੇਖਿਆਂ ਤੇ ਅਭਿਆਸੀ ਸਿੱਖਾਂ ਦੇ ਜਵਾਬ ਵਜੋਂ ਹੀ ਲਿਖੇ ਗਏ ਹਨ। ਇਨ੍ਹਾਂ ਗੁਰਮਤਿ ਰਚਨਾਵਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰਮਤਿ ਜੀਵਨ ਦੇ ਅਭਿਆਸੀ ਹੀ ਨਹੀਂ, ਸਗੋਂ ਤੱਤ-ਚਿੰਤਨ ਦੇ ਗਿਆਨੀ ਵੀ ਸਨ। ਭਾਰਤੀ ਬੋਲੀ ਵਿਚ ਗਿਆਨੀ ਆਮ ਤੌਰ ਤੇ ਉਸ ਨੂੰ ਹੀ ਆਖਿਆ ਜਾਂਦਾ ਸੀ, ਜਿਹੜਾ ਗ੍ਰੰਥਾਂ ਦਾ ਅਧਿਕਾਰੀ ਹੋ ਕੇ ਤਰਕ-ਵਿਤਰਕ, ਤੋਂ ਦਰਸ਼ਨ-ਫ਼ਲਸਫ਼ੇ ਦੀਆਂ ਗੱਲਾਂ ਕਰਦਾ ਸੀ। ਭਾਈ ਸਾਹਿਬ ਦੀ ਸਪੱਸ਼ਟ ਰਾਏ ਸੀ ਕਿ ਤਰਕ-ਵਿਤਰਕ

ਤੇ ਦਰਸ਼ਨ-ਫ਼ਲਸਫ਼ੇ ਮਨੁੱਖ ਨੂੰ ਨਾਸਤਿਕ, ਚਤੁਰ ਤੋਂ ਗੱਲਾਂ ਵਾਲੇ ਤਾਂ ਬਣਾ ਸਕਦੇ ਹਨ, ਪਰ ਬ੍ਰਹਮ ਦੀ ਪਛਾਣ ਵਾਲੇ ਗਿਆਨੀ ਨਹੀਂ। ਗਿਆਨੀ ਉਹੀ ਹੈ, ਜਿਸ ਦਾ ਆਤਮਕ-ਅਨੁਭਵ ਪ੍ਰਕਾਸ਼ ਜਾਗਦਾ ਹੈ, ਜਿਸ ਦਾ ਅੰਦਰ-ਬਾਹਰ ਗੁਰ-ਪਰਮੇਸ਼ਰ ਦੀ ਕਮਾਈ ਨਾਲ ਇਕਸੁਰ ਹੈ, ਜਿਹੜਾ ਮਾਨਸ ਦੀ ਜਾਤਿ ਨਾਲ ਬਿਨਾਂ ਵਿਤਕਰੇ ਪਿਆਰ ਕਰਦਾ ਹੈ, ਜਿਹੜਾ ਧਰਮ ਤੇ ਧਰਮ-ਸਥਾਨਾਂ ਨੂੰ ਪਵਿੱਤਰ ਤੇ ਮਾਨਵ-ਕਲਿਆਣ ਦੇ ਕੇਂਦਰ ਵੇਖਣਾ ਚਾਹੁੰਦਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਸੱਚ ਮੁੱਚ ਆਪਣੇ ਸਮੇਂ ਦੇ ਮਹਾਨ ਗਿਆਨੀ ਵੀ ਸਨ। ਗਿਆਨੀ ਮਹਾਂ ਪੁਰਸ਼ਾਂ ਦੀ ਅੰਤਰ-ਆਤਮਾ ਅਨੰਦਪੁਰ ਦਾ ਰਸ, ਵਿਗਾਸ ਤੇ ਅਨੰਦ ਮਾਣਦੀ ਹੋਈ ਵੀ ਧਾਰਮਿਕ, ਸਮਾਜਕ ਤੇ ਰਾਜਸੀ ਗਿਰਾਵਟ ਪੱਖੋਂ ਜਾਗਦੀ ਹੁੰਦੀ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਸਮੇਂ ਦੇ ਕੇਵਲ ਗਿਆਨੀ ਮਹਾਂਪੁਰਸ਼ ਹੀ ਨਹੀਂ ਸਨ, ਸਗੋਂ ਜਾਗਦੇ ਯੋਧੇ ਵੀ ਸਨ।

***(ਪੰਨਾ 6 ਦੀ ਬਾਕੀ)***

ਸਾਹਿਬ ਜੀ ਨੂੰ ਹੀ ਹਾਜ਼ਰ ਨਾਜ਼ਰ ਮੰਨ ਕੇ ਹਮੇਸ਼ਾ ਉਨ੍ਹਾਂ ਨੂੰ ਸੰਬੋਧਨ ਹੋ ਕੇ ਕੀਰਤਨ ਕਰਿਆ ਕਰਦੇ ਸਨ।

*ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ॥*
*ਅੰਗ - ੭੫੮*

ਇਉਂ ਇਸ ਕੀਰਤਨ ਵਿਚ ਹਉਮੈ ਦੀ ਬਜਾਏ ਪੂਰਨ ਸਮਰਪਣ ਅਤੇ ਰਸ ਹੁੰਦਾ ਸੀ। ਉਹ ਰਾਗਾਂ ਦੀਆਂ ਬੰਦਸ਼ਾਂ ਦੀ ਕੈਦ ਤੋਂ ਉਪਰ ਉਠ ਚੁੱਕੇ ਸਨ। ਮੈਨੂੰ ਉਨ੍ਹਾਂ ਦੇ ਇਕ ਕੀਰਤਨੀ ਸਾਥੀ ਨੇ ਦੱਸਿਆ ਕਿ ਦਿੱਲੀ ਦੇ ਦੁਸਹਿਰੇ ਦੇ ਪਹਿਲੇ ਦੀਵਾਨ ਵਿਚ ਜੋ ਕਰੋਲ ਬਾਗ਼ ਦੇ ਗੁਰਦੁਆਰੇ ਹੋਇਆ ਕਰਦਾ ਹੈ, ਆਪ ਨੇ ਢਾਈ ਘੰਟੇ ਕੀਰਤਨ ਕੀਤਾ, ਪਰ ਇਕੋ ਹੀ ਸ਼ਬਦ ਦਾ ਕੀਰਤਨ ਹੋਇਆ। ਪਾਠਕ ਅਨੁਮਾਨ ਲਗਾ ਸਕਣਗੇ ਕਿ ਅਜਿਹਾ ਕੀਰਤਨ ਸੱਚੀ ਲਿਵ ਤੋਂ ਬਿਨਾ ਨਹੀਂ ਹੋ ਸਕਦਾ। ਅੱਜ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ, ਲਿਵ ਅਤੇ ਰਸ, ਪੂਰਨ ਸਮਰਪਣ, ਸਹਜ ਆਨੰਦ ਦੀ ਅਵਸਥਾ ਸਾਡੇ ਲਈ ਹੁਣ ਸਾਹਿਤਿਕ ਸ਼ਬਦ ਬਣ ਚੁੱਕੇ ਹਨ। ਤਾਂ ਹੀ ਤਾਂ ਪੁਰਾਤਨ ਸਿੰਘ ਆਮ ਤੌਰ 'ਤੇ ਕਹਿੰਦੇ ਸੁਣੀਦੇ ਹਨ, ਅੱਜਕਲ੍ਹ ਕੀਰਤਨ ਵਿੱਚ ਉਹ ਰਸ ਨਹੀਂ ਆਉਂਦਾ ਜੋ ਕਦੀ ਭਾਈ ਸਾਹਿਬ ਦੇ ਸਮੇਂ ਆਉਂਦਾ ਸੀ। ਇਹ ਵੀ ਨਹੀਂ ਕਿ ਕੇਵਲ ਭਾਈ ਸਾਹਿਬ ਦਾ ਕੀਰਤਨ ਰਸਦਾਇਕ ਹੁੰਦਾ ਸੀ, ਬਲਕਿ ਉਨ੍ਹਾਂ ਦੇ ਹੋਰ ਸੰਗੀ ਸਾਥੀਆਂ ਦੇ ਹਿਰਦਿਆਂ ਦੇ ਧੁਰ-ਅੰਦਰੋਂ ਕੀਰਤਨ ਦੀਆਂ ਤਰੰਗਾਂ ਉਠਦੀਆਂ ਸਨ। ਕਿਤੇ ਪੁਰਾਣੀਆਂ ਟੇਪਾਂ ਸੁਣ ਕੇ ਤਾਂ ਵੇਖੋ। ਹੁਣ ਤਾਂ ਜਿਸ ਨੂੰ ਜ਼ਰਾ ਕੁ ਕੀਰਤਨ ਕਰਨਾ ਆ ਜਾਂਦਾ ਹੈ, ਉਹ ਵੱਡਾ ਕੀਰਤਨੀਆ ਬਣ ਬੈਠਦਾ ਹੈ। ਕੀਰਤਨੀ ਹੋਣਾ ਇਕ ਭਗਤੀ ਕਰਨਾ ਹੈ ਪਰ ਕੀਰਤਨੀ ਬਣ ਬੈਠਣ ਦਾ ਰਾਹ ਕੋਈ ਹੋਰ ਹੁੰਦਾ ਹੈ। ਉਨ੍ਹਾਂ ਦਾ ਕੀਰਤਨ ਹੌਲੀ ਹੌਲੀ ਮਾਇਕ ਲਾਲਸਾ ਲਈ ਜਾਂ ਆਪਣੀ ਵਾਹ ਵਾਹ ਕਰਵਾਉਣ ਦੇ ਰਾਹ ਤੁਰ ਪੈਂਦਾ ਹੈ।

ਭਾਈ ਸਾਹਿਬ ਜਿਥੇ ਇਕ ਰੂਹਾਨੀ ਅਤੇ ਨੂਰਾਨੀ ਸ਼ਖ਼ਸੀਅਤ ਸਨ, ਉਥੇ ਉਹ ਗੁਰਮਤਿ ਦੀਆਂ ਗੁਹਜ ਰਮਜ਼ਾਂ ਦੇ ਲਿਖਾਰੀ ਭੀ ਸਨ। ਉਨ੍ਹਾਂ ਦੀਆਂ ਤਿੰਨ ਦਰਜਨਾਂ ਤੋਂ ਵੱਧ ਰਚੀਆਂ ਪੁਸਤਕਾਂ ਤੋਂ ਸੰਕੇਤ ਮਿਲਦੇ ਹਨ ਕਿ ਉਹ ਮਨੁੱਖੀ ਸੋਚ ਦੀ ਪੱਧਰ ਤੋਂ ਕਾਫ਼ੀ ਉਪਰ ਉਠ ਚੁੱਕੇ ਸਨ। ਉਨ੍ਹਾਂ ਦੀਆਂ ਪੁਸਤਕਾਂ…ਸਚਖੰਡ ਦਰਸ਼ਨ, ਅਣਡਿੱਠੀ ਦੁਨੀਆਂ, ਨਾਮ ਅਭਿਆਸ ਕਮਾਈ, ਗੁਰਮਤਿ ਬਿਬੇਕ, ਆਦਿ ਤੋਂ ਪਾਠਕ ਉਨ੍ਹਾਂ ਦੀ ਰੂਹਾਨੀ ਦ੍ਰਿਸ਼ਟੀ ਅਤੇ ਸੋਚ ਦਾ ਅੰਦਾਜ਼ਾ ਲਗਾ ਸਕਣਗੇ। ਪੰਜਾਬ ਦੇ ਕਿਸੇ ਡੇਰੇਦਾਰ ਸੰਤ ਨੇ ਗੁਰਮਤਿ ਸਾਹਿਤ ਦੀ ਰਚਨਾ ਨਹੀਂ ਕੀਤੀ। ਹਾਂ, ਉਨ੍ਹਾਂ ਤੋਂ ਮਗਰੋਂ ਉਨ੍ਹਾਂ ਸੰਤਾਂ ਦੇ ਸ਼ਰਧਾਲੂਆਂ ਨੇ ਆਪੋ ਆਪਣੇ ਸੰਤਾਂ ਦੇ ਨਾਮ ਨਾਲ ਕਈ ਪ੍ਰਕਾਰ ਦੀਆਂ ਸਾਖੀਆਂ ਘੜ ਘੜ ਕੇ ਸੰਗਤਾਂ ਨੂੰ ਸੰਤਾਂ ਦੀ ਸ਼ਖ਼ਸੀ ਪੂਜਾ ਨਾਲ ਜ਼ਰੂਰ ਜੋੜਿਆ ਹੈ। ਪਰ ਸ਼ੁਕਰ ਹੈ, ਅਕਾਲ ਪੁਰਖ ਨੇ ਭਾਈ ਸਾਹਿਬ ਨੂੰ ਅਤੇ ਮਗਰੋਂ ਉਨ੍ਹਾਂ ਦੇ ਸੰਗੀ-ਸਾਥੀਆਂ ਨੂੰ ਇਹੋ ਜਿਹੇ ਸ਼ਖ਼ਸੀ ਪੂਜਾ ਦੇ ਕੁਚਸਕੇ ਤੋਂ ਬਚਾਈ ਰੱਖਿਆ ਹੈ। ਅਜੇ ਤਕ ਭਾਈ ਸਾਹਿਬ ਦੇ ਨਾਮ ਨਾਲ ਕੋਈ ਡੇਰਾ ਕਾਇਮ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਦੇ ਨਾਮ ਨਾਲ ਜੁੜੀਆਂ ਕਹਾਣੀਆਂ ਮਿਲਦੀਆਂ ਹਨ। ਉਹ ਆਪਣੇ ਆਪ ਨੂੰ ਗੁਰੂ ਦਾ ਇਕ ਨਿਮਾਣਾ ਜਿਹਾ ਸਿੱਖ ਸਮਝਦੇ ਸਨ। ਉਨ੍ਹਾਂ ਕਦੀ ਵੀ ਸੰਤ ਬਣ ਕੇ ਡੇਰਾ ਖੋਲ੍ਹਣ ਦੇ ਫੁਰਨੇ ਨੂੰ ਨੇੜੇ ਨਹੀਂ ਲੱਗਣ ਦਿੱਤਾ, ਭਾਵੇਂ ਉਹ ਹਜ਼ਾਰਾਂ ਪ੍ਰੇਮੀ ਸ਼ਰਧਾਲੂਆਂ ਦੇ ਹੁੰਦੇ ਡੇਰਾ ਖੋਲ੍ਹ ਸਕਦੇ ਸਨ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਾਰੇ ਤਖ਼ਤ ਸਾਹਿਬਾਨ ਤੋਂ ਆਪ ਜੀ ਨੂੰ ਗੁਰੂ ਕੀਆਂ ਖੁਸ਼ੀਆਂ ਦੇ ਆਸੀਸ-ਪੱਤਰ ਸਨਮਾਨ ਵਜੋਂ ਭੀ ਮਿਲੇ, ਪਰ ਉਹ ਕਦੇ ਬਫਾਏ ਨਹੀਂ ਅਤੇ ਨਾ ਹੀ ਸੰਤ ਬਣ ਕੇ ਕਦੀ ਮੱਥਾ ਟਿਕਵਾਇਆ। 'ਗੁਰ ਸਿੱਖੀ ਬਾਰੀਕ ਹੈ' (ਭਾਈ ਗੁਰਦਾਸ ਜੀ) ਸਿਖ ਬਣ ਕੇ ਗੁਰੂ ਦਾ ਲਾਲਾ ਗੋਲਾ ਬਣ ਕੇ ਜੀਉਣਾ ਹੋਰ ਗੱਲ ਹੈ। ਸੰਤ ਬਣ ਕੇ ਠਾਠ-ਬਾਠ ਨਾਲ ਰਹਿਣ ਦਾ ਸੁਆਦ ਹੀ ਕੁਝ ਹੋਰ ਹੈ।

# ਪੁਰਖ ਪੁਰਖੋਤਮ ਭਾਈ ਰਣਧੀਰ ਸਿੰਘ ਜੀ

*[ ਸ. ਭਗਤ ਸਿੰਘ 'ਹੀਰਾ', ਦਿੱਲੀ ]*

ਭਾਈ ਰਣਧੀਰ ਸਿੰਘ ਜੀ ਨਿਰਸ਼ੰਦੇਹ ਇਕ ਉੱਤਮ ਸੰਸਕਾਰੀ ਮਹਾਂ ਪੁਰਖ ਸਨ। ਉਨ੍ਹਾਂ 'ਮਨਿ ਜੀਤੈ ਜਗੁ ਜੀਤੁ' ਦੇ ਗੁਰ ਉਪਦੇਸ਼ ਨੂੰ ਪੂਰੀ ਤਰ੍ਹਾਂ ਅਜ਼ਮਾਇਆ, ਕਮਾਇਆ ਤੇ ਪਕਾਇਆ ਹੋਇਆ ਸੀ। ਆਪ ਸਹੀ ਅਰਥਾਂ ਵਿਚ ਇਕ ਪਾਰਗਾਮੀ ਜੀਵਨ-ਸੰਗ੍ਰਾਮੀ ਸਨ। ਗੁਰੂ ਕਿਰਪਾ ਦੁਆਰਾ ਉਨ੍ਹਾਂ ਕਾਮ, ਕ੍ਰੋਧ ਆਦਿ ਪੰਜ ਮਹਾਂ ਬਲੀ ਨੇਤਰ ਕੇ ਬੱਧੇ ਹੋਏ ਸਨ, ਜਿਸ ਦੇ ਫਲ-ਸਰੂਪ ਨਿਰਮਾਣਤਾ, ਆਤਮ-ਵਿਸ਼ਵਾਸ, ਸਹਿਨ-ਸ਼ੀਲਤਾ, ਸਹਿਜ, ਸੰਤੋਖ, ਦ੍ਰਿੜ੍ਹਤਾ ਤੇ ਸੰਜਮ ਆਦਿ ਦੈਵੀ ਗੁਣ ਆਪ ਜੀ ਦਾ ਜੀਵਨ-ਸ਼ਿੰਗਾਰ ਬਣ ਚੁਕੇ ਸਨ। ਇੱਕ ਅਕਾਲ ਪੁਰਖ ਹੀ ਉਨ੍ਹਾਂ ਦਾ ਇਸ਼ਟ-ਦੇਵ ਸੀ ਤੇ ਕੇਵਲ ਉਸੇ ਇਕ ਅਦੁੱਤੀ ਨਿਰੰਕਾਰ ਦੇ ਹੀ ਓਹ ਪੂਜਣਹਾਰ ਸਨ। ਉਸ ਇਕ ਤੋਂ ਬਿਨਾਂ ਕਿਸੇ ਹੋਰ ਉੱਤੇ ਉਨ੍ਹਾਂ ਦਾ ਧਿਆਨ ਟਿਕਣਾ ਜਾਂ ਟਿਕਾਣਾ ਸੰਭਵ ਹੀ ਨਹੀਂ ਸੀ। ਉਹ ਉਨ੍ਹਾਂ ਪਰਵਾਨ-ਪੰਚਾਂ ਵਿਚੋਂ ਇਕ ਪੰਚ ਸਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ 'ਪੰਚਾ ਕਾ ਗੁਰੂ ਏਕੁ ਧਿਆਨੁ'। ਸੱਚ ਤਾਂ ਇਹ ਹੈ ਕਿ ਉਹ ਸ੍ਰੀ ਦਸਮੇਸ਼ ਪਿਤਾ ਜੀ ਦੇ ਇਸ ਉਦੇਸ਼ ਤੇ ਆਦੇਸ਼ ਦੇ ਪੱਕੇ ਧਾਰਨੀ ਸਨ -

*ਭਜੋਂ ਸੁ ਏਕ ਨਾਮਯੰ॥ ਜੁ ਕਾਮ ਸਰਬ ਠਾਮਯੰ॥*
*ਨ ਜਾਪ ਆਨ ਕੋ ਜਪੋਂ॥ ਨ ਅਉਰ ਥਾਪਨਾ ਥਪੋਂ॥੩੭॥*
*ਬਿਅੰਤ ਨਾਮੁ ਧਿਆਇ ਹੋਂ॥ ਪਰਮ ਜੋਤਿ ਪਾਇ ਹੋਂ॥*
*ਨ ਧਿਆਨ ਆਨ ਕੋ ਧਰੋਂ॥ ਨ ਨਾਮ ਆਨ ਉਚਰੋਂ ॥੩੮॥*
*ਤਵੱਕ ਨਾਮ ਰੱਤਿਯੰ॥ ਨ ਆਨ ਮਾਨ ਮੱਤਿਯੰ॥*
*ਪਰਮ ਧਿਆਨ ਧਾਰੀਐ॥ ਅਨੰਤ ਪਾਪ ਟਾਰੀਯੰ॥੩੯॥*
*ਤੁਮੇਵ ਰੂਪ ਰਾਚਿਯੰ॥ ਨ ਆਨ ਦਾਨ ਮਾਚਯੰ॥*
*ਤਵੱਕ ਨਾਮ ਉਚਾਰਿਯੰ॥ ਅਨੰਤ ਦੂਖ ਟਾਰਿਯੰ॥੪੦॥*
*ਬਚਿਤ੍ਰ ਨਾਟਕ ਪਾ: ੧੦, ਅਧਿਆਇ ੬*

ਸੱਚ ਨੂੰ ਧਿਆਉਣਾ, ਸੱਚ ਨੂੰ ਕਮਾਵਣਾ, ਅਰਥਾਤ, ਸੱਚ ਦਾ ਜੀਵਨ ਜੀਣਾ ਤੇ ਸੱਚਾ ਸੁੱਚਾ ਆਚਾਰ ਆਪ ਜੀ ਦਾ ਰੂਪ-ਸ਼ਿੰਗਾਰ ਸੀ। ਪਰ-ਦ੍ਰਿਸ਼ਟ ਨੂੰ ਉਨ੍ਹਾਂ ਪੂਰਨ ਤੌਰ ਤੇ ਗਾਲਿਆ ਹੋਇਆ ਸੀ। ਭਰਮ ਭੇਖ ਤੋਂ ਉਹ ਬਿਲਕੁਲ ਨਿਆਰੇ ਸਨ। ਸ਼ਸਤ੍ਰ ਅਸਤ੍ਰ ਨਾਨਾ ਸਬੁਧਿ ਹੋ ਕੇ ਆਪ ਅੱਠੇ ਪਹਿਰ ਨਾਮ ਵਿਚ ਰਤੇ ਰਹਿੰਦੇ ਸਨ ਅਤੇ ਸਾਸ-ਗ੍ਰਾਸ ਸਤਿਨਾਮ ਦਾ ਪਰਾ ਪੂਰਬਲਾ ਗੁਰਮੰਤ੍ਰੜਾ ਨਿਰੰਤਰ ਲਿਵਤਾਰ ਹੋ ਕੇ ਉਨ੍ਹਾਂ ਉਤੇ ਚਲੂਲੇ ਰੰਗ ਦੀਆਂ ਗੂੜ੍ਹੀਆਂ ਲਾਲੀਆਂ ਚਾੜ੍ਹੀ ਰਖਦਾ ਸੀ। ਮੁਕਦੀ ਗੱਲ ਕਿ ਆਪ ਇਕ ਪੂਰੇ ਰਹਿਤਵਾਨ, ਸਿਦਕ-ਸਬੂਰੀ ਵਾਲੇ ਅੰਮ੍ਰਿਤਧਾਰੀ, ਸੁੰਦਰ ਦੀਦਾਰੀ, ਪਰਉਪਕਾਰੀ, ਨਿਰ-ਅਭਿਮਾਨ, ਨੇਮੀ ਤੇ ਪ੍ਰੇਮੀ ਨਿਖਾਲਸ ਖਾਲਸਾ ਸਨ। ਓਹ ਖਾਲਸਾ ਜਿਨ੍ਹਾਂ ਬਾਰੇ ਕਿਹਾ ਗਿਆ ਹੈ -

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥ ਸੋਰਠਿ ਕਬੀਰ ਜੀ - ੬੫੪*

ਜਾਂ ਫਿਰ -

*ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ॥੧॥ ਤੇਤੀ ਸਵੱਯੇ ਪਾ: ੧੦*

(੨)

ਆਪ ਜੀ ਦਾ ਜਨਮ ਸ: ਨੱਥਾ ਸਿੰਘ (ਜੱਜ ਹਾਈਕੋਰਟ ਨਾਭਾ ਸਟੇਟ) ਜੀ ਦੇ ਘਰ ਮਾਤਾ ਪੰਜਾਬ ਕੌਰ

ਜੀ ਦੀ ਪਾਵਨ ਕੁਖੋਂ ਮਿਤੀ ੭ ਜੁਲਾਈ ੧੮੭੮ ਨੂੰ ਹੋਇਆ। ਸੁਭਾਵਕ ਵਰਤਾਰੇ ਵਿਚ ਗੁਰਮਤਿ, ਵੈਰਾਗ ਬ੍ਰਿਤੀ ਤਾਂ ਪਹਿਲਾਂ ਹੀ ਮੌਜੂਦ ਸੀ। ਅੰਤਰ ਆਤਮ ਪ੍ਰਮਾਰਥੀ ਲਗਨ ਦੀਆਂ ਲਹਿਰਾਂ ਅਕਸਰ ਠਾਠਾਂ ਮਾਰਦੀਆਂ ਹੀ ਰਹਿੰਦੀਆਂ ਸਨ, ਪਰ ਸਤਿਗੁਰ ਦੇ ਘਰ ਉਨ੍ਹਾਂ ਦਾ ਜਨਮ ਉਨ੍ਹਾਂ ਦੀ ਅਸਲੀ ਜਨਮ-ਤਿਥੀ ਤੋਂ ੨੫ ਸਾਲ ਮਗਰੋਂ ਹੋਇਆ। ੧੪ ਜੂਨ ੧੯੦੩ ਨੂੰ ਉਨ੍ਹਾਂ ਦੇ ਪੂਰਬਲੇ ਕਰਮਾਂ ਦੇ ਅੰਕੁਰ ਫੁੱਟੇ ਤੇ ਆਪ ਜੀ ਨੇ ਜੁਗ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੀ ਤਾਬਿਆ ਵਿਚ ਪੰਜ ਰਹਿਤਵਾਨ ਰਸਿਕ ਬੈਰਾਗੀ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਛੱਕ ਕੇ 'ਸਤਿਗੁਰ ਕੈ ਜਨਮੈ ਗਵਨੁ ਮਿਟਾਇਆ' ਤੇ ਜਨਮ ਸੁਹੇਲਾ ਕੀਤਾ। ਬੱਸ ਇਸ ਤੋਂ ਮਗਰੋਂ ਆਪ ਜੀ ਦਾ ਗੁਰਮਤਿ ਬਿਬੇਕ ਤੇ ਵੈਰਾਗ 'ਦਿਨ ਦਿਨ ਚੜ੍ਹੇ ਸਵਾਇਆ' ਹੀ ਹੁੰਦਾ ਰਿਹਾ।

ਵੈਸੇ ਤਾਂ ਬਾਲ, ਕਿਸ਼ੋਰ ਤੇ ਯੁਵਾ ਅਵਸਥਾ ਵਿਚ ਵੀ ਚਿਤ੍ਰ ਬਚਿਤ੍ਰ ਰਚਨਾ ਦੀਆਂ ਬਹੁ-ਰੰਗੀ ਲਹਿਰਾਂ ਦੇ ਤੂਫਾਨਾਂ ਵਿਚ ਵੀ ਕਾਦਰ ਪਿਆਰ ਦੀ ਰੁਚੀ ਦਾ ਪ੍ਰਬੱਲ ਰਹਿਣਾ, ਅੰਤਰ ਆਤਮੇ ਪ੍ਰੇਮ-ਕਾਂਗਾਂ ਨੇ ਠਾਠਾਂ ਮਾਰਨਾ ਤੇ ਮਨ ਨੇ ਖੀਵੇ ਹੋਣਾ, ਦਿਸਦੀ ਸੁੰਦਰਤਾ ਨੂੰ ਵੇਖ ਵੇਖ ਅਜਿਹੇ ਮਸਤ ਹੋਣਾ ਕਿ ਮਸਤੀ ਵਿਚ ਅਣਦਿਸਦੇ ਦੀ ਝਲਕ ਪੈਣੀ ਤੋਂ ਵਿਸਮਾਦ ਵਿਚ ਲੋਟ ਪੋਟ ਹੋ ਜਾਣਾ। ਜਗਤ-ਭਲਾਈ, ਜਨ-ਸੇਵਾ ਤੇ ਪਰਉਪਕਾਰੀ ਜੀਵਨ ਦੇ ਰਾਹ ਵਿਚ ਸਰਕਾਰੀ ਨੌਕਰੀ ਨੂੰ 'ਧ੍ਰਿਗੁ ਵਿਡਾਣੀ ਚਾਕਰੀ' ਜਾਣ ਤਹਿਸੀਲਦਾਰੀ ਦੀ ਜ਼ਿਮੇਵਾਰੀ ਤੋਂ ਮੁਕਤ ਹੋ ਜਾਣਾ। ਜੀਵਨ ਵਿਚ ਕੁਸੰਗ ਦੇ ਕਈ ਮੋੜ ਘੋਰ ਵਾਪਰਨੇ, ਪਰ ਪਤਿਤ ਕਰਮਾਂ ਤੋਂ ਫੇਰ ਵੀ ਬਚੇ ਰਹਿਣਾ। ਕਿਸੇ ਤਾਂਤ੍ਰਿਕ ਸਾਧੂ ਦੇ ਬਾਹਰਲੇ ਰੂਪ ਨੂੰ ਵੇਖ ਕੇ ਇਕ-ਦਮ ਉਸ 'ਤੇ ਫ਼ਰੇਫ਼ਤਾ ਹੋ ਜਾਣਾ, ਤੇ ਉਸਦੀ ਮਸਤਾਨੀ ਰੂਪ-ਰੇਖਾ ਤੇ ਲੱਟੂ ਹੋ ਕੇ ਮਤਵਾਲਿਆਂ ਵਾਂਗ ਬਿਹਬਲ ਹੋ ਜਾਣਾ ਤੇ ਉਸ ਦੇ ਮਗਰੋਂ ਮਗਰ ਖਿਚੀਂਦੇ ਫਿਰਨਾ, ਪਰ ਸੁਭਾਵਕ ਹੀ ਉਸਨੂੰ ਸੁਲਫੇ ਦਾ ਸੂਟਾ ਲਾਂਦਿਆਂ ਵੇਖ ਪੱਲ ਦੇ ਪੱਲ ਵਿਚ ਮੂੰਹ ਫੇਰ ਲੈਣਾ, ਸ਼ਬਦ ਤੇ ਸੁਰਤਿ ਦੇ ਸੰਜੋਗ ਰਾਹੀਂ ਲਾ-ਇਲਾਜ ਹੋ ਚੁਕੇ ਆਪਣੇ ਪਿਤਾ ਜੀ ਨੂੰ ਮੌਤ ਚੋਂ ਮੂੰਹੋਂ ਛੁਡਾ ਲੈਣਾ ਤੇ ਆਪਣੇ ਆਪ ਨੂੰ ਵੀ ਬੁਖ਼ਾਰ ਦੇ ਮਾਰੂ ਹਮਲੇ ਤੋਂ ਬਚਾ ਲੈਣਾ ਅਤੇ 'ਸਰਬ ਰੋਗ ਕਾ ਅਉਖਦੁ ਨਾਮੁ' ਦਾ ਕ੍ਰਿਸ਼ਮਾ ਵਿਖਾ ਕੇ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਗੁਰਬਾਣੀ ਦੀ ਅੰਮ੍ਰਿਤ-ਕਲਾ ਦਾ ਸਬੂਤ ਦੇਣਾ, ਆਦਿ ਕਈ ਇਕ ਅਦਭੁਤ ਗੱਲਾਂ ਹਨ, ਜੋ ਪੂਰਬਲੇ ਕਿਰਤ ਕਰਮਾਂ ਦੀ ਖੇਡ ਹੀ ਜਾਪਦੀਆਂ ਹਨ।

ਅੰਮ੍ਰਿਤ ਛਕਣ ਤੋਂ ਕਈ ਸਾਲ ਕੁ ਮਗਰੋਂ ਹੀ ਆਪ ਜੀ ਦਾ ਸੋਲ੍ਹਾਂ ਪਹਿਰ ਇਕੋ ਹੀ ਅਖੰਡ ਚੌਕੜੀ ਤੇ ਅਖੰਡ ਸਮਾਧੀ ਵਿਚ ਅਖੰਡ ਪਾਠ ਸੁਣਨਾ, ਅਗੰਮੀ ਆਵਾਜ਼ਾਂ ਸੁਣਨੀਆਂ, ਅਕਾਲੀ ਜੋਤਿ ਦੇ ਪ੍ਰਕਾਸ਼ਮਈ ਝਲਕਾਰੇ ਝਲਕਣੇ ਅਤੇ 'ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ' ਵਾਲੀ ਅਵਸਥਾ ਤਾਰੀ ਹੋ ਜਾਣੀ, ਗੁਰਬਾਣੀ ਦੇ ਨਿਤਨੇਮ ਦਾ ਪਾਠ ਕਰਨਾ ਤੇ ਅਜਿਹੇ ਵੈਰਾਗਮਈ ਵਹਿਣਾਂ ਵਿਚ ਵਹਿ ਜਾਣਾ ਕਿ ਮੈ ਨੀਰੁ ਵਹੇ ਵਹਿ ਚਲੈ ਜੀਉ ਦੀ ਤੀਬਰਤਾ ਵਾਪਰ ਜਾਣੀ, ਵੈਰਾਗ ਦੇ ਵੇਗਾਂ ਵਿਚ ਅਜਿਹਾ ਲੀਨ ਹੋਣਾ ਕਿ ਕਿਸੇ ਦੂਜੇ ਬੰਨੇ ਅੱਖ ਉਘੜੇ ਹੀ ਨਾ। ਦੁਨਿਆਵੀ ਸਭ ਸਿਆਣਪਾਂ ਕੂੜੀਆਂ ਜਾਪਣੀਆਂ। ਇਥੋਂ ਤਕ ਕਿ ਮਾਤਾ ਪਿਤਾ ਦੀਆਂ ਸਮਝਾਉਣੀਆਂ ਵੀ ਬੇ-ਅਸਰ ਹੋ ਜਾਣੀਆਂ ਤੇ ਬਿਰਤੀ ਦੀਆਂ ਤਰਬਾਂ ਅਨਹਦ ਨਾਦ ਦੀ ਨਿਰੰਤਰ ਸ੍ਰੋਤ ਵਿਚ ਗੜੂੰਦ ਰਹਿਣੀਆਂ, ਆਦਿ ਅਲੌਕਿਕ ਖੇਡਾਂ ਵੇਖ ਸੁਣ ਕੇ ਇਹੋ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦੀ ਕਿਰਤ ਵਿਰਤ ਵਿਚ ਪ੍ਰਮਾਰਥਕ ਰੁਚੀ ਦਾ ਆਪ-ਮੁਹਾਰਾ ਉਘੜਨਾ, ਪੁੰਗਰਨਾ, ਫਲਣਾ ਫੁਲਣਾ ਤੇ ਉਜਾਗਰ ਹੋਣਾ, ਵਿਰਸੇ ਵਿਚ ਮਿਲੇ ਸੁਭਾਵ ਅਨੁਸਾਰ ਕਿਰਤ ਕਰਮਾਂ ਦੀਆਂ ਕਰੂੰਬਲਾਂ ਦਾ ਹੀ ਉਗਮਣਾ ਕਿਹਾ ਜਾ ਸਕਦਾ ਹੈ।

ਅੰਮ੍ਰਿਤ ਛਕਣ ਤੋਂ ਮਗਰੋਂ ਆਪ ਜੀ ਨੇ ਸਾਰੀ ਜ਼ਿੰਦਗੀ ਨਾਮ-ਸਿਮਰਨ ਵਿਚ ਬਿਤਾਈ, ਕੇਵਲ ਨਾਮ ਦਾ ਬਿਲੋਵਨਾ ਹੀ ਬਿਲੋਇਆ। ਸੰਨ ੧੯੧੫ ਤਕ ਤਾਂ ਗੁਰਮਤਿ ਪਰਚਾਰ ਤੇ ਅੰਮ੍ਰਿਤ ਸਿੰਚਾਰ ਕਰਨ ਦੀ ਨਿਸ਼ਕਾਮ ਸੇਵਾ ਹੀ ਨਿਬਾਹੁੰਦੇ ਰਹੇ। ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਗਾਤਾਰ ਕਈ ਕਈ ਘੰਟੇ ਕੀਰਤਨ ਕਰਦੇ ਨਾ ਅੱਕਦੇ ਨਾ ਥੱਕਦੇ, ਸਗੋਂ ਵਿਸਮਾਦ ਵਿਚ ਆਏ, ਸਰੀਰ ਵਿਚ ਰਹਿੰਦਿਆਂ ਅਸਰੀਰ ਹੋ ਜਾਂਦੇ ਤੇ ਨਾਮ ਦੇ ਚਲੂਲੇ ਰੰਗਾਂ ਵਿਚ ਰੰਗੀਜ ਇਉਂ ਮਸਤੂਲ-ਮਸਤ ਹੋ ਜਾਂਦੇ, ਜਿਵੇਂ –

***ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ॥੧॥ਰਹਾਉ॥ ਅੰਗ – ੮੩੬***

ਇਸ ਤੋਂ ਮਗਰੋਂ ਇਲਾਹੀ ਭਾਣਾ ਕੁਝ ਹੋਰ ਦਾ ਹੋਰ ਵਰਤ ਗਿਆ। ੬ ਮਈ ੧੯੧੫ ਨੂੰ, ਜਦੋਂ ਕਿ ਆਪ ਆਪਣੇ ਪਿਤਾ ਜੀ ਦੇ ਦਰਸ਼ਨ-ਮੇਲੇ ਲਈ ਨਾਭੇ ਆਏ ਹੋਏ ਸਨ, ਲਾਹੌਰ ਸਾਜ਼ਸ਼ ਕੇਸ ਵਿਚ ਇਕ ਗਵਾਹ ਦੀ ਗਵਾਹੀ ਦੇ ਅਧਾਰ ਤੇ ਆਪ ਜੀ ਨੂੰ ਨਾਭੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਤੇ ਮਗਰੋਂ ਲੋਹਟ ਬੱਦੀ ਦੇ ਥਾਣੇ ਦੀ ਹਵਾਲਾਤ ਵਿਚ ਲੈ ਆਏ। ਇਸ ਤੋਂ ਛੇਤੀ ਹੀ ਮਗਰੋਂ ਮਿਤੀ ੧੭

ਜੂਨ ੧੯੧੫ ਨੂੰ ਅੰਗ੍ਰੇਜ਼ੀ ਸਰਕਾਰ ਦੀ ਪੰਜਾਬ ਪੋਲੀਸ ਦੀ ਸਪੁਰਦਗੀ ਵਿਚ ਲੁਧਿਆਣੇ ਰੱਖਿਆ ਗਿਆ ਤੇ ਆਖ਼ਰ ਅੰਗ੍ਰੇਜ਼ੀ ਸਰਕਾਰ ਵਿਰੁਧ ਬਗ਼ਾਵਤ ਕਰਨ ਦੇ ਦੋਸ਼ ਵਿਚ ਉਮਰ-ਕੈਦ ਤੇ ਜਾਇਦਾਦ-ਜ਼ਬਤੀ ਦੀ ਸਜ਼ਾ ਸੁਣਾ ਦਿੱਤੀ ਗਈ।

**(੩)**

ਸੁਣਾਈ ਗਈ ਉਮਰ-ਕੈਦ ਆਪ ਜੀ ਨੂੰ ਦੇਸ਼ ਦੀਆਂ ਜੇਲ੍ਹਾਂ ਵਿਚ ਹੀ ਭੁਗਤਣੀ ਪਈ। ਵਿਸ਼ੇਸ਼ ਤੌਰ"ਤੇ ਇਹ ਜੇਲ੍ਹਾਂ ਸੰਨ : ਮੁਲਤਾਨ (ਪੰਜਾਬ), ਹਜ਼ਾਰੀ ਬਾਗ (ਬਿਹਾਰ), ਰਾਜ ਮੰਦਰੀ (ਮਦਰਾਸ), ਨਾਗਪੁਰ (ਐਮ.ਪੀ.) ਆਦਿ। ਸਮੂਚ ਤੌਰ ਤੇ ਕੁਲ ਕੈਦ ਜੋ ਉਨ੍ਹਾਂ ਨੇ ਕਟੀ ਦਾ ਜੋੜ ਬਣਦਾ ਹੈ ੧੪ ਸਾਲ, ਛੇ ਮਹੀਨੇ ਅਤੇ ਚਾਰ ਦਿਨ।

ਉਪ੍ਰੋਕਤ ਸਾਰੀਆਂ ਜੜ੍ਹਾਂ ਵਿਚ ਆਪ ਜੀ ਦੀ ਰਹਿਤ-ਬਿਬੇਕ ਨੂੰ ਕਈ ਤਰ੍ਹਾਂ ਨਾਲ ਲਲਕਾਰਿਆ ਗਿਆ ਤੇ ਆਪ ਜੀ ਨੂੰ ਸਿੱਖੀ ਰਹਿਤ-ਬਹਿਤ ਨੂੰ ਕਾਇਮ ਰਖਣ ਲਈ ਕਈ ਧਰਮ-ਮੋਰਚੇ ਲਾਣੇ ਪਏ। ਇਥੋਂ ਤਕ ਕਿ ਇਨ੍ਹਾਂ ਨੂੰ ਕਈ ਕਈ ਦਿਨ ਭੁਖ-ਤੇਹ ਦੇ ਕੜਾਕੇ ਵੀ ਕੱਟਣੇ ਪਏ। ਖ਼ਾਸ ਕਰਕੇ ਮੁਲਤਾਨ ਜੇਲ੍ਹ ਵਿਚ ਲਗਾਤਾਰ ਚਾਲ੍ਹੀ ਦਿਨ ਅੰਨ-ਪਾਣੀ ਦਾ ਰੋਸ-ਵਰਤ ਰਖਣਾ ਤਾਂ ਹਰ ਕਿਸੇ ਨੂੰ ਹੈਰਾਨ ਕਰ ਦੇਣ ਵਾਲਾ ਕ੍ਰਿਸ਼ਮਾ ਸੀ। ਭੁੱਖ ਤਾਂ ਭਾਵੇਂ ਕੋਈ ਸਹਾਰ ਸਕਦਾ ਹੋਵੇ, ਲਗਾਤਾਰ ਚਾਲ੍ਹੀ ਦਿਨ ਪਾਣੀ ਨੂੰ ਵੀ ਮੂੰਹ ਨਾ ਲਾਣਾ ਦੁਨੀਆ ਨੂੰ ਚਕ੍ਰਿਤ ਕਰਨ ਵਾਲੀ ਗੱਲ ਹੈ। ਅਜਿਹੀ ਹਾਲਤ ਵਿਚ ਵੀ ਚੜ੍ਹਦੀਆਂ ਕਲਾ ਵਿਚ ਰਹਿਣਾ, ਜਗਤ ਦੇ ਇਤਿਹਾਸ ਵਿਚ ਇਕ ਨਿਰਾਲੀ ਘਟਨਾ ਹੈ, ਅਤੇ ਇਹ ਨਾਮ-ਸਿਮਰਨ ਦੀ ਹੀ ਅਮਰ ਕਲਾ ਕਹੀ ਜਾ ਸਕਦੀ ਹੈ।

ਕਈ ਕਈ ਦਿਨ ਆਪ ਕੇਵਲ ਫਲ-ਅਹਾਰੀ ਹੀ ਰਹੇ, ਪਰ ਆਪ ਸਿੱਖੀ ਸਿਦਕ ਤੇ ਰਹਿਤ-ਬਿਬੇਕ ਵਿਚ ਪੱਕੇ ਰਹੇ, ਸਿੱਖੀ ਅਣਖ ਨੂੰ ਵੱਟਾ ਨਹੀਂ ਲੱਗਣ ਦਿਤਾ। ਹਰ ਧਰਮ-ਯੁੱਧ ਦੇ ਮਗਰੋਂ ਜੇਲ੍ਹ ਪ੍ਰਬੰਧਕਾਂ ਨੂੰ ਆਪ ਜੀ ਦੀ ਦ੍ਰਿੜ੍ਹਤਾ ਸਾਹਮਣੇ ਝੁਕਣਾ ਹੀ ਪਿਆ। ਜੇਲ੍ਹ ਅਫਸਰ ਤੇ ਕਰਮਚਾਰੀ ਵੀ ਆਪ ਜੀ ਦੀ ਰਹੁ-ਰੀਤ ਤੋਂ ਸੱਚੀ-ਸੁੱਚੀ ਰਹਿਣੀ ਬਹਿਣੀ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕੇ, ਸਗੋਂ ਕਈਆਂ ਨੇ ਤਾਂ ਸਿੱਖੀ ਰਹਿਤ-ਬਿਬੇਕ ਨੂੰ ਧਾਰਨ ਵੀ ਕਰ ਲਿਆ।

ਆਖਰ ੪ ਅਕਤੂਬਰ ੧੯੩੦ ਨੂੰ ਆਪ ਜੀ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਲਾਹੌਰ ਸੈਂਟਰਲ ਜੇਲ੍ਹ ਵਿਚ ਹੀ ਆਪ ਸ: ਭਗਤ ਸਿੰਘ ਨੂੰ ਉਸ ਦੀ ਤੀਬਰ ਇੱਛਾ ਅਨੁਸਾਰ ਮਿਲੇ ਅਤੇ ਉਸਨੂੰ ਉਸਦੀ ਧਾਰਮਿਕ ਕਮਜ਼ੋਰੀ ਦਾ ਅਹਿਸਾਸ ਕਰਾਇਆ। ਉਸ ਨੇ ਭਾਈ ਸਾਹਿਬ ਦੇ ਦਿਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਮੁੜ ਕੇਸ ਰੱਖ ਲਏ। ਜੇਲ੍ਹ ਵਿਚ ਜੇਕਰ ਅੰਮ੍ਰਿਤ ਸੰਚਾਰ ਕਰਨ ਦਾ ਕੋਈ ਅਵਸਰ ਪ੍ਰਾਪਤ ਹੋ ਸਕਦਾ ਤਾਂ ਸ਼ਾਇਦ ਉਹ ਮੁੜ ਤਿਆਰ-ਬਰ-ਤਿਆਰ ਸਿੰਘ ਸੱਜ ਜਾਂਦਾ ਪਰ ਹੁੰਦਾ ਓਹੀ ਹੈ ਜੋ ਗੁਰੂ ਨੂੰ ਜਾਂਦਾ ਹੈ।

ਆਪ ਜੀ ਦੀ ਰਿਹਾਈ ਉਤੇ ਸਾਰੇ ਪੰਥ ਨੇ ਖੁਸ਼ੀਆਂ ਮਨਾਈਆਂ। ਅਕਾਲ ਤਖ਼ਤ ਸਾਹਿਬ ਨੇ ਆਪ ਜੀ ਦੀ ਘਾਲਨਾ ਨੂੰ ਪਰਵਾਨਿਆਂ ਤੇ ਸਨਮਾਨਿਆ ਤੇ ਮਿਤੀ ੧੫ ਸਤੰਬਰ ੧੯੩੧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਇਕ ਹੁਕਮਨਾਮੇ ਅਤੇ ਸਿਰੋਪਾਉ ਦੀ ਬਖ਼ਸ਼ਸ਼ ਹੋਈ।

ਆਪ ਜੀ ਦੀ ਭਰ ਜਵਾਨੀ ਦੇ ੧੫ ਸਾਲ ਜੇਲ੍ਹਾਂ ਵਿਚ ਕਈ ਤਰ੍ਹਾਂ ਦੇ ਦੁਖ ਤੇ ਤਸੀਹੇ ਸਹਿੰਦਿਆਂ ਗੁਜ਼ਰੇ। ਪੂਰੀ ਜ਼ਿੰਦਗੀ ਉਨ੍ਹਾਂ ਨੇ ਪੰਥ ਦੀ ਉਸਾਰੀ ਨਮਿਤ ਗੁਜ਼ਾਰੀ। ਆਖ਼ਰ ੧੬ ਅਪ੍ਰੈਲ ੧੯੬੧ ਨੂੰ ਆਪ ਜੀ ਨੇ ੭੯-ਮਾਡਲ ਟਾਊਨ, ਲੁਧਿਆਣਾ ਵਿਖੇ ਆਪਣੇ ਇਸ ਆਰਜ਼ੀ ਮਿੱਟੀ ਦੇ ਮੜ੍ਹਲੇ ਨੂੰ ਸਦਾ ਲਈ ਤਿਆਗ ਦਿਤਾ ਅਤੇ 'ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ' ਦੇ ਮਹਾਂਵਾਕ ਅਨੁਸਾਰ ਅਕਾਲੀ ਜੋਤਿ ਵਿੱਚ ਸਦਾ ਲਈ ਲੀਨ ਹੋ ਗਏ। ਨਿਰਸੰਦੇਹ ਆਪ ਇਕ ਪੁਰਖ ਪੁਰਖੋਤਮ ਸਨ।

## ਆਪ ਜੀ ਦਾ ਜੀਵਨ-ਦਰਸ਼ਨ

ਆਪ ਜੀ ਏਕੀਸ਼੍ਵਰਵਾਦੀ ਸਨ। 'ਏਕ ਬਿਨਾ ਮਨ ਨੈਕ ਨ ਆਨੈ' ਤਥਾ 'ਏਕ ਬਿਨਾ ਨਹਿ ਏਕ ਪਛਾਨੈ' ਆਪ ਦਾ ਵਿਸ਼ਵਾਸ ਸੀ। ਇਕ ਅਕਾਲ ਪੁਰਖ, ਉਸ ਦੇ ਵਰੋਸਾਏ ਸਤਿਗੁਰ ਨਾਨਕ ਅਥਵਾ ਉਸਦੇ ਦਸਾਂ ਸਰੂਪਾਂ ਤਥਾ ਆਤਮ-ਜੋਤਿ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ, ਕਿਸੇ ਹੋਰਸ ਤੇ ਉਨ੍ਹਾਂ ਦੀ ਪ੍ਰੇਮ-ਪ੍ਰਤੀਤ ਨਹੀਂ ਸੀ। ਇਕ ਨਿਰੰਕਾਰ ਵਿਚ, ਆਪਾ ਭਾਵ ਨੂੰ ਮਿਟਾ ਕੇ, ਇਕ ਹੋ ਜਾਣਾ, ਆਪ ਜੀ ਦਾ ਜੀਵਨ-ਉਦੇਸ਼ ਸੀ।

ਗੁਰਮਤਿ ਬਿਬੇਕ, ਗੁਰਬਾਣੀ ਪਿਆਰ, ਗੁਰਮਤਿ ਨਾਮ ਦਾ ਨਿਰੰਤਰ ਅਭਿਆਸ, ਗੁਰਮਤਿ ਰਹਿਤ ਬਿਬੇਕ ਆਦਿ

ਗੁਰਮਤਿ ਸਿਧਾਂਤ ਆਪ ਜੀ ਦੇ ਜੀਵਨ ਦੇ ਵਿਸ਼ੇਸ਼ ਅੰਗ ਸਨ। ਆਪ ਜੀ ਦੇ ਰਚਿਤ ਗੁਰਮਤਿ ਸਾਹਿੱਤ ਵਿਚੋਂ ਉਨ੍ਹਾਂ ਦੇ ਇਹ ਜੀਵਨ-ਅੰਗ ਹਸਤ-ਆਮਲਕ ਵਤ ਆਪ-ਮੁਹਾਰੇ ਹੀ ਉਘੜਦੇ ਨਿਖਾਰ ਵਿਚ ਆਉਂਦੇ ਹਨ। ਜਿਹਾ ਕਿ -

## ਗੁਰਮਤਿ ਬਿਬੇਕ

'ਬਿਬੇਕ ਤੇ ਵਿਵੇਕ' ਸਮਾਨਾਰਥੀ ਸ਼ਬਦ ਹਨ ਤੇ ਸਾਧਾਰਨ ਤੌਰ ਤੇ ਇਨ੍ਹਾਂ ਨੂੰ ਵਿਚਾਰ ਦੇ ਅਰਥਾਂ ਅਨੁਸਾਰ ਜਾਣਿਆ ਜਾਂਦਾ ਹੈ। ਗੁਰਮਤਿ ਵਿੱਚ ਇਨ੍ਹਾਂ ਨੂੰ 'ਸਚੁ' ਅਥਵਾ 'ਸਚ ਦਾ ਵਿਚਾਰ' ਦੇ ਅਰਥਾਂ ਵਿੱਚ ਲਿਆ ਜਾਂਦਾ ਹੈ। ਸੱਚਾ ਵਿਚਾਰ ਸਾਧਾਰਨ ਵਿਚਾਰ ਨਹੀਂ ਹੋ ਸਕਦਾ। ਇਹ ਤਾਂ ਉੱਚਾ ਸੁੱਚਾ ਤੇ ਗਹਿਰ ਗੰਭੀਰ ਵਿਚਾਰ ਹੈ। ਇਹ ਵਿਚਾਰ ਨਾ ਤਾਂ ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ ਮਾਤਰ ਨਾਲ ਪਾਇਆ ਜਾ ਸਕਦਾ ਹੈ ਤੇ ਨਾ ਹੀ ਵੇਦਾਂ, ਸਿਮ੍ਰਤੀਆਂ ਆਦਿ ਦੇ ਵਿਚਾਰ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਕੁਝ ਕਰਨ ਨਾਲ ਤਾਂ ਸਗੋਂ ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਹੋਰ ਜ਼ੋਰ ਫੜ ਲੈਂਦੇ ਹਨ ਤੇ ਹਉਮੈਂ ਵੀ ਅਧਿਕ ਵੱਧ ਜਾਂਦੀ ਹੈ। ਪ੍ਰਭੂ-ਮੇਲ ਦੇ ਰਾਹ ਵਿਚ ਇਹ ਸਗੋਂ ਇਕ ਕਰੜੀ ਰੁਕਾਵਟ ਬਣ ਜਾਂਦੇ ਹਨ। ਪੰਚਮ ਪਾਤਸ਼ਾਹ ਇਸੇ ਲਈ ਪ੍ਰਭੂ ਜੀ ਪਾਸੋਂ ਬਿਬੇਕ ਬੁਧ ਦੀ ਹੀ ਯਾਚਨਾ ਕਰਦੇ ਹਨ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈਂ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ਰਹਾਉ॥੧॥੩॥* *ਅੰਗ - ੬੪੧*

ਭਾਈ ਸਾਹਿਬ ਲਿਖਦੇ ਹਨ - 'ਸੱਚਾ ਵਿਚਾਰ ਵਿਵੇਕੁ, ਅਸਲ ਅਤੇ ਨਿਰੋਲ ਵਿਚਾਰ ਵਿਵੇਕ ਗੁਰਬਾਣੀ ਦੀ, ਗੁਰਵਾਕਾਂ ਰੂਪੀ ਪ੍ਰਮਾਣਾਂ ਦੀ ਘਸਵਟੀ ਨਾਲ ਹੀ ਪਰਖਿਆ-ਪਰਤਿਸਟਿਆ ਜਾ ਸਕਦਾ ਹੈ। ਸੋ ਸਚੇ ਗੁਰਮਤਿ ਵਿਚਾਰੁ (ਵਿਵੇਕ) ਦੇ ਅਸਲ ਗੁਰਮਤਿ ਭਾਵ ਨੂੰ ਹੇਠਲਾ ਗੁਰਮਤਿ ਪ੍ਰਮਾਣ ਨਿਤਾਰ ਕੇ ਸਪੱਸ਼ਟ ਕਰਦਾ ਹੈ। ਯਥਾ -

*ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥੧॥੯੯॥* *ਅੰਗ - ੫੨*

ਇਹ ਹੈ ਗੁਰਮਤਿ ਬਿਬੇਕ ਦੀ ਅਸਲ ਤਾਰੀਫ਼ (Definition), ਕੇਵਲ ਏਸੇ ਅਤੇ ਏਤਨੇ ਗੁਰਵਾਕ ਅੰਦਰ ਹੀ ਗੁਰਮਤਿ ਬਿਬੇਕ ਦੀ ਸਮੁੱਚੀ ਵਿਆਖਿਆ ਭਰੀ ਪਈ ਹੈ। ਇਸ ਗੁਰਵਾਕ ਦੇ ਭਾਵ ਅਨੁਸਾਰ ਸਤਿਗੁਰ ਦੇ ਬਚਨਾਂ ਦਾ ਜੋ ਕਮਾਵਣਾ ਹੈ, ਇਹ ਹੀ ਸੱਚਾ ਵੀਚਾਰ (ਵਿਵੇਕ) ਹੈ। ਯਾ ਦੂਜੇ ਅੱਖਰਾਂ ਵਿਚ ਇਉਂ ਕਹੋ ਕਿ ਗੁਰਬਾਣੀ ਰੂਪੀ ਸਤਿਗੁਰ ਬਚਨਾਂ ਦਾ ਕਮਾਵਣਾ ਹੀ ਅਸਲ ਗੁਰਮਤਿ ਬਿਬੇਕ ਹੈ। ਗੁਰਮਤਿ ਬਿਬੇਕ (ਦੂਜੀ ਵਾਰ) ਪੰਨਾ ੧੫

'ਹੁਕਮ ਰਜਾਈ ਚਲਣਾ' ਹੀ ਸੱਚਾ ਗੁਰਮਤਿ ਬਿਬੇਕ ਹੈ। ਓਹੀ, ਪੰਨਾ ੧੫

'ਸਤਿਗੁਰ ਬਚਨ ਕਮਾਵਣਾ' ਅਤੇ 'ਹੁਕਮਿ ਰਜਾਈ ਚਲਣਾ ਇਕੋ ਭਾਵ ਰਖਦਾ ਹੈ। ਓਹੀ, ਪੰਨਾ ੧੬

'ਹੁਕਮਾਂ ਸਿਰ ਹੁਕਮ' ਅਥਵਾ 'ਕਰਮਨ ਸਿਰ ਕਰਮਾ' ਕੀ ਹੈ? ਇਕੋ ਨਾਮ ਹੈ ਜਿਸ ਨੂੰ ਕਿ ਸਿਫਤਿ ਸਲਾਹਨ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ ਅਥਵਾ ਹੁਕਮ ਰੂਪੀ ਨਾਮੁ ਕਮਾਵਣ ਅੰਦਰ ਆਉਂਦਾ ਹੈ ਅਥਵਾ ਕਮਾਇਆ ਜਾਣ ਕਰਕੇ 'ਸਿਰ ਕਰਮਨ ਕੇ ਕਰਮਾ' ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫਤਿ ਸਾਲਾਹ' ਰੂਪੀ 'ਸਿਰ ਕਰਮਨ ਕੇ ਕਰਮਾ' ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਣੀ ਅਰਥਾਤ ਤੱਤ ਸਾਰ ਬਿਬੇਕ ਦੇ ਨਾਮ ਨਾਲ ਪ੍ਰਸਿੱਧਿਆ, ਪ੍ਰਮਾਣਿਆ ਤੇ ਸਨਮਾਨਿਆ ਜਾਂਦਾ ਹੈ। ਓਹੀ, ਪੰਨਾ ੨੦॥

## ਬਿਬੇਕੀ ਸਿਖ ਦੀ ਪਛਾਣ

ਭਾਈ ਸਾਹਿਬ ਲਿਖਦੇ ਹਨ, ਅਸਲ ਸਿਖ ਦੀ, ਅਰਥਾਤ, ਸਚਿਆਰ ਸਿਖੁ ਬਿਬੇਕੀ ਜਨ ਦੀ ਪੂਰਨ ਪਛਾਣ ਇਸ ਗੁਰਵਾਕ ਅੰਦਰ ਹੈ -

***ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥***
***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥(੬੦੧-੨)*** ***ਓਹੀ, ਪੰਨਾ ੧੧੨***

ਨਾਮ ਦੀ ਕਮਾਈ ਅੰਦਰ ਤਤਪਰ ਹੋਣਾ ਖਸਮ ਦੇ ਭਾਣੇ ਅੰਦਰ ਮਸਤ ਰਹਿਣਾ ਹੈ। ਨਾਮ ਵਿਖੇ ਤ੍ਰਿਪਤਾਸੇ, ਸਹਿਜ ਸੰਤੋਖ ਵਿਚ ਰਹਿਣਾ ਖ਼ਸਮ ਦੇ ਭਾਣੇ ਅੰਦਰ ਅਨਦ ਕੇਲ ਕਰਨਾ ਹੈ। ਤਾਂ ਤੇ ਨਾਮ, ਭਾਣੇ ਅਤੇ ਹੁਕਮ ਦੀ

ਵਿਵਸਥਾ (ਸੰਭਾਵਨਾ) ਇਕੋ ਹੀ ਹੈ। 'ਏਕੋ ਨਾਮੁ ਹੁਕਮੁ ਹੈ' ਰੂਪੀ ਸਤਿਗੁਰ ਬਚਨ ਨੂੰ ਕਮਾਵਣਾ ਅਤੇ 'ਮਨਿ ਇਕੋ ਸਚਾ ਹੁਕਮੁ ਪਛਾਣੀ' ਦਾ ਭਾਵ ਇਕਮਿਕ ਹੈ। ਓਹੀ, ਪੰਨਾ ੧੧੫॥

'ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰ' ਦਾ ਪਾਰਖੂ ਹੁਕਮ ਰੂਪੀ ਗੁਰਵਾਕ ਇਹ ਸੂਚਨਾ ਕਰਾਉਂਦਾ ਹੈ ਕਿ ਜਿਹਨੇ ਵੀ ਸਤਿਗੁਰ ਦੇ ਬਚਨ ਰੂਪੀ ਹੁਕਮ ਹਨ ਓਨ੍ਹਾਂ ਸਾਰਿਆਂ ਹੁਕਮਾਂ ਦਾ ਕਮਾਵਣਾ ਭੀ ਗੁਰਮਤਿ ਬਿਬੇਕ ਹੈ। ਓਹੀ, ਪੰਨਾ ੧੧੯

ਅਸਲ ਬਿਬੇਕੀ ਸਿੰਘ ਸੋਈ ਹੈ ਜੋ ਸਾਰ ਬਿਬੇਕ ਸਿਫਤਿ ਸਾਲਾਹ ਦੀ ਕਮਾਈ ਨੂੰ ਮੁੱਖ ਰੱਖ ਕੇ ਇਸਦੇ ਸੰਬੰਧਤ ਸਹਾਈ ਰੂਪ ਧਾਰਨ ਸੰਪੰਨ ਸਮੂਹ ਅਤੇ ਸਮੁਚੇ ਬਿਬੇਕ ਕਰਮਾਂ, ਬਿਬੇਕ ਅਸੂਲਾਂ ਨੂੰ ਹਮਾਤਨ ਹੋ ਕੇ ਕਮਾਉਂਦਾ ਹੈ। ਜੋ ਗੁਰਸਿਖ ਕਿਸੇ ਭੀ ਬਿਬੇਕ ਕਰਮ ਵਲੋਂ ਊਣਾ ਨਹੀਂ ਓਹੀ ਪੂਰਾ ਬਿਬੇਕੀ ਹੈ।

ਗੁਰਸਿੱਖੀ ਦੀ ਰਹਿਤ ਰਹਿਣੀ ਦੇ ਅਸੂਲ ਪਰੇ ਤੋਂ ਪਰੇ ਹਨ ਅਤੇ ਏਹਨਾਂ ਸਰਬ ਅਸੂਲਾਂ ਨੂੰ ਕਮਾਉਣਾ ਬਿਬੇਕ ਕਰਨੀ ਅਰਥਾਤ ਗੁਰਮਤਿ ਬਿਬੇਕ ਹੈ। ਓਹੀ, ਪੰਨਾ ੩੧੨

ਉਪ੍ਰੋਕਤ ਪ੍ਰਮਾਣਾਂ ਤੋਂ ਅਸੀਂ ਸਹਿਜੇ ਹੀ ਇਸ ਸਿੱਟੇ ਤੇ ਪੁਜ ਜਾਂਦੇ ਹਾਂ ਕਿ ਭਾਈ ਸਾਹਿਬ ਗੁਰਮਤਿ ਵਿਚ 'ਗੁਰਮਤਿ ਬਿਬੇਕ' ਨੂੰ ਪ੍ਰਿਥਮ ਅਸਥਾਨ ਦੇਂਦੇ ਹਨ। ਸੱਚ ਵੀ ਇਹੋ ਹੈ ਕਿ 'ਸਤਿਗੁਰ ਬਚਨ ਕਮਾਵਣੇ' ਹੀ ਸਿੱਖੀ ਦੀ ਬਿਬੇਕ (ਵਿਚਾਰ) ਹੈ, ਇਹ ਬਿਬੇਕ ਵਿਚਾਰ ਹੀ ਸਿੱਖੀ ਦਾ ਧੁਅ-ਧੁਰਾ ਹੈ।

## ਗੁਰਬਾਣੀ ਪਿਆਰ

ਭਾਈ ਸਾਹਿਬ ਦਾ ਵਿਸ਼ਵਾਸ ਹੈ ਕਿ ਇਸ ਕਲੂ ਕਾਲ ਵਿਚ ਗੁਰੂ ਕੇਵਲ ਇਕ ਹੀ ਹੋ ਸਕਦਾ ਹੈ ਤੇ ਓਹ

ਕੇਵਲ ਗੁਰੂ ਨਾਨਕ ਹੀ ਹੈ। ਉਸ ਇਕ ਦੀ ਜੋਤਿ ਹੀ ਦਸਾਂ ਸਤਿਗੁਰਾਂ ਵਿਚ ਪ੍ਰਕਾਸ਼ਮਾਨ ਸੀ ਅਤੇ ਗੁਰੂ ਨਾਨਕ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਬਦ' ਨੂੰ ਹੀ ਗੁਰੂ ਦੀ ਜੋਤਿ ਜਾਣ, ਗੁਰਿਆਈ 'ਸ਼ਬਦ ਗੁਰੂ' ਦੀ ਹੀ ਮੰਨੀ ਹੈ, ਇਸੇ ਲਈ ਸ਼ਬਦ ਦੇ ਰੂਪ ਵਿਚ ਇਸ ਧੁਰ ਕੀ ਆਈ ਬਾਣੀ ਦੇ ਸਮੁਚੇ 'ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸਤਿਗੁਰੂ ਮੰਨਣ ਦੀ ਗੁਰਸਿੱਖਾਂ ਨੂੰ ਆਗਿਆ ਕੀਤੀ ਹੈ। 'ਗੁਰੂ ਮਾਨਿਓ ਗ੍ਰੰਥ' ਹੀ ਸਤਿਗੁਰੂ ਜੀ ਦਾ ਆਦੇਸ਼ ਹੈ।

ਭਾਈ ਸਾਹਿਬ ਜੀ ਦਾ ਦ੍ਰਿੜ੍ਹ ਵਿਸ਼ਵਾਸ ਇਹ ਵੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ, ਧੁਰ ਕੀ ਆਈ ਸੱਚੀ ਬਾਣੀ ਹੈ ਅਤੇ ਗੁਰਮਤਿ ਨਾਮ ਨੂੰ ਪ੍ਰਗਾਸਦੀ ਹੈ।

ਆਪ ਲਿਖਦੇ ਹਨ, "ਗੁਰਬਾਣੀ ਹੀ ਅੰਮ੍ਰਿਤ ਰੂਪ ਹੈ। ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ। ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ ਕਲਾ ਵਰਤ ਜਾਂਦੀ ਹੈ। ਨਿਸਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ ਤਿਨ੍ਹਾਂ ਨੇ ਗਟਾਕ ਰੱਸ, ਅੰਮ੍ਰਿਤ ਦਾ ਰਸ ਪੀਤਾ ਹੈ, ਅਤੇ ਜਿਉਂ ਜਿਉਂ ਗੁਰਬਾਣੀ ਦੀ ਅਖੰਡ ਪਾਰਸ-ਕਲਾ ਵਰਤਦੀ ਹੈ, ਤਿਉਂ ਤਿਉਂ ਨਾਮ ਦਾ ਖੰਡਾ, ਅਭਿਆਸੀ ਖੰਡਾ, ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜੋਰ ਨਾਲ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ, 'ਗੁਰਮੁਖਿ ਬਾਣੀ ਨਾਦੁ ਵਜਾਵੇ।' ਨਾਮ ਅੰਮ੍ਰਿਤ ਦੇ ਖੜਗੋਲੀਆਂ ਨੂੰ ਗੁਰਬਾਣੀ ਹੋਰ ਵੀ ਅਤਿ ਮਿੱਠੀ ਤੇ ਪਿਆਰੀ ਲੱਗਦੀ ਹੈ। ਨਾਮ ਦੇ ਰਸਿਕ ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ ਰਸ ਹੋਰ ਵਧੀਕ ਆਉਂਦਾ ਹੈ। ਗੁਰਮਤਿ ਲੇਖ, ਤੀਜੀ ਵਾਰ, ਪੰਨਾ ੨੧॥

ਗੁਰਬਾਣੀ ਦਾ ਕੀਰਤਨ ਆਪ ਜੀ ਦੀ ਜੀਵਨ-ਲੋਅ ਸੀ ਤੇ ਨਾਮ ਅਭਿਆਸ ਲਈ ਸੱਚੀ ਸੁੱਚੀ ਪ੍ਰੇਰਕ ਸੀ। ਆਪ ਲਿਖਦੇ ਹਨ –

ਗੁਰਬਾਣੀ ਦੀ ਭੈ ਭਾਵਨੀ ਅਤੇ ਸਤਿ ਸਤਿ ਕਰ ਮੰਨਣ ਵਾਲੀ ਗੁਰਮੁਖਤਾਈ ਗੁਰਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਅਤੇ ਲਖਾਉਂਦੀ ਹੈ ਅਤੇ ਇਸ ਬਾਣੀ ਤੋਂ ਹੀ ਨਾਮ ਪਾਈਦਾ ਹੈ। 'ਗੁਰਸੇਵਾ ਤੇ ਕਰਣੀ ਸਾਰ॥ ਰਾਮ ਨਾਮੁ ਰਾਖਹੁ ਉਰਿਧਾਰ॥ ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥ 'ਇਸੁ ਬਾਣੀ ਤੇ ਹਰਿ ਨਾਮੁ ਪਾਇਦਾ' ਵਾਲੇ ਗੁਰ ਪ੍ਰਮਾਣ ਨੇ ਤਾਂ ਸਪੱਸ਼ਟ ਤੌਰ ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ

ਨਾਮ ਦੋ ਭਿੰਨ ਭਿੰਨ ਸਰੂਪ ਹਨ। ਓਹੀ ਪੰਨਾ ੨੭-੨੮

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਚ ਆਣ ਕੇ ਪ੍ਰਵੇਸ਼ ਹੋਈ ।ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ ਗੁਰਬਾਣੀ ਅਰਥਾਤ ਧੁਰ ਦੀ ਬਾਣੀ ਹੈ। ਤਾਂ ਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂ ਤੇ ਗੁਰਬਾਣੀ ਕੀਰਤਨ ਹੀ ਅਸਲ ਕੀਰਤਨ ਹੈ। ਯਥਾ ਗੁਰਵਾਕ :

*ਪਾਰਬ੍ਰਹਮ ਹੋਆ ਸਹਾਈ ਕੀਰਤਨੁ ਕਥਾ ਸੁਖਦਾਈ॥*
*ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥੨੭॥ (੬੧੬)। ਓਹੀ, ਪੰਨਾ ੮੭*

ਆਪ ਇਹ ਜ਼ਾਤੀ ਤੌਰ ਤੇ ਆਜ਼ਮਾ ਕੇ ਵੇਖ ਚੁੱਕੇ ਹਨ ਕਿ ਚਰਨ-ਕੰਵਲਾਂ ਸੰਗ ਬਿਸਮ-ਬਿਨੋਦੀ ਚਲੂਲੜਾ ਆਤਮ ਰੰਗ ਮਾਣਨ ਵਾਲੇ ਪਾਵਨ ਗੁਰਮੁਖਿ 'ਚਰਨ ਕੰਵਲ ਰੰਗ ਪਾਗੇ', ਅਹਿਨਿਸ ਜਾਗਦੇ ਹੀ ਰਹਿੰਦੇ ਹਨ ਅਤੇ ਹਰਿ-ਜਸੁ ਹਰਿ ਕੀਰਤਨ ਦੇ ਸੱਚੇ ਸੁੱਚੇ ਆਹਰ ਵਿਚ ਲਗੇ ਰਹਿੰਦੇ ਹਨ। ਉਨ੍ਹਾਂ ਦੇ ਪ੍ਰੇਮ-ਰੰਗ-ਰਤੜੇ ਮਨਾਂ ਵਿਚ ਹਰ ਖਿਨ ਕੀਰਤਨ ਤਰੰਗਾਂ ਦੇ ਉਮਾਹ ਹੀ ਉਮੜਦੇ ਰਹਿੰਦੇ ਹਨ। ਪ੍ਰੇਮ-ਰਸ-ਭਿੰਨੇ ਅਜਿਹੇ ਗੁਰਮੁਖ ਕੀਰਤਨ ਕਰਦੇ ਸੁਣਦੇ ਰੱਜਦੇ ਨਹੀਂ। ਆਪ ਫੁਰਮਾਂਦੇ ਹਨ - ਅਜਿਹੇ ਗੁਰੂ ਪਿਆਰੇ ਜਿਉਂ ਜਿਉਂ ਕੀਰਤਨ ਕਰਦੇ ਹਨ ਤਿਉਂ ਤਿਉਂ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜ੍ਹਦੇ ਹਨ ਅਤੇ ਦਰਸ਼ਨ ਝਲਕਾਂ ਦੇ ਬਿਨੋਦ-ਬਿਸਮਨੀ ਝਲਕੇ ਵਜਦੇ ਹਨ। ਇਸ ਅਨੂਪਮੀ ਅਨੂਠੜੇ ਅਧਾਰ ਉਤੇ ਹੀ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ ਜੇ ਕੀਰਤਨ ਕਰਦੇ ਰਹਿਣ ਤਾਂ ਥੱਕਦੇ ਅੱਕਦੇ ਨਹੀਂ। ਥਕੇਵਾਂ ਅਕੇਵਾਂ ਭਲਾ ਓੱਥੇ ਕਿੱਥੇ, ਜਿੱਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਣ? ਇਸ ਪ੍ਰਥਾਇ ਇਹ"ਗੁਰਵਾਕ ਭਲਾ ਘਟਦਾ ਹੈ -

*ਚਰਨ ਕਮਲ ਗੋਬਿੰਦ ਰੰਗੁ ਲਾਗਾ॥*
*ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨੁ ਮਹਿ ਅਨਦਿਨੁ ਜਾਗਾ॥੧॥ਰਹਾਉ॥ ਅੰਗ - ੩੪੩*

ਉਪ੍ਰੋਕਤ ਪ੍ਰਮਾਣਾਂ ਤੋਂ ਸਾਨੂੰ ਇਹ ਸਿੱਟਾ ਕੱਢਣ ਵਿਚ ਕੋਈ ਝਿਜਕ ਨਹੀਂ ਕਿ ਗੁਰਬਾਣੀ-ਕੀਰਤਨ ਆਪ ਜੀ ਦਾ ਜੀਵਨ-ਆਧਾਰ ਸੀ, ਜੀਵਨ-ਸ਼ੌਅ ਸੀ, ਜਿਸ ਤੋਂ ਬਿਨਾਂ 'ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ' ਵਾਲੀ ਗੱਲ ਵਾਪਰ ਜਾਂਦੀ ਸੀ। ਆਪ ਜੀ ਦਾ ਕੀਰਤਨ ਨਾਲ ਅੱਟੁਟ ਪਿਆਰ ਸੀ।

## ਗੁਰਬਾਣੀ ਦੀ ਅਕੱਥ ਕਥਾ

ਆਪ ਦੇ ਖ਼ਿਆਲ ਵਿਚ ਧੁਰ ਕੀ ਆਈ ਬਾਣੀ ਦਾ ਪ੍ਰੇਮ ਪਾਠ ਕਰੀ ਜਾਣਾ ਹੀ ਗੁਰਬਾਣੀ ਦੀ ਅਕੱਥ ਕਥਾ ਹੈ। ਅਜਿਹੀ ਕਥਾ ਗੁਰਬਾਣੀ ਨੂੰ ਜੱਪ ਜੱਪ ਜੀਵਣਾ ਤੇ ਖੀਵੇ ਥੀਵਣਾ ਹੈ। ਇਹ ਅਕੱਥ ਕਥਾ ਕਥਨੀ ਬਦਨੀ ਵਿਚ ਨਹੀਂ ਆ ਸਕਦੀ। ਆਪ ਫੁਰਮਾਉਂਦੇ ਹਨ -

ਧੁਰੋਂ ਆਈ ਬਾਣੀ, ਗੁਰਬਾਣੀ ਦੀ ਅਕੱਥ ਕਥਾ ਹੈ। ਜੋ ਗੁਰੂ ਨਾਨਕ ਸਾਹਿਬ ਦੇ ਘਰ ਦੇ ਤੱਤ ਗਿਆਨੀ ਹਨ, ਖ਼ਾਸ ਗੁਰਮਤਿ ਗਿਆਨੀ ਹਨ, ਓਹ ਇਸ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪ ਜਪ ਕੇ ਹੀ ਜੀਂਵਦੇ ਹਨ। ਗੁਰਬਾਣੀ ਨੂੰ ਜਪਣਾ, ਜਪੀ ਜਾਵਣਾ, ਇਸ ਜੀਵਨ-ਅਧਾਰ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਅਤੇ ਪ੍ਰੇਮ ਪਾਠ ਕਰੀ ਜਾਵਣਾ ਹੀ ਗੁਰਬਾਣੀ ਦੀ ਅਕੱਥ ਕਥਾ ਹੈ। ਅਕਥ ਕਥਾ ਸੋ, ਜੋ ਕਥਨੀ ਬਦਨੀ ਵਿਚ ਨਾ ਆ ਸਕੇ, ਕੇਵਲ ਜਪੀ ਪਾਠੀ ਹੀ ਪਰਵਾਨ ਹੋਵੇ। ਅੰਮ੍ਰਿਤ ਰੂਪ ਗੁਰਬਾਣੀ ਦਾ ਜਪਣਾ ਹੀ ਪਾਰਸ-ਕਲਾ ਸੰਪੰਨ ਹੈ। ਚਰਨ ਕਮਲ ਕੀ ਮਉਜ, ਸਤਵੀਂ ਵਾਰ, ਪੰਨਾ ੪੩॥

## ਗੁਰਮਤਿ ਨਾਮ ਦਾ ਅਭਿਆਸ

ਭਾਈ ਸਾਹਿਬ ਜੀ ਦੇ, ਆਪਣੀਆਂ ਰਚਨਾਵਾਂ ਵਿਚੋਂ ਦਿਤੇ ਉਪ੍ਰੋਕਤ ਪ੍ਰਮਾਣ ਆਪ ਜੀ ਦੇ ਜੀਵਨ-ਸਿਧਾਂਤਾਂ ਤੇ ਗੁਰਮਤਿ ਬਿਬੇਕ ਸੰਬੰਧੀ ਕੋਈ ਸੰਦੇਹ ਨਹੀਂ ਰਹਿਣ ਦੇਂਦੇ। ਸਾਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਭਾਈ ਸਾਹਿਬ ਆਪ ਜਪਣ ਤੇ ਦੂਜਿਆਂ ਨੂੰ ਨਾਮ ਜਪਾਉਣ ਵਾਲੇ ਇਕ ਆਦਰਸ਼ਕ ਗੁਰਸਿੱਖ ਸਨ। ਅਸੀਂ ਨਿਝੱਕ ਹੋ ਕੇ ਆਪ ਜੀ ਨੂੰ ਇਸ ਆਧੁਨਿਕ ਕਾਲ ਦੇ ਪੁਰਖ ਪੁਰਖੋਤਮ ਕਹਿ ਸਕਦੇ ਹਾਂ।

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*[ ਗਿਆਨੀ ਜਸਵੰਤ ਸਿੰਘ ਜੀ, ਅੰਮ੍ਰਿਤਸਰ ]*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਮਹਾਨ ਗੌਰਵ-ਮਈ, ਗਹਿਰ-ਗੰਭੀਰ, ਦੀਨ-ਦੁਨੀਆ ਦੇ ਗੁਣਾਂ ਨਾਲ ਭਰਪੂਰ, ਵਰਤਮਾਨ ਸਮੇਂ ਦੀ ਅਦੁੱਤੀ, ਅਨੁਭਵੀ, ਅਸਚਰਜ ਅਤੇ ਇਨਕਲਾਬੀ ਸੀ। ਐਸਾ ਇਨਸਾਨ ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਸੰਸਾਰ 'ਤੇ ਕਰਤਾਰ ਦੀ ਕਿਰਪਾ ਨਾਲ ਕਦੇ ਕਦਾਈਂ ਹੀ ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ਹੈ ਅਤੇ ਇਹ ਗੁਰਮੁਖਿ ਸੇਵਾ, ਸਿਮਰਨ-ਸਿੱਖੀ ਦਾ ਰਾਹ ਤੇ ਚਲਦਾ ਚਲਾਂਦਾ 'ਮਜਲਸ ਕਰਿ ਹੈਰਾਣੁ ਉਠਿ ਸਿਧਾਇਆ।' ਓਸ ਗੁਰਮੁਖਿ ਪਿਆਰੇ ਨੇ ਕੇਵਲ ਆਪਣੇ ਸਮਕਾਲੀ ਹਾਲਾਤ ਨੂੰ ਹੀ ਪ੍ਰਭਾਵਤ ਨਹੀਂ ਕੀਤਾ, ਸਗੋਂ ਅੱਜ ਦੇ ਅਨੇਕਾਂ ਖਰੇ ਖਿਆਲਾਤ ਵਾਲੇ ਸਾਧਾਰਨ ਤੇ ਅਣਖੀ ਜੋਧਿਆਂ ਉਤੇ ਭੀ ਆਪਣੀ ਲੇਖਣੀ ਤੇ ਜੀਵਨੀ ਰਾਹੀਂ ਅਸਰ-ਅੰਦਾਜ਼ ਹੋ ਰਿਹਾ ਹੈ। ਇੱਥੇ ਹੀ ਬਸ ਨਹੀਂ, ਉਹ ਗੁਰਮੁਖਿ ਪਿਆਰਾ, ਆਉਣ ਵਾਲੀਆਂ ਨਸਲਾਂ ਨੂੰ ਸਦੀਵ ਕਾਲ ਲਈ ਚਾਨਣ-ਮੁਨਾਰਾ ਬਣ ਕੇ ਪ੍ਰੇਰਤ ਅਤੇ ਉਤਸ਼ਾਹਤ ਕਰਦਾ ਰਹੇਗਾ।

ਆਪ ਦਾ ਜਨਮ, ੭ ਜੁਲਾਈ ੧੮੭੮ ਈ: ਐਤਵਾਰ ਨੂੰ ਮਾਲਵੇ ਦੇ ਪਿੰਡ ਨਾਰੰਗਵਾਲ ਵਿਚ ਹੋਇਆ। ਮਾਤਾ-ਪਿਤਾ ਧਰਮੀ, ਪ੍ਰਾਕਰਮੀ ਅਤੇ ਉੱਦਮੀ ਜੀਵਨ ਵਾਲੇ ਸਨ। ਸਕੂਲੀ ਸਿੱਖਿਆ ਦੇ ਦੌਰਾਨ ਸਿੱਖੀ ਦੀ ਲਾਗ ਅਤੇ ਗੁਰਬਾਣੀ ਦੀ ਜਾਗ ਭਾਵੇਂ ਨਾ ਲੱਗ ਸਕੀ, ਪਰ ਹਿਰਦਾ ਆਪ ਦਾ ਸੰਵੇਦਨ-ਸ਼ੀਲ, ਦ੍ਰਵੀ-ਭੂਤ ਹੋਣ ਵਾਲਾ ਅਤੇ ਹੋਰ ਦੈਵੀ ਗੁਣਾਂ: ਦਯਾ, ਖਿਮਾ, ਹਮਦਰਦੀ ਅਤੇ ਸਰਬੱਤ ਦੇ ਸਾਂਝੇ ਹਿਤ ਨਾਲ ਭਰਪੂਰ ਸੀ। ਕਾਲਜ ਦੀ ਪੜ੍ਹਾਈ ਲਈ ਆਪ ਨੂੰ ਲਾਹੌਰ ਭੇਜਿਆ ਗਿਆ। ਆਪ ਬੜੇ ਬਾ-ਅਦਬ ਅਤੇ ਆਗਿਆਕਾਰੀ ਬੇਟੇ ਸਨ। ਪਿਤਾ ਜੀ ਨੇ ਲਿਖਿਆ ਕਿ ਜੇ ਤੂੰ ਸਫਲ ਹੋਣਾ ਹੈ ਤਾਂ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰ।ਪਿਤਾ ਦੇ ਇਸ ਪੱਤਰ ਨੇ ਪੁੱਤਰ ਨੂੰ ਬਾਣੀ ਰਾਹੀਂ ਐਸਾ ਵੈਰਾਗ ਪਿਆਰ ਉਪਜਾਇਆ ਕਿ ਅਵਰ ਸਭ ਤਿਆਗ ਬਾਣੀ ਦੇ ਹੀ ਆਸ਼ਕ ਹੋ ਗਏ। ਏਸੇ ਦੌਰਾਨ ਇਕੇਰਾਂ ਇਕ ਕਰਾਮਾਤੀ ਸਾਧੂ ਨਾਲ ਆਪ ਦਾ ਮੇਲ ਹੋ ਗਿਆ। ਆਪ ਉਸ ਨੂੰ ਪੁੱਜਾ ਹੋਇਆ ਫ਼ਕੀਰ ਸਮਝ ਕੇ ਉਸ ਉੱਤੇ ਲੱਟੂ ਹੋ ਗਏ, ਉਸਦੇ ਮਗਰ ਮਗਰ ਘੁੰਮਦੇ ਰਹੇ, ਪ੍ਰੰਤੂ ਜਦੋਂ ਉਸ ਨੂੰ ਤੰਬਾਕੂ ਦੀ ਚਿਲਮ ਦੇ ਸੂਟੇ ਲਾਂਦਿਆਂ ਵੇਖਿਆ ਤਾਂ ਯਕ-ਦਮ ਹੀ ਉਸ ਦੀਆਂ ਕਰਾਮਾਤਾਂ ਤੇ ਖਿਚਾਂ ਦੇ ਬਾਵਜੂਦ ਉਸ ਵਲੋਂ ਮੂੰਹ ਮੋੜ ਲਿਆ। ਹੁਣ ਭਾਈ ਸਾਹਿਬ ਦਾ ਪਿਆਰ ਜਪੁਜੀ ਤੋਂ ਰਹਿਰਾਸ ਸਾਹਿਬ ਦੀ ਬਾਣੀ ਤਕ ਹੀ ਸੀਮਿਤ ਨਹੀਂ ਸੀ ਰਿਹਾ, ਹੋਰ ਬਾਣੀ ਵੀ ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਅਤੇ ਭਗਤ ਬਾਣੀ ਦਾ ਪਾਠ ਵੀ ਜਾਰੀ ਰਖਦੇ ਸਨ। ਜਿਸ ਦਿਨ ਫਕੀਰ ਦਾ ਤਿਆਗ ਕੀਤਾ ਸੀ, ਅਗਲੇ ਦਿਨ ਜਦੋਂ ਸਵੇਰ ਨੂੰ ਭਾਈ ਤਾਰੂ ਸਿੰਘ ਜੀ ਸ਼ਹੀਦ ਦੇ ਅਸਥਾਨ ਦੇ ਅੰਦਰ ਜਾਣ ਲੱਗੇ ਤਾਂ ਇਕ ਬਿਰਧ-ਬਾਬੇ ਨੇ ਇਉਂ ਅਸੀਸ ਦਿਤੀ ਤੇ ਹਿਦਾਇਤ ਕੀਤੀ-

ਜਾਹ! ਤੇਰੇ ਉਤੋਂ ਗੁਰੂ ਕੀਆਂ ਖੁਸ਼ੀਆਂ ਹਨ। ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ। ਇਹੀ ਸੱਚੇ ਗੁਰੂ ਕਲਜੁਗ ਦੇ ਹਨ। ਨਿੱਤ ਉਠ ਪਹਿਲਾਂ ਇਨ੍ਹਾਂ ਦਾ ਹੀ ਦਰਸ਼ਨ-ਪਾਠ ਕੀਤਾ ਕਰ।

ਇਨ੍ਹਾਂ ਬਚਨਾਂ ਉਪ੍ਰੰਤ ਉਸ ਗੁਪਤ ਹੋ ਗਏ ਬਜ਼ੁਰਗ ਦੇ ਬਚਨ ਭਾਈ ਸਾਹਿਬ ਨੇ ਪੱਲੇ ਬੰਨ੍ਹ ਲਏ। ਉਸ ਦਿਨ ਤੋਂ ਰੋਜ਼-ਬ-ਰੋਜ਼ ਨੇਮ ਤੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਪਰਸਨ ਅਰੰਭ ਦਿਤੇ। ਭਾਵੇਂ ਪਰਮਾਰਥ ਦੀ ਲਾਗ ਲੱਗ ਗਈ ਸੀ, ਪਰ ਪੜ੍ਹਾਈ ਤੇ ਪ੍ਰੀਖਿਆ ਵਲੋਂ ਵੀ ਅਵੇਸਲ ਨਹੀਂ ਹੋਏ। ੧੯੦੦ ਈ: ਵਿਚ ਬੀ.ਏ. ਪਾਸ ਕਰ ਲਈ। ਉਪ੍ਰੰਤ ਆਪਣੇ ਘਰ ਆ ਗਏ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਿਤਾ ਜੀ ਸਖ਼ਤ ਬੀਮਾਰ ਹੋ ਗਏ। ਲੁਧਿਆਣੇ ਇਕ ਹਸਪਤਾਲ ਵਿਚ ਦਾਖਲ ਹੋਏ। ਹਾਲਤ, ਚਲਦੇ ਦਵਾ-ਦਾਰੂ ਦੇ ਬਾਵਜੂਦ ਬਹੁਤ ਬਿਗੜ ਗਈ। ਉਨ੍ਹਾਂ ਦੇ ਪਿਤਾ ਮਰਨ-

ਕੰਢੇ ਪੁੱਜ ਗਏ। ਸੇਵਾ ਲਈ ਕੋਈ ਸੱਜਣ ਸੰਬੰਧੀ ਉੱਥੇ ਨਹੀਂ ਸੀ ਰਿਹਾ। ਭਾਈ ਸਾਹਿਬ ਜੀ ਨੂੰ ਗੁਰਬਾਣੀ ਦੀ ਸ਼ਫ਼ਾ-ਰਖ਼ਸ਼ ਤਾਕਤ ਤੇ ਵਿਸ਼ਵਾਸ ਉਪਜ ਆਇਆ। ਸ੍ਰੀ ਜਪੁਜੀ ਸਾਹਿਬ ਦੇ ਪਾਠ, ਮਨ ਹੀ ਮਨ ਵਿਚ ਅਰੰਭ ਦਿਤੇ। ਕੁਝ ਪਾਠਾਂ ਦੇ ਉਪ੍ਰੰਤ ਸੁਰਤੀ ਮੰਨੇ ਦੀ ਪਹਿਲੀ ਪਉੜੀ ਵਿਚ ਅਟੱਕ ਗਈ। ਪਾਠ ਅਗਾਂਹ ਤੁਰਿਆ ਹੀ ਨਾ। ਇਸ ਪਾਠ ਦੀ ਕਰਾਮਾਤ ਇਹ ਵਾਪਰੀ ਕਿ ਭਾਈ ਸਾਹਿਬ ਖ਼ੁਦ, ਜੋ ਉਸ ਵੇਲੇ ਬੁਖ਼ਾਰ ਨਾਲ ਨਿਢਾਲ ਸਨ, ਅਤੇ ਉਨ੍ਹਾਂ ਦੇ ਪਿਤਾ ਜੋ ਬਿਸਤਰੇ ਮਰਗ ਤੇ ਸਨ, ਅਰੋਗ ਤੋਂ ਨੌ-ਬਰ-ਨੌਂ ਹੋ ਗਏ। ਆਪ ਦਾ ਸਿਦਕ ਤੇ ਵਿਸ਼ਵਾਸ ਹੋਰ ਦ੍ਰਿੜ ਹੋ ਗਿਆ।

੧੯੦੨ ਵਿਚ, ਪੰਜਾਬ ਵਿਚ ਪਲੇਗ ਫੈਲਣ ਸਮੇਂ, ਭਾਈ ਸਾਹਿਬ ਨਾਇਬ ਤਸੀਲਦਾਰ ਬਣ ਕੇ, ਇਕ ਅੰਗਰੇਜ਼ ਡਾਕਟਰ ਨਾਲ ਉਸ ਦੇ ਨਿੱਜੀ ਸਹਾਇਕ ਵਜੋਂ ਡਿਊਟੀ ਤੇ ਲਗ ਗਏ। ਉਸ ਡਾਕਟਰ ਨਾਲ ਜਿੰਨਾ ਅਮਲਾ ਫੈਲਾ ਸੀ, ਸਾਰੇ ਦਾ ਸਾਰਾ ਹੇਰਾ ਫੇਰੀ ਤੇ ਰਿਸ਼ਵਤ ਦਾ ਸ਼ਿਕਾਰ ਸੀ। ਆਪ ਜੀ ਨੇ ਆਉਂਦੇ ਸਾਰ ਉਨ੍ਹਾਂ ਦਾ ਹਲਵਾ-ਮੰਡਾ ਬੰਦ ਕਰਵਾ ਦਿਤਾ ਤਾਂ ਉਲਟਾ ਉਸ ਅਮਲੇ ਨੇ ਡਾਕਟਰ ਪਾਸ ਸ਼ਿਕਾਇਤ-ਪੁਚਾਈ ਕਿ ਤੁਹਾਡਾ ਨਵਾਂ ਨਾਇਬ ਸਾਨੂੰ ਨਾਜਾਇਜ਼ ਤੰਗ ਕਰਦਾ ਹੈ। ਭਾਈ ਸਾਹਿਬ ਨੇ ਪਾਜੀਆਂ ਦੇ ਐਸੇ ਪਾਜ ਉਘੇੜੇ ਕਿ ਲੈਣੇ ਦੇ ਦੇਣੇ ਪੈ ਗਏ । ਭਾਈ ਸਾਹਿਬ ਦੀ ਸਚਿਆਈ ਦਾ ਸਿੱਕਾ ਪੂਰੀ ਤਰ੍ਹਾਂ ਡਾਕਟਰ ਦੇ ਦਿਲ ਤੇ ਬੈਠ ਗਿਆ। ਏਸ ਸਰਵਿਸ ਦੇ ਸਮੇਂ, ਅੰਗਰੇਜ਼ ਡਾਕਟਰ, ਜੋ ਭਾਈ ਸਾਹਿਬ ਨਾਲ ਧਾਰਮਿਕ ਵਿਚਾਰਾਂ ਕਰਨ ਲੱਗ ਪਿਆ ਸੀ, ਗੁਰਸਿਖਾਂ ਦੇ ਇਸ ਅਕੀਦੇ ਨਾਲ ਸਹਿਮਤ ਹੋ ਗਿਆ ਕਿ ਸਿੱਖਾਂ ਦੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਨਹੀਂ, ਬਲਕਿ ਰੱਬ-ਪ੍ਰਸਤੀ ਹੈ। ਬਾਅਦ ਵਿਚ ਅੰਗਰੇਜ਼-ਡਾਕਟਰ ਨਾਲ ਹੋਈ ਗੋਸ਼ਟੀ ਭਾਈ ਸਾਹਿਬ ਨੇ ਪੁਸਤਕ ਰੂਪ ਵਿਚ ਅੰਕਿਤ ਕਰ ਦਿੱਤੀ। ਉਹ ਪੁਸਤਕ ਹੈ-ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? ਜਦ ਭਾਈ ਸਾਹਿਬ ਨੇ ਦੇਖਿਆ ਕਿ ਅੰਗਰੇਜ਼ ਹਕੂਮਤ ਦੀ ਸਾਰੀ ਮਸ਼ੀਨਰੀ ਹੀ ਵਿਗੜੀ ਹੋਈ ਹੈ ਅਤੇ ਸਰਕਾਰੀ ਸਰਵਿਸ ਵਿਚ ਖ਼ਲਕਿ-ਖ਼ੁਦਾ ਦੀ ਸੇਵਾ ਵਾਲੀ ਮਿਸ਼ਨਰੀ ਸਪਿਰਟ ਕਾਇਮ ਨਹੀਂ ਰਹਿ ਸਕਦੀ ਤਾਂ ਆਪ ਨੇ ਨੌਕਰੀ ਤੋਂ ਤਿਆਗ-ਪਤ੍ਰ ਦੇ ਦਿਤਾ।

ਭਾਈ ਸਾਹਿਬ ਦੇ ਹਿਰਦੇ ਅੰਦਰ, ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਦੀ ਪਿਆਸ ਪ੍ਰਬਲ ਹੋ ਚੁੱਕੀ ਸੀ। ੧੯੦੩ ਵਿਚ ੧੪ ਜੂਨ ਨੂੰ ਫ਼ਿਲੌਰ ਨੇੜੇ ਬੱਕਾਪੁਰ ਪਿੰਡ ਵਿਚ ਇਕ ਵਿਸ਼ੇਸ਼ ਅੰਮ੍ਰਿਤ-ਸੰਚਾਰ ਸਮਾਗਮ ਵਿਚ ਆਪ ਨੇ ਅੰਮ੍ਰਿਤ-ਪਾਨ ਕਰ ਲਿਆ। ਇਸ ਦੇ ਨਾਲ ਹੀ ਆਪ ਦਾ ਜਿਵੇਂ ਨਵਾਂ-ਜਨਮ ਹੋ ਗਿਆ ਹੋਵੇ, ਆਪ ਦੀ ਕਾਂਇਆਂ-ਕਲਪ ਹੋ ਗਈ। ਗੁਰਬਾਣੀ ਤਾਂ ਆਪ ਦਾ ਆਧਾਰ ਹੀ ਬਣ ਗਈ, ਦਿਨ-ਰਾਤ ਗੁਰਬਾਣੀ ਦੀ ਲਟਕ ਲੱਗੀ ਰਹੇ, ਪ੍ਰੰਤੂ ਨਾਮ ਦੀ ਦ੍ਰਿੜਤਾ ਪੂਰੀ ਤਰ੍ਹਾਂ ਨਹੀਂ ਹੋਈ। ੧੯੦੪ ਵਿਚ ਇਕ ਵਿਸ਼ੇਸ਼ ਚਮਤਕਾਰ ਵਾਪਰਿਆ, ਜਿਸ ਦੇ ਤੁਫੈਲ ਆਪ ਨੇ ਸਰਬ-ਲੋਹ ਬਿਬੇਕ ਧਾਰਨ ਕਰ ਲਿਆ। ਇਸੇ ਹੀ ਸਾਲ ਲੋਕਲ-ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪ ਨੂੰ ਹੁਕਮ ਦੇ ਕੇ ਐਬਟਾਬਾਦ ਹੈੱਡ-ਕਲਰਕ ਦੀ ਨੌਕਰੀ ਤੇ ਜਾਣ ਲਈ ਰਜ਼ਾਮੰਦ ਕਰ ਲੀਤਾ। ਇਥੇ ਇਕ ਅਸਚਰਜ ਕੌਤਕ ਰਾਹੀਂ ਸੱਚੇ ਪਾਤਸ਼ਾਹ ਨੇ ਆਪ ਨੂੰ ਨਾਮ ਦ੍ਰਿੜ੍ਹ ਕਰਾ ਦਿਤਾ। ਇਥੇ ਹੀ ਆਪ ਨੇ ਦੋ ਸ੍ਰੀ ਅਖੰਡ-ਪਾਠ ਨਵੰਬਰ ੧੯੦੪ ਤੇ ੧੯੦੫ ਵਿਚ ਇਕੋ ਚੌਂਕੜੇ ਵਿਚ ਸੁਣੇ। ਇਥੇ ਹੀ ਆਪ ਨੂੰ ਅਕਾਲੀ ਜੋਤਿ ਦੇ ਅਸਚਰਜ ਦਰਸ਼ਨ ਹੋਏ। ਉਪ੍ਰੰਤ ਆਪ ਨੂੰ ਨੌਕਰੀ ਛੱਡ ਕੇ ਘਰ ਆ ਜਾਣ ਦੀ ਪ੍ਰੇਰਨਾ ਹੋਈ, ਅਤੇ ਉਹ ਪਰਤ ਆਏ।

ਪਿਤਾ ਜੀ ਅਤੇ ਸਜਣਾਂ ਸਬੰਧੀਆਂ ਦੀ ਪ੍ਰੇਰਨਾ ਨਾਲ ਆਪ ਇਕ ਵੇਰਾਂ ਇਕ ਈਸਾਈ ਸਕੂਲ ਵਿਚ ਅਧਿਆਪਕਾਂ ਦੀ ਸੇਵਾ ਤੇ ਆਣ ਲੱਗੇ, ਪਰ ਤੀਜੇ ਦਿਨ ਹੀ ਉਹ ਸੇਵਾ ਛਡਣੀ ਪਈ। ਅਸਲ ਵਿਚ ਪ੍ਰਬੰਧਕਾਂ ਨੂੰ ਪ੍ਰਤੀਤ ਹੋਇਆ ਕਿ ਇਹ ਅਧਿਆਪਕ ਤਾਂ ਸਕੂਲ ਨੂੰ ਸਿੱਖ ਬਣਾ ਦਏਗਾ। ਫੇਰ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਸੁਭਾਗ ਪ੍ਰਾਪਤ ਹੋਇਆ ਅਤੇ ਸ: ਸ਼ਾਮ ਸਿੰਘ ਜੀ ਅਟਾਰੀ ਦੇ ਪੋਤਰੇ ਸ: ਹਰਬੰਸ ਸਿੰਘ ਜੀ ਦੀ ਪ੍ਰੇਰਨਾ ਨਾਲ, ਕੁਝ ਸਮਾਂ ਆਪ ਜੀ ਇਥੋਂ ਦੇ ਹੋਸਟਲ ਸੁਪ੍ਰਿੰਟੈਂਡੈਂਟ ਨਿਯਤ ਰਹੇ।

ਜਦੋਂ ੧੯੧੪ ਦੇ ਸ਼ੁਰੂ ਸ਼ੁਰੂ ਵਿਚ ਬ੍ਰਿਟਿਸ਼ ਸਰਕਾਰ ਨੇ, ਕੁਝ ਰਈਸ ਸਿਖ ਸਰਦਾਰਾਂ ਨੂੰ ਆਪਣੇ ਹੱਥ ਲੈ, ਸੜਕ ਨੂੰ ਸਿੱਧਾ ਕਰਨ ਦੇ ਬਹਾਨੇ ਗੁਰਦੁਆਰਾ ਸ੍ਰੀ ਰਕਾਬਗੰਜ ਦੀ ਕੰਧ ਗਿਰਾ ਦਿਤੀ, ਤਾਂ ਉਸ ਸਮੇਂ ਭਾਈ ਸਾਹਿਬ ਨੇ ਸਿਖ ਸੰਗਤਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਵਧ ਚੜ੍ਹ ਕੇ ਹਿੱਸਾ ਲਿਆ। ਅੰਤ ਅੰਗ੍ਰੇਜ਼ ਸਰਕਾਰ ਨੂੰ ਮੂੰਹ ਦੀ ਖਾਣੀ ਪਈ, ਕੰਧ ਬਣਾਉਣੀ ਪਈ।

ਇਨ੍ਹੀਂ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਸਭ ਇਤਿਹਾਸਕ ਗੁਰਦੁਆਰਿਆਂ ਉਤੇ ਆਚਰਣਹੀਨ ਮਹੰਤਾਂ ਦਾ ਕਬਜ਼ਾ ਸੀ। ਉਨ੍ਹਾਂ ਵਲੋਂ ਮਨ-ਮਾਨੀਆਂ, ਇਖਲਾਕੋਂ ਗਿਰੀਆਂ ਕਾਰਵਾਈਆਂ ਹੁੰਦੀਆਂ ਸਨ। ਭਾਈ ਸਾਹਿਬ ਨੇ ਆਪਣੀ ਅਤੇ ਆਪਣੇ ਸਾਥੀਆਂ ਦੀ ਜਾਨ ਜੋਖੋਂ ਵਿਚ ਪਾ ਕੇ ਇਨ੍ਹਾਂ ਮਨਮੱਤੀਆਂ ਅਤੇ ਬਦ-ਚਲਨ ਮਹੰਤਾਂ ਨਾਲ ਟੱਕਰ ਲੈ ਕੇ

ਕੁਝ ਕੁ ਗੁਰਦੁਆਰਿਆਂ ਉਤੇ ਪੰਥਕ ਕਬਜ਼ੇ ਕਰਵਾਏ।

ਭਾਈ ਸਾਹਿਬ, ਹਰ ਤਰ੍ਹਾਂ ਦੀ ਗ਼ੁਲਾਮੀ ਦੇ ਕਟੜ ਵਿਰੋਧੀ ਸਨ। ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਆਪ ਨੇ ਗ਼ਦਰੀ ਬਾਬਿਆਂ ਦਾ ਪੂਰਾ ਸਾਥ ਦਿੱਤਾ। ਸ. ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਬਣਾਏ ਪ੍ਰੋਗਰਾਮ ਅਨੁਸਾਰ ਆਪ ੧੯ ਫਰਵਰੀ ਦੀ ਸ਼ਾਮ ਨੂੰ ਆਪਣੇ ਸੱਠ ਸਾਥੀਆਂ ਸਹਿਤ ਫੀਰੋਜ਼ਪੁਰ ਛਾਉਣੀ, ਬਗ਼ਾਵਤ ਕਰਨ ਲਈ ਪੁੱਜ ਗਏ। ਉਥੇ ਪਤਾ ਲੱਗਾ ਕਿ ਕਿਸੇ ਕਮੀਨੇ ਮੁਖ਼ਬਰ ਰਾਹੀਂ ਉਨ੍ਹਾਂ ਦੀ ਸਕੀਮ ਦਾ ਭਾਂਡਾ ਭੱਜ ਗਿਆ। ਸੋ ਆਪ ਜੀ ਤੇ ਸਾਰੇ ਸਾਥੀ ਘਰੋ ਘਰੀ ਪਰਤ ਆਏ। ਅੰਗ੍ਰੇਜ਼ੀ ਸਰਕਾਰ ਖ਼ਬਰਦਾਰ ਹੋ ਗਈ ਸੀ ਤੇ ਉਸ ਨੇ ਇਹਤਿਆਤੀ ਕਦਮ ਉਠਾ ਲਏ ਸਨ। ਗ਼ਦਰੀ ਬਾਬਿਆਂ ਤੋਂ ਦੇਸ਼-ਭਗਤਾਂ ਦੀ ਫੜੋ-ਫੜਾਈ ਸ਼ੁਰੂ ਹੋ ਗਈ। ਭਾਈ ਸਾਹਿਬ ਵੀ ੯ ਮਈ ੧੯੧੫ ਨੂੰ ਨਾਭੇ ਵਿਚ, ਜਿੱਥੇ ਉਹ ਆਪਣੇ ਪਿਤਾ ਸ. ਨੱਥਾ ਸਿੰਘ (ਜੋ ਹਾਈਕੋਰਟ ਦੇ ਜੱਜ ਸਨ) ਪਾਸ ਠਹਿਰੇ ਹੋਏ ਸਨ, ਫੜੇ ਗਏ। ਮੁਕੱਦਮਾ ਚਲਿਆ ਤੇ ੩੦ ਮਾਰਚ ੧੯੧੬ ਨੂੰ ਦੂਜੇ ਸਾਜ਼ਸ਼ ਕੇਸ, ਲਾਹੌਰ ਅਨੁਸਾਰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਇਸ ਦੌਰਾਨ ਪੁਲੀਸ ਅਫਸਰਾਂ ਨਾਲ ਭਾਈ ਸਾਹਿਬ ਦੀ ਜੋ ਗੱਲ-ਬਾਤ ਹੋਈ, ਉਹ ਬੜੀ ਰੌਚਕ ਤੇ ਪ੍ਰਭਾਵ-ਸ਼ਾਲੀ ਹੈ। ਜੋ ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿਚ ਲਿਖੀ 'ਜੇਲ੍ਹ-ਚਿੱਠੀਆਂ' ਵਿਚ ਪੜ੍ਹੀ ਜਾ ਸਕਦੀ ਹੈ।

ਜੇਲ੍ਹ ਵਿਚਲੇ ਕਸ਼ਟਾਂ ਅਤੇ ਸਰਕਾਰੀ ਜ਼ੁਲਮਾਂ ਦੀ ਕਹਾਣੀ, ਭਾਈ ਸਾਹਿਬ ਦੀ ਆਪਣੀ ਜ਼ਬਾਨੀ, ਏਸੇ ਪੁਸਤਕ ਵਿਚੋਂ ਪ੍ਰਾਪਤ ਹੋ ਸਕਦੀ ਹੈ। ਇਹ ਵਾਰਤਾ ਬੜੀ ਦਿਲਚਸਪੀ, ਦਿਲ-ਹਿਲਾਣੀ, ਦਰਦ-ਰੰਵਾਣੀ, ਵਾਕਫ਼ੀਅਤ-ਵਧਾਣੀ, ਅਤੇ ਸਿੱਖੀ-ਸਮਝਾਣੀ ਹੈ। ਇਕ ਵੇਰ ਤਾਂ ਭਾਈ ਸਾਹਿਬ ਨੂੰ ਨਾਗਪੁਰ ਜੇਲ੍ਹ ਅੰਦਰ, ਲੱਤਾਂ-ਬਾਹਾਂ ਜੂੜ-ਜਕੜ ਕੇ, ਦੰਦ-ਦਾੜ੍ਹਾਂ ਤੋੜ ਕੇ ਧੱਕੇ ਨਾਲ ਦੁੱਧ ਉਨ੍ਹਾਂ ਦੇ ਅੰਦਰ ਘੱਲਿਆ ਗਿਆ। ਇਸ ਘਟਨਾ ਬਾਰੇ ਦੋ ਚਾਰ ਸਤਰਾਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਡੇਢ ਘੰਟਾ ਘੁਲਣ ਪਿਛੋਂ ਹਾਰ ਹੰਭ ਕੇ ਥੋੜਾ ਦੁੱਧ ਅੰਦਰ ਚਾੜ੍ਹ ਕੇ ਤੁਰਨ ਲਗੇ ਹੀ ਸੀ ਕਿ ਦੁੱਧ ਅੰਦਰੋਂ ਉੱਛਲ ਕੇ ਸਭ ਬਾਹਰ ਜਾ ਪਿਆ। ਕਾਲਜੇ ਨੇ ਕਬੂਲਿਆ ਨਾ। ਇਸ ਪਰ ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੁੱਟੇ ਗਏ ਅਤੇ ਲੱਤਾਂ ਮੁੱਕੀਆਂ ਦੀ ਮਾਰ ਨਾਲ ਅਧ-ਮੋਇਆ ਕਰ ਕੇ ਮੈਨੂੰ ਸਿੱਟ ਗਏ। ਦੂਜੇ ਦਿਨ ਫੇਰ ਆ ਕੇ ਦਾਲ ਦਾ ਪਾਣੀ ਅੰਦਰ ਲੰਘਾਇਆ। ਤੀਜੇ ਦਿਨ ਕੁੱਠਾ, ਗਊ-ਮਾਸ ਦਾ ਅਰਕ ਤੇ ਬਿਖਿਆ (ਤਮਾਕੂ) ਆਦਿਕ ਲਿਆ ਕੇ ਅੱਗੇ ਰਖਿਆ ਗਿਆ ਕਿ ਰੋਟੀ ਖਾਓ ਨਹੀਂ ਤਾਂ ਇਹ ਚੀਜ਼ਾਂ ਤੈਨੂੰ ਮੱਲੋ-ਮੱਲੀ ਖੁਆਈਆਂ ਜਾਣਗੀਆਂ ਤੋਂ ਤੇਰੇ ਕੇਸ ਕੱਟੇ ਜਾਣਗੇ ਤੇ ਤੈਨੂੰ ਪਾਗਲਖਾਨੇ ਭੇਜਿਆ ਜਾਊ। ਇਸੇ ਤਰ੍ਹਾਂ ਇਕ ਵੇਰ ਮੁਲਤਾਨ ਜੇਲ੍ਹ ਵਿਚ ਆਪ ਜੀ ਨੂੰ ੪੦ ਦਿਨ ਅੰਨ-ਜਲ ਬਿਨਾਂ ਬਿਤਾਉਣੇ ਪਏ। ਜੇਲ੍ਹ ਵਿਚਲੇ ਬਹੁਤ ਸਾਰੇ ਕਸ਼ਟਾਂ ਦਾ ਮੂਲ ਕਾਰਨ, ਉਨ੍ਹਾਂ ਦਾ ਖਾਣ-ਪੀਣ ਸੰਬੰਧੀ ਸਰਬ-ਲੋਹੀ ਬਿਬੇਕ ਦਾ ਪਹਿਰਾ ਹੀ ਸੀ।

ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ ਨੇ ਭਾਈ ਸਾਹਿਬ ਤੇ ਹੋਰ ਜੇਲ੍ਹ ਬੈਠੇ ਸਿੰਘਾਂ ਦੀ ਹਮਦਰਦੀ ਵਿਚ ਸਿਖ-ਜਗਤ ਨੂੰ ਅਪੀਲ ਕੀਤੀ ਕਿ ੧ ਫਰਵਰੀ ੧੯੨੩ ਨੂੰ ਅਰਦਾਸ ਦਿਵਸ ਮਨਾਇਆ ਜਾਵੇ। ੧੪ ਸਾਲ ਤੋਂ ਉਪਰ ਦਾ ਕੋਈ ਸਿਖ ਸਵੇਰ ਤੋਂ ਰਹਿਰਾਸ ਤਕ ਅੰਨ-ਜਲ ਅੰਗੀਕਾਰ ਨਾ ਕਰੇ। ਭਾਈ ਸਾਹਿਬ ਨੂੰ ਇਸ ਅਰਦਾਸ ਰਾਹੀਂ ਬਹੁਤ ਰੂਹਾਨੀ ਸਹਾਇਤਾ ਮਿਲੀ ਅਤੇ ਆਪ ਨੇ ਕਮੇਟੀ ਦਾ ਕੋਟਾਨ ਕੋਟ ਧੰਨਵਾਦ ਕੀਤਾ। ਆਖ਼ਿਰ ੪-੧੦-੧੯੩੦ ਨੂੰ ਭਾਈ ਸਾਹਿਬ ਨੇ ਬੰਦੀ ਤੋਂ ਰਿਹਾਈ ਪਾਈ।

ਆਪ ਦੀ ਅਡੋਲ ਦ੍ਰਿੜਤਾ, ਨਿਸ਼ਕਾਮ ਕੁਰਬਾਨੀ ਅਤੇ ਗੁਰੂ ਪੰਥ ਲਈ ਕਰੜੀ ਘਾਲਣਾ ਨੂੰ ਮੁੱਖ ਰੱਖ ਕੇ ਤਖ਼ਤ ਸਾਹਿਬਾਨ ਵਲੋਂ ਆਪ ਜੀ ਦੀ ਪ੍ਰਸੰਸਾ ਕੀਤੀ ਗਈ, ਸਿਰੋਪਾਵਾਂ ਤੇ ਹੁਕਮਨਾਮਿਆਂ ਰਾਹੀਂ ਆਪ ਜੀ ਨੂੰ ਨਿਵਾਜਿਆ ਗਿਆ। ਪ੍ਰਸਿੱਧ ਗੁਰਧਾਮਾਂ ਦੇ ਨੀਂਹ-ਪੱਥਰ ਰੱਖਣ ਲਈ ਆਪ ਜੀ ਨੂੰ ਪੰਜਾਂ ਪਿਆਰਿਆਂ ਵਿਚ"ਸ਼ਾਮਲ ਕੀਤਾ ਜਾਂਦਾ ਰਿਹਾ।

ਰਿਹਾਈ ਤੋਂ ਬਾਅਦ ਇਹ ਬਾ-ਕਮਾਲ ਸ਼ਖ਼ਸੀਅਤ ਸਾਢੇ ਤੀਹ ਸਾਲ ਸਰੀਰਕ ਚੋਲੇ ਵਿਚ ਰਹੀ। ਆਪ ਸਦੀਵ ਕਾਲ ਸੰਗਤਾਂ ਦੇ ਸੰਗ ਸਾਥ ਹੀ ਵਿਚਰਦੇ ਰਹੇ ਅਤੇ ਸੰਗਤਾਂ ਦੇ ਲਾਲੇ ਗੋਲੇ ਬਣੇ ਰਹੇ। ਅਖੰਡ-ਕੀਰਤਨਾਂ, ਅਖੰਡ-ਪਾਠਾਂ ਅਤੇ ਅੰਮ੍ਰਿਤ-ਸੰਚਾਰ ਦੇ ਸਮਾਗਮ ਰਚ ਰਚ ਕੇ ਗੁਰਮਤਿ ਦਾ ਪ੍ਰਕਾਸ਼, ਪ੍ਰਚਾਰ ਅਤੇ ਪ੍ਰਸਾਰ ਕਰਦੇ ਰਹੇ। ੩੬-੩੬ ਘੰਟੇ ਲਗਾਤਾਰ ਕੀਰਤਨ ਕਰਦੇ ਸੁਣਦੇ ਅਕਦੇ ਕਦੇ ਨਹੀਂ ਸਨ। ਭੁਖ, ਨੀਂਦ, ਖਾਣਾ, ਸੌਣਾ ਸਭ ਵਿਸਰ ਜਾਂਦੇ ਸਨ। ਸੰਗਤਾਂ ਨਾਲ ਪੰਡਾਲ ਭਰੇ ਰਹਿੰਦੇ ਸਨ। ਅਖੰਡ-ਪਾਠ ਦੇ ਦੌਰਾਨ ਕੀਰਤਨ ਸਮਾਗਮ ਨਹੀਂ ਰਖੇ ਜਾਂਦੇ ਸਨ। ਅਖੰਡ-ਪਾਠ ਸੁਣਨ ਲਈ ਸੰਗਤਾਂ ਵਿਚ ਉਤਸ਼ਾਹ, ਉਮਾਹ ਤੋਂ ਸ਼ਰਧਾ ਹੋਂਦੀ ਸੀ। ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਪੰਜਾਂ ਪਿਆਰਿਆਂ ਵਿਚ ਆਪ ਤਾਂ ਸ਼ਾਮਲ ਨਹੀਂ ਸੀ ਹੁੰਦੇ, ਪਰ

ਬਾਊ ਮੱਲ ਸਿੰਘ ਜੀ ਹੁਰਾਂ ਨੂੰ, ਜੋ ਇਕ ਕਮਾਲ ਦੀ ਰੂਹ ਸਨ, ਇਨ੍ਹਾਂ ਸਮਾਗਮਾਂ ਦੀ ਸੇਵਾ ਸਹਿਜ਼ ਸੁਭਾ ਹੀ ਸੌਂਪੀ ਹੋਈ ਸੀ।

ਆਪ ਦਾ ਰਚਿਆ ਗੁਰਮਤਿ-ਸਾਹਿੱਤ ਪੰਥ ਨੂੰ ਇਕ ਮਹਾਨ ਦੇਣ ਹੈ। ਆਪ ਦੀ ਮਹਾਨ ਸ਼ਖ਼ਸੀਅਤ ਆਪ ਦੇ ਰਚਿਤ ਸਾਹਿਤ ਵਿਚੋਂ ਉਮਲ ਉਮਲ ਪੈਂਦੀ ਹੈ। ਹਰ ਪੁਸਤਕ, ਗੁਰਮਤਿ ਦੇ ਕਿਸੇ ਨ ਕਿਸੇ ਸਿਧਾਂਤ ਉਤੇ ਗੁਰਬਾਣੀ ਰਾਹੀਂ ਰੌਸ਼ਨੀ ਪਾ ਕੇ, ਭਰਮ ਭੁਲੇਖੇ ਦੂਰ ਕਰਦੀ, ਅਤੇ ਉਸਦਾ ਸਿੱਕਾ ਸਾਡੇ ਮਨਾਂ ਤੇ ਬਿਠਾ ਦੇਂਦੀ ਹੈ। ਸਿਖ ਇਤਿਹਾਸ ਵਿਚ ਕਿਸੇ ਸਿਮਰਨ-ਸਰੂਪ ਹੋਈ ਸ਼ਖ਼ਸੀਅਤ ਨੇ ਏਨਾ ਬਹੁ-ਪੱਖੀ ਧਾਰਮਿਕ ਸਾਹਿੱਤ ਨਹੀਂ ਉਪਜਾਇਆ। ਗੁਰਬਾਣੀ ਦਾ ਮੁੱਖ ਇਕ ਇਕ ਵਿਸ਼ਾ ਨਾਮ ਹੀ ਹੈ, ਬਾਕੀ ਸਾਰੀ ਰਹਿਤ-ਮਰਿਆਦਾ ਨਾਮ ਦੇ ਅਧੀਨ ਅਤੇ ਨਾਮ-ਮਾਰਗ ਦੀ ਸਹਾਇਕ ਹੈ। ਇਸੇ ਤਰ੍ਹਾਂ ਭਾਈ ਸਾਹਿਬ ਦਾ ਲਿਖਿਆ ਅੱਖਰ ਅੱਖਰ ਨਾਮ-ਕੇਂਦਰ ਦੇ ਦੁਆਲੇ ਹੀ ਘੁੰਮਦਾ ਹੈ। ਏਨਾ ਨਵੇਕਲਾ, ਨਿਰਾਲਾ, ਉਜਾਲਾ ਤੇ ਬਾਲਾ (ਉੱਚਾ) ਅਸਥਾਨ ਰਖਦੇ ਹੋਏ ਵੀ ਉਹ ਸਾਡੇ ਵਿਚ 'ਭਾਈ ਬਣ ਕੇ ਹੀ ਰਹੇ। ਬਾਣੀ ਤੇ ਬਾਣੇ ਦੀ ਮੁਸ਼ਤਾਕ, ਇਹ ਮਹਾਨ ਮਨਮੋਹਣੀ ਮੂਰਤ ੧੯ ਅਪ੍ਰੈਲ ੧੯੬੧ ਨੂੰ ਸਾਥੋਂ ਸਰੀਰਕ ਤੌਰ ਤੇ ਸਦਾ ਲਈ ਵਿਦਾ ਹੋ ਗਈ।

*ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ॥*
*ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥੪੪॥ ਅੰਗ - ੯੩੯*

ਭਾਈ ਸਾਹਿਬ ਰਚਿਤ ਕੁਝ ਚੋਣਵੀਆਂ ਪੁਸਤਕਾਂ ਇਹ ਹਨ -

੧. ਜੇਲ੍ਹ ਚਿਠੀਆਂ-ਕੀ ਹਨ? ਭਾਈ ਸਾਹਿਬ ਵਲੋਂ ਗੁਰਮੁਖਿ ਸਤਿਸੰਗੀਆਂ ਨੂੰ ਪਰਮਾਰਥ ਦੇ ਪਾਂਧੀ ਬਣਨ ਲਈ ਸੱਦੇ ਹਨ।

੨. ਰੰਗਲੇ ਸੱਜਣ-ਕੌਣ ਹਨ? ਪਰਮਾਰਥ ਦਾ ਪੰਧ ਪੂਰਾ ਕਰਿ ਮੰਜ਼ਿਲੇ-ਮਕਸੂਦ ਪੁਰ ਪਹੁੰਚ ਪਏ ਪਹਿਲਵਾਨੜੇ ਹਨ, ਉਨ੍ਹਾਂ ਪ੍ਰਤੀ ਸ਼ਰਧਾਂਜਲੀ ਹੈ।

੩. ਗੁਰਮਤਿ ਕਰਮ ਫ਼ਿਲਾਸਫ਼ੀ-ਕੀ ਹੈ? ਜ਼ਿੰਦਗੀ ਦੇ ਰਣ-ਖੇਤਰ ਤੋਂ ਹੰਭੇ, ਹੁਣੇ, ਹਾਰੇ ਤੇ ਹਥਿਆਰ ਸੁਟਣਹਾਰੇ ਸੈਨਕ ਨੂੰ ਮੁੜ ਸਾਵਧਾਨ ਕਰਨ ਦਾ ਸਾਧਨ ਹੈ।

*(ਪੰਨਾ 22 ਦੀ ਬਾਕੀ)*

ਵਾਲੇ ਸੂਰਮੇ; ਮਹਾਨ ਦੇਸ-ਭਗਤ ਮਹਾਨ ਕਵੀ ਤੇ ਲੇਖਕ, ਨਿਧੜਕ ਜਰਨੈਲ ਪੂਰਨ ਗ੍ਰਿਹਸਥੀ ਤੇ ਮਾਇਆ ਵਿਚ ਉਦਾਸੀ ਕਰਨ ਵਾਲੇ ਗੁਰਮੁਖ, ਨਿਮਰਤਾ, ਸਹਿਨ ਸ਼ੀਲਤਾ, ਧੀਰਜ ਅਤੇ ਦਇਆ ਦੇ ਪੁੰਜ 'ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ' (ਅਨੰਦ ਸਾਹਿਬ) ਦੇ ਗੁਰਵਾਕ ਅਨੁਸਾਰ ਪੂਰਨ ਗੁਰੂ ਪ੍ਰਾਇਣ ਜੀਵਨ ਬਿਤੀਤ ਕਰਨ ਵਾਲੇ ਹਰਿ ਜਨ ਐਸਾ ਚਾਹੀਏ ਜੈਸਾ ਹਰਿ ਹੀ ਹੋਇ" ਐਸੇ ਖ਼ਾਲਸਾ ਜਨ ਸਨ, ਜਿਨ੍ਹਾਂ ਬਾਰੇ ਦਸਮੇਸ਼ ਪਿਤਾ ਜੀ ਕਹਿੰਦੇ ਹਨ 'ਖ਼ਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹਉ ਕਰਉ ਨਿਵਾਸ॥' ਐਸੇ ਖ਼ਾਲਸਾ ਗੁਰਮੁਖ ਜਨਾਂ, ਸੰਤ ਜਨਾਂ ਦੇ ਅੰਦਰ ਗੁਰੂ ਦੀ ਜੋਤਿ ਦਾ ਪ੍ਰਕਾਸ਼ ਹਰ ਸਮੇ ਰਹਿੰਦਾ ਹੈ। ਉਹ ਆਪਣੀ ਅਵਸਥਾ ਨੂੰ ਜਣਾਉਂਦੇ ਨਹੀਂ। ਆਪਣੇ ਆਪ ਨੂੰ ਗੁਰਸਿਖ ਹੀ ਜਾਣਦੇ ਹਨ, ਉਹਨਾਂ ਨੂੰ ਇਹੀ ਮਾਣ ਵਡਿਆਈ ਕਰਤੇ ਪੁਰਖ ਵਲੋਂ ਮਿਲੀ ਹੋਈ ਹੁੰਦੀ ਹੈ। ਭਾਈ ਸਾਹਿਬ ਜੀ ਇਸ ਤਰ੍ਹਾਂ ਹੀ ਬਹੁ ਗੁਣ ਭਰਪੂਰ ਸਨ ਤੇ ਕਿਸੇ ਕਾਰਨ ਉਹ ਸੰਤ ਸਰੂਪ ਅਖਵਾਉਣ ਦੇ ਯੋਗ ਸਨ ਪਰੰਤੂ ਇਹ ਵੀ ਇਕ ਮਹਾਨ ਖ਼ੂਬੀ ਉਹਨਾਂ ਵਿਚ ਸੀ ਕਿ ਉਹਨਾਂ ਆਪਣੇ ਆਪ ਨੂੰ ਸੰਤ ਨਹੀਂ ਕਹਾਇਆ ਅਤੇ ਨਾ ਹੀ ਪੈਰਾਂ ਨੂੰ ਮੱਥੇ ਟਿਕਾਏ। ਪੁਰਾਤਨ ਗੁਰਸਿਖਾਂ ਦੀ ਤਰ੍ਹਾਂ ਆਪਣੇ ਆਪ ਨੂੰ 'ਭਾਈ' ਹੀ ਕਹਾਇਆ ਹੈ 'ਤੇ ਸੰਗਤਾਂ ਅਦਬ ਸਤਿਕਾਰ ਵਜੋਂ ਉਹਨਾਂ ਨੂੰ ਭਾਈ ਸਾਹਿਬ ਹੀ ਕਹਿੰਦੀਆਂ ਰਹੀਆਂ ਹਨ ਦਾਸ ਨੇ ਬਹੁਤੇ ਸੰਤਾਂ ਮਹੰਤਾਂ ਦੇ ਇਸ਼ਤਿਹਾਰ ਦੇਖੇ ਹਨ, ਜਿਨ੍ਹਾਂ ਵਿਚ ਉਹ ਆਪਣੇ ਨਾਂ ਨਾਲ ਅੱਗੇ ਜਾਂ ਪਿਛੇ 'ਸੰਤ' ਸ਼ਬਦ ਜਾਂ ਹੋਰ ਕੋਈ ਉਪਨਾਮ ਲਿਖਵਾਉਂਦੇ ਹਨ, ਪਰੰਤੂ ਭਾਈ ਸਾਹਿਬ ਜੀ ਦੀਆਂ ਜੇਲ੍ਹ ਚਿਠੀਆਂ ਪੁਸਤਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹਨਾਂ ਆਪਣੇ ਆਪ ਨੂੰ ਕੇਵਲ 'ਦਾਸ ਰਣਧੀਰ ਸਿੰਘ' ਹੀ ਲਿਖਿਆ ਹੈ। ਫਿਰ ਉਹ ਸੰਗਤ ਵਿਚ ਜਾਂ ਕਿਤੇ ਹੋਰ ਘਰ-ਬਾਹਰ ਗੁਰਸਿਖਾਂ ਦੀ ਸੰਗਤ ਕਰਦੇ ਸਮੇਂ ਕੋਈ ਅਲਹਿਦਾ, ਉਚ ਆਸਣ, ਗੱਦਾ ਗਦੇਲਾ ਲਾ ਕੇ ਨਹੀਂ ਬਹਿੰਦੇ ਸਨ। ਗੁਰਸਿਖਾਂ ਵਿਚ ਗੁਰੂ ਵਰਤਦਾ ਮੰਨਦੇ ਹੋਏ ਉਹਨਾਂ ਦੀ ਸੇਵਾ ਤੇ ਹੁਕਮ ਮੰਨਣ ਲਈ ਤਤਪਰ ਰਹਿੰਦੇ ਸਨ। ਇਹ ਗੱਲਾਂ ਅਖੌਤੀ ਸੰਤਾਂ ਵਿਚ ਨਹੀਂ ਮਿਲਦੀਆਂ। ਉਹਨਾਂ ਦੇ ਜੀਵਨ ਦੀਆਂ ਬੇਅੰਤ ਅਲੌਕਿਕ ਘਟਨਾਵਾਂ ਹਨ, ਜੋ ਉਹਨਾਂ ਨਮਿੱਤ ਲਿਖਣ ਲਈ ਵੇਗ ਬਹੁਤ ਹੈ, ਪਰ ਅਲਪ ਗੁਣੀ ਜੀਵ ਕਿਵੇਂ ਮਹਾਨ ਗੁਣਾਂ ਵਾਲੇ ਵਿਅਕਤੀ ਦੇ ਕ੍ਰਿਸ਼ਮਿਆਂ ਦੀ ਵਿਆਖਿਆ ਕਰ ਸਕਦਾ ਹੈ।

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਖਰੜ]*

ਆਪ ਜੀ ਦਾ ਜਨਮ 7 ਜੁਲਾਈ 1878 ਨੂੰ ਸ. ਨੱਥਾ ਸਿੰਘ ਜੀ ਘਰ ਮਾਤਾ ਪੰਜਾਬ ਕੌਰ ਜੀ ਦੀ ਕੁੱਖੋਂ ਨਾਰੰਗਵਾਲ, ਲੁਧਿਆਣਾ ਵਿੱਚ ਹੋਇਆ। ਆਪ ਦੇ ਪਿਤਾ ਨਾਭਾ ਹਾਈ ਕੋਰਟ ਦੇ ਜੱਜ ਸਨ। ਭਾਈ ਸਾਹਿਬ ਦਾ ਬਚਪਨ ਨਾਰੰਗਵਾਲ ਵਿੱਚ ਬੀਤਿਆ। 1900 ਵਿੱਚ ਆਪਨੇ ਬੀ.ਏ. ਪਾਸ ਕਰ ਲਈ। ਬਚਪਨ ਵਿੱਚ ਹੀ ਆਪ ਨੂੰ ਨਿਤਨੇਮ ਕਰਨ ਦੀ ਜੋ ਆਦਤ ਪਈ ਸੀ, ਉਹ ਪੜ੍ਹਾਈ ਤੇ ਨੌਕਰੀ ਦੇ ਦਿਨਾਂ ਵਿੱਚ ਵੀ ਕਾਇਮ ਰਹੀ। 1902 ਵਿੱਚ ਆਪ ਨਾਇਬ ਤਹਿਸੀਲਦਾਰ ਲੱਗ ਗਏ। ਆਪ, ਆਪਣੀ ਡਿਊਟੀ ਲਗਨ, ਦ੍ਰਿੜ੍ਹਤਾ ਤੇ ਈਮਾਨਦਾਰੀ ਨਾਲ ਨਿਭਾਉਂਦੇ ਰਹੇ। ਫਲਸਰੂਪ ਆਪ ਜੀ ਨੂੰ ਤਹਿਸੀਲਦਾਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਗਈ। ਬੁਰਾਈਆਂ ਦੇਖ ਕੇ ਆਪ ਦਾ ਹਿਰਦਾ ਦੁਖੀ ਹੋਇਆ ਤੇ ਨੌਕਰੀ ਨਾ ਕਰਨ ਦਾ ਮਨ ਬਣਾ ਲਿਆ ਅਤੇ ਤਿਆਗ ਪੱਤਰ ਦੇ ਦਿੱਤਾ।

14 ਜੂਨ 1903 ਨੂੰ ਆਪ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਗੁਰਬਾਣੀ ਦਾ ਪਾਠ, ਕੀਰਤਨ ਤੇ ਸਤਸੰਗ ਆਪ ਦੇ ਜੀਵਨ ਦੇ ਆਧਾਰ ਬਣ ਗਏ। 1908 ਵਿੱਚ ਸਾਭੋ ਕੀ ਤਲਬੰਡੀ ਦਮਦਮਾ ਸਾਹਿਬ ਵਿਖੇ ਆਪ ਨੇ 'ਖਾਲਸਾ ਦੀਵਾਨ' ਦਾ ਮੁੱਢ ਬੱਨਿਆ। 1908 ਤੋਂ 1914 ਤਕ ਦਾ ਸਮਾਂ ਆਪ ਨੇ ਸਤਸੰਗ ਸਮਾਗਮਾਂ, ਅਖੰਡ ਪਾਠਾਂ ਤੇ ਅਖੰਡ ਕੀਰਤਨ ਮੰਡਲਾਂ ਦਾ ਆਨੰਦ ਮਾਣਦਿਆਂ ਬਤੀਤ ਕੀਤਾ। 1914 ਵਿੱਚ ਵੱਡੇ ਸਾਹਿਬਜਾਦਿਆਂ ਦੇ ਸ਼ਹੀਦੀ ਜੋੜ ਮੇਲੇ ਸਮੇਂ ਚਮਕੌਰ ਸਾਹਿਬ ਵਿੱਚ ਗੁਰਮਤਿ ਤੇ ਸਿੱਖ ਰਹਿਤ ਮਰਿਯਾਦਾ ਤੋਂ ਉਲਟ ਕਾਰਵਾਈਆਂ ਹੁੰਦੀਆਂ ਵੇਖ ਕੇ ਆਪਨੇ ਪੁਜਾਰੀਆਂ ਤੇ ਪ੍ਰਬੰਧਕਾਂ ਨਾਲ ਨਿਮਰਤਾ ਸਹਿਤ ਹੀ ਸੋਧ ਕੇ ਸਮਝਾਇਆ ਫਿਰ ਉਨ੍ਹਾਂ ਨੇ ਗੁਰਧਾਮਾਂ ਦਾ ਕਬਜਾ ਤੇ ਪ੍ਰਬੰਧ ਸਿੱਖ ਪੰਥਕ-ਹੱਥਾਂ ਵਿੱਚ ਦੇ ਦਿੱਤਾ। ਅੰਗ੍ਰੇਜ ਸਰਕਾਰ ਵਲੋਂ ਦਿੱਲੀ ਪਾਰਲੀਮੈਂਟ ਦੀ ਸੜਕ ਸਿਧੀ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੁਣ ਸਮੇਂ ਜੋ ਸਿੱਖ ਪੰਥ ਵਿੱਚ ਰੋਸ ਦੀ ਲਹਿਰ ਪੈਦਾ ਹੋਈ ਮੋਰਚਾ ਲਾਇਆ ਗਿਆ, ਉਸ ਵਿੱਚ ਭਾਈ ਸਾਹਿਬ ਦਾ ਪੰਜਾਬ ਤੋਂ ਯੋਗਦਾਨ ਮਹੱਤਵਪੂਰਨ ਸੀ। ਜਦੋਂ ਸਿੱਖਾਂ ਨੇ ਅਮਰੀਕਾ ਤੇ ਕੈਨੇਡਾ ਵਿੱਚ ਭਾਰਤ ਦੀ ਆਜਾਦੀ ਲਈ ਗਦਰੀ ਬਾਬੇਆਂ ਨੇ ਗਦਰ ਲਹਿਰ ਸ਼ੁਰੂ ਹੋਈ ਤਾਂ ਬਹੁਤ ਸਾਰੇ ਗਦਰੀ ਭਾਰਤ ਵਿੱਚ ਵੀ ਪਹੁੰਚ ਗਏ। ਉਸ ਸਮੇਂ ਭਾਈ ਸਾਹਿਬ ਜੀ ਨੇ ਵੀ ਆਪਣਾ ਨਾਤਾ ਗਦਰ ਲਹਿਰ ਨਾਲ ਜੋੜਿਆ। 19 ਫਰਵਰੀ 1915 ਦਾ ਦਿਨ ਮਿਥਿਆ ਗਿਆ ਸੀ। ਭਾਈ ਸਾਹਿਬ ਦੀ ਡਿਊਟੀ ਫਿਰੋਜਪੁਰ ਛਾਉਣੀ ਵਿੱਚ ਗਦਰ ਕਰਾਉਣ ਤੇ ਲੱਗੀ। ਆਪ ਜੱਥੇ ਸਮੇਤ, ਨਿਯਤ ਸਮੇਂ, ਨਿਯਤ ਸਥਾਨ ਤੇ ਪੁੱਜ ਗਏ ਪਰ ਸਰਕਾਰੀ ਮੁਖਬਰ ਕਿਰਪਾਲ ਸਿੰਘ ਦੇ ਭੇਤ ਖੋਲ੍ਹ ਦੇਣ ਨਾਲ ਗਦਰ ਕਰਾਉਣ ਦੀ ਸਕੀਮ ਫੇਲ੍ਹ ਹੋ ਗਈ। ਇਸ ਦੋਸ਼ ਬਦਲੇ ਭਾਈ ਸਾਹਿਬ ਨੂੰ 9 ਮਈ 1915 ਨੂੰ ਨਾਭੇ ਵਿੱਚ ਨਜ਼ਰ ਬੰਦ ਕਰ ਦਿੱਤਾ ਗਿਆ। 19 ਮਈ ਨੂੰ ਲੁਧਿਆਣਾ ਜੇਲ੍ਹ ਵਿਚ ਕੈਦ ਰਖਿਆ ਗਿਆ।

30 ਮਈ 1916 ਨੂੰ ਆਪ ਨੂੰ ਦੂਸਰੇ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਿਲ ਕਰਕੇ ਉਮਰ ਕੈਦ ਦੀ ਸਜਾ ਸੁਣਾ ਦਿੱਤੀ ਗਈ। 4 ਅਪ੍ਰੈਲ 1916 ਨੂੰ ਆਪ ਨੂੰ ਮੁਲਤਾਨ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ, ਜਿੱਥੇ 13 ਮਈ ਤਕ 40 ਦਿਨ ਭੁੱਖ ਹੜਤਾਲ ਕੀਤੀ। ਜੁਲਾਈ ਨੂੰ 1917 ਹਜ਼ਾਰੀ ਬਾਗ ਅਤੇ 1921 ਅਕਤੂਬਰ ਰਾਜਮੰਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਆਪਨੇ ਗੁਰਮਤਿ ਬਿਬੇਕ ਪੁਸੱਤਕ ਦਾ ਖਰੜਾ ਤਿਆਰ ਕੀਤਾ। 1 ਦਸੰਬਰ 1922 ਨੂੰ ਨਾਗਪੁਰ ਜੇਲ੍ਹ ਵਿੱਚ ਭੇਜ ਦਿੱਤੇ ਗਏ, ਜਿਥੇ ਆਪ ਨੂੰ ਅਕਹਿ ਤੇ ਅਸਹਿ ਕਸਟ ਤਸੀਹੇ

***(ਬਾਕੀ ਪੰਨਾ 44 'ਤੇ)***

# ਪੰਥਕ ਤੋਸ਼ੇਖਾਨੇ ਦਾ ਨਾਇਯਾਬ ਹੀਰਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*[ਭਾਈ ਰਵਿੰਦਰ ਸਿੰਘ ਸੈਂਪਲਾ]*

ਖਾਲਸਾ ਪੰਥ ਦੀ ਦੌਲਤ ਇਕ ਤੋਂ ਇੱਕ ਨਾਯਾਬ ਖਜਾਨੇ ਨਾਲ ਭਰਭੂਰ ਹੈ। ਸਿੱਖ ਪੰਥ ਦੇ ਮੁੱਢ ਤੋਂ ਲੈ ਕੇ ਅੱਜ ਤੱਕ ਪੰਥ ਨੇ ਵੱਡੇ ਸੂਰਵੀਰ ਯੋਧੇ ਪੈਦਾ ਕੀਤੇ ਤੇ ਸਮਾਂ ਦਰ ਸਮਾਂ ਉਹਨਾਂ ਨੂੰ ਉਹਨਾਂ ਦੀ ਪੰਥ ਪ੍ਰਤੀ ਘਾਲਣਾ ਤੇ ਸ਼ਿੱਦਤ ਬਦਲੇ ਬਾਖੂਬੀ ਖਿਤਾਬ ਬਖਸ਼ੇ। ਆਦਿ ਤੋਂ ਅੱਜ ਤੱਕ ਅਨੇਕਾਂ ਪੰਥ ਪ੍ਰਸਤਾ, ਸੂਰਮਿਆਂ, ਭਗਤਾਂ ਤੇ ਗੁਰੂ ਸੇਵਕਾਂ ਦੇ ਲੇਖੇ ਇਹ ਖਿਤਾਬ ਆਏ। ਪਰ ਇਸ ਪਿਛੇ ਉਹਨਾਂ ਦੀ ਪੰਥ ਪ੍ਰਸਤੀ ਅਤੇ ਗੁਰੂ ਪ੍ਰਤੀ ਸ਼ਿੱਦਤ ਨੇ ਮੁੰਢਲਾ ਕਿਰਦਾਰ ਨਿਭਾਇਆ। ਖਾਲਸਾ ਪੰਥ ਦੀ ਸੋਨ ਚਿੜੀ ਵਜੋਂ ਪ੍ਰਚਾਰੇ ਭਾਈ ਰਣਧੀਰ ਸਿੰਘ ਦੀ ਮਹਾਨਤਾ ਉਹਨਾਂ ਪੰਥਕ ਹੀਰਿਆਂ ਵਿਚ ਅਹਿਮ ਸਥਾਨ ਰੱਖਦੀ ਹੈ। 7 ਜੁਲਾਈ 1878 ਨੂੰ ਪਿੰਡ ਨਾਰੰਗਵਾਲ, ਜਿਲਾ ਲੁਧਿਆਣਾ ਵਿਚ ਜਨਮੀ ਇਸ ਪੰਥਕ ਰੂਹ ਨੇ ਆਪਣੇ ਜੀਵਨ ਕਾਲ ਵਿਚ ਇਕ ਤੋਂ ਇਕ ਮਹਾਨ ਕਾਰਜ ਕਰਕੇ ਸਿੱਖ ਮਨਾਂ ਅੰਦਰ ਪੰਥਕ ਜਜਬੇ ਦੀ ਚਿਲਮ ਜਗਾਈ ਤੇ ਬਦਲੇ ਵਿਚ ਪੰਥ ਨੇ ਉਹਨਾਂ ਨੂੰ ਖਾਲਸਾ ਪੰਥ ਦੀ ਸੋਨ ਚਿੜੀ ਦਾ ਖਿਤਾਬ ਦੇ ਸਤਿਕਾਰਿਆ। ਪਿਤਾ ਸਰਦਾਰ ਨੱਥਾ ਸਿੰਘ ਜੀ ਤੇ ਸਰਦਾਰਨੀ ਪੰਜਾਬ ਕੌਰ ਦੇ ਹੋਣਹਾਰ ਸਪੁੱਤਰ ਭਾਈ ਰਣਧੀਰ ਸਿੰਘ ਜੀ ਨੂੰ ਪੰਥ ਜਜਬੇ ਦੀ ਗੁੜਤੀ ਪਿਤਾ ਪੁਰਖੀ ਹੀ ਮਿਲ ਗਈ। ਆਪ ਜੀ ਦੇ ਮਾਤਾ ਪੰਜਾਬ ਕੌਰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਨਿਨ ਸੇਵਕ ਭਾਈ ਭਗਤੂ ਜੀ ਦੇ ਪਰਿਵਾਰ ਚੋਂ ਸੱਤਵੀਂ ਪੀੜ੍ਹੀ ਚੋਂ ਸਨ। ਸੋ ਆਪ ਜੀ ਨੇ ਬਚਪਨ ਤੋਂ ਹੀ ਆਪਣੀ ਮਾਤਾ ਤੋਂ ਗੁਰੂ ਸਾਖੀਆਂ ਤੇ ਸਿੱਖੀ ਦੀ ਮਹਿਮਾ ਦੇ ਗੁਣ ਲੋਰੀਆਂ ਵਜੋਂ ਹੀ ਸੁਣ ਲਏ ਸਨ। ਆਪਣੀ ਆਰੰਭਕ ਸਿੱਖਿਆ ਉਹਨਾਂ ਨਾਭਾ ਤੋਂ ਹੀ ਪ੍ਰਾਪਤ ਕੀਤੀ ਤੇ ਉਚੇਰੀ ਸਿੱਖਿਆ ਲਈ ਕ੍ਰਿਸਚਨ ਕਾਲਜ ਲਾਹੌਰ ਵਿਖੇ ਦਾਖਿਲ ਹੋਏ। ਇਕ ਚੰਗੇ ਖਿਡਾਰੀ ਵਜੋਂ ਉਹਨਾਂ ਕਾਲਜ ਦੀ ਹਾਕੀ ਟੀਮ ਦੀ ਮੇਜਵਾਨੀ ਵੀ ਕੀਤੀ ਪਰ ਕਿਤੇ ਨਾ ਕਿਤੇ ਮਨ ਵਿਚ ਪਰਿਵਾਰ ਵਲੋਂ ਮਿਲੀ ਧਾਰਮਿਕ ਗੁੜਤੀ ਦਾ ਅਸਰ ਮਨ ਅੰਦਰ ਵਾ ਵਰੋਲੇ ਖਾ ਰਿਹਾ ਸੀ। ਪਿਤਾ ਦਾ ਨਾਭਾ ਰਿਆਸਤ ਦੇ ਹਾਈ ਕੋਰਟ ਵਿਚ ਜੱਜ ਹੋਣਾ ਤੇ ਉਸ ਤੋਂ ਵੀ ਉੱਪਰ ਅੰਗਰੇਜੀ, ਪਾਰਸੀਅਨ ਤੇ ਗੁਰਮੁੱਖੀ ਦੇ ਵਿਦਵਾਨ ਹੋਣ ਦਾ ਅਸਰ ਭਾਈ ਸਾਹਿਬ ਦੇ ਮਨ ਉਪਰ ਸਹਿਜੇ ਹੀ ਦੇਖਿਆ ਜਾ ਸਕਦਾ ਸੀ। ਇਕ ਸੰਤ ਸੁਭਾਅ ਦੇ ਹੋਣ ਦੇ ਵਾਵਜੂਦ ਆਪ ਅੰਦਰ ਦੇਸ਼ ਪ੍ਰਤੀ ਅਥਾਹ ਸਦਭਾਵਨਾ ਸੀ ਜਿਸ ਨੂੰ ਉਹਨਾਂ ਗਦਰ ਲਹਿਰ ਦੇ ਆਗੂ ਵਜੋਂ ਜਾਹਿਰ ਵੀ ਕੀਤਾ। ਭਾਰਤੀਆਂ ਵਿਚ ਗਦਰ ਦੇ ਬੀਜ ਨੂੰ ਬੋਣਾ ਭਾਈ ਸਾਹਿਬ ਦੇ ਹੀ ਲੇਖੇ ਆਉਂਦਾ ਹੈ। ਨਾਭਾ ਰਿਆਸਤ ਦੀ ਤਹਿਸੀਲਦਾਰੀ ਨੂੰ ਠੁਕਰਾ ਕੇ ਪੰਥਕ ਤੇ ਦੇਸ਼ ਕੌਮ ਦੀ ਸੇਵਾ ਭਾਵਨਾ ਰੱਖ ਆਪ ਜੀ ਇਕ ਅਲੱਗ ਪੰਥ ਦੇ ਪਾਂਧੀ ਸਨ, ਜਿਸ ਨੂੰ ਸਰ ਕਰਨ ਦਾ ਸਫਰ ਕਠਿਨ ਵੀ ਸੀ ਤੇ ਅਸਹਿ ਵੀ ਪਰ ਫਿਰ ਵੀ ਭਾਈ ਸਾਹਿਬ ਨੇ ਉਸੇ ਪੰਥ ਨੂੰ ਚੁਣਿਆ। ਫਿਲੌਰ ਕੋਲ ਇਕ ਛੋਟੇ ਜਿਹੇ ਪਿੰਡ ਤੋਂ ਅਮ੍ਰਿਤ ਛੱਕ ਕੇ ਗੁਰੂ ਦੇ ਲੜ ਲਗੇ। ਇਸ ਸਿੱਖ ਨੇ ਹਾਲੇ ਜੀਵਨ ਵਿਚ ਬੜੇ ਕੀਰਤੀਮਾਨ ਸਥਾਪਤ ਕਰਨੇ ਸਨ। ਗੁਰਦੁਆਰਾ ਰਕਾਬਗੰਜ ਸਾਹਿਬ ਦਿਲੀ ਦੀ ਕੰਧ ਢਾਹੁਣ ਦੇ ਰੋਸ ਤੋਂ ਲੈ ਕੇ ਲਾਹੌਰ ਸਾਜਿਸ਼ ਕੇਸ ਤੱਕ ਉਹ ਹਰ ਦਮ ਕੋਮਪ੍ਰਸਤੀ ਦੇ ਇਸ਼ਕ 'ਚ ਚੂਰ ਚੂਰ ਸਨ ਤੇ ਇਸ ਦੀ ਤਾਕਤ ਨੂੰ ਹਾਸਲ ਕਰਨ ਦਾ ਸਾਧਨ ਗੁਰਬਾਣੀ ਨੂੰ ਜਾਣ ਕੇ ਉਹਨਾਂ ਪੰਥਕ ਕਾਰਜ ਤੇ ਪ੍ਰਚਾਰ ਨੂੰ ਜੀਵਨ ਦਾ ਅਹਿਮ ਹਿੱਸਾ ਬਣਾ ਰਖਿਆ। ਲਾਹੌਰ ਸਾਜਿਸ਼ ਕੇਸ ਵਿਚ 48 ਸੂਰਮਿਆਂ ਸੰਗ ਜਦੋਂ ਆਪ ਜੀ ਨੂੰ ਉਮਰ ਕੈਦ ਦਿੱਤੀ ਗਈ ਤਾਂ 30 ਮਾਰਚ 1916 ਨੂੰ ਕੇਂਦਰੀ ਜੇਲ ਲਾਹੌਰ ਵਿਚ ਕੈਦ

ਕਰ ਲਿਆ ਗਿਆ ਮਗਰੋਂ ਕੁੱਝ ਦਿਨਾਂ ਪਿਛੋਂ 4 ਅਪ੍ਰੈਲ, 1916 ਨੂੰ ਮੁਲਤਾਨ ਭੇਜ ਦਿੱਤਾ ਗਿਆ। ਇਥੇ ਹੀ ਭਾਈ ਸਾਹਿਬ ਨੇ 40 ਦਿਨਾਂ ਦੀ ਭੁੱਖ ਹੜਤਾਲ ਕੀਤੀ ਤੇ ਇਸ ਉਪਰੰਤ ਆਪ ਜੀ ਨੂੰ ਮਦਰਾਸ ਦੀ ਰਾਜ ਜੇਲ ਵਿਚ ਤਬਦੀਲ ਕਰਾ ਦਿਤਾ, ਜਿਥੇ ਉਹਨਾਂ ਆਪਣੀ ਮਹਾਨ ਲਿਖਤ 'ਗੁਰਮਤਿ ਬਿਬੇਕ' ਨੂੰ ਰਚਿਆ। ਮਗਰੋਂ ਨਾਗਪੁਰ ਜੇਲ ਵਿਚ ਸਰਕਾਰ ਦੇ ਅਸਹਿ ਤਸੀਹੇ ਝਲਣ ਦੇ ਬਾਵਜੂਦ ਉਹਨਾਂ ਆਪਣਾ ਮਹਾਨ ਮਹਾ ਕਾਵ 'ਜੋਤਿ ਵਿਗਾਸ' ਰਚਿਆ। ਇਹ ਭਾਈ ਸਾਹਿਬ ਦੀ ਹੀ ਕੁਰਬਾਨੀ ਅਤੇ ਦੇਣ ਸੀ ਕਿ ਸਿੰਘਾਂ ਨੂੰ ਜੇਲ ਵਿਚ ਕਛਹਿਰੇ, ਕੜੇ ਪਾਉਣ ਦੀ ਆਗਿਆ ਮਿਲੀ। ਆਖਰ 16 ਵਰਿਆਂ ਦੀ ਕੈਦ ਕੱਟਣ ਮਗਰੋਂ ਜਦੋਂ ਭਾਈ ਸਾਹਿਬ ਰਿਹਾਅ ਹੋ ਕੇ ਆਏ ਤਾਂ 1932 ਤੋਂ 1961 ਤੱਕ ਦਾ ਸਮਾਂ ਉਹਨਾਂ ਖਾਲਸਾ ਪੰਥ ਨੂੰ ਸਮਰਪਿਤ, ਅਰਪਿਤ ਕਰ ਦਿੱਤਾ, ਜਿਸ ਦੌਰਾਨ 40 ਦੇ ਕਰੀਬ ਖੋਜ ਭਰਪੂਰ ਕਿਤਾਬਾਂ ਰੱਚ ਕੇ ਸਿੱਖ ਪੰਥ ਦੀ ਝੋਲੀ ਪਾਈਆਂ। ਪੰਥਕ ਜਜਬੇ ਨਾਲ ਭਰਪੂਰ ਭਾਈ ਸਾਹਿਬ ਹਰ ਵੇਲੇ ਅਖੰਡ ਕੀਰਤਨ ਸਮਾਗਮਾਂ ਵਿਚ ਮਸਤ ਰਹਿੰਦੇ ਅਤੇ ਪੰਥ ਨੂੰ ਆਪਣੀਆਂ ਰਚਨਾਵਾਂ ਜਰੀਏ ਸੇਧ ਦਿੰਦੇ ਰਹੇ। ਭਾਈ ਸਾਹਿਬ ਦਾ ਸਮੁੱਚਾ ਜੀਵਨ ਆਪਣੇ ਆਪ ਵਿਚ ਇਕ ਇਤਿਹਾਸ ਹੈ, ਜਿਥੇ ਅਜੋਕੀ ਪੀੜੀ ਨੂੰ ਅੰਗਰੇਜੀ ਹਕੂਮਤ ਦੇ ਵਿਰੋਧ ਵਜੋਂ ਉਹਨਾਂ ਦੇ ਚਲਾਏ ਇਤਿਹਾਸਕ ਸੰਘਰਸ਼ ਦਾ ਜਾਇਜਾ ਮਿਲਦਾ ਹੈ, ਉਥੇ ਕਿਵੇਂ –

***ਪੰਥ ਵਸੇ ਮੈਂ ਉਜੜਾਂ***
***ਮੇਰੇ ਮਨ ਚੀਤ ਘਨੇਰਾ***

ਦੇ ਬਚਨਾਂ ਤੇ ਪਹਿਰਾ ਦੇਣਾ ਹੈ ਉਹ ਵੀ ਦਰਸਾ ਗਏ। 16 ਅਪ੍ਰੈਲ, 1961 ਨੂੰ 83 ਵਰਿਆਂ ਦੇ ਸੇਧ ਭਰਪੂਰ ਜੀਵਨ ਇਤਿਹਾਸ ਰਚ ਕੇ ਭਾਈ ਸਾਹਿਬ ਪੰਥ ਵਿਚ ਸਦਾ ਸੋਨ ਚਿੜੀ ਵਜੋਂ ਵਿਲੀਨ ਹੋ ਗਏ ਅਤੇ ਪੰਥਕ ਕਾਰਜਾਂ ਨੂੰ ਆਪਣੇ ਰਚੇ ਅਨਮੋਲ ਖਜਾਨੇ ਨਾਲ ਦੂਣਾ-ਚੌਣਾ ਕਰ ਗਏ, ਜਿਸ ਨੂੰ ਖਾਲਸਾ ਪੰਥ ਸਦਾ ਸਾਂਭੀ ਰਖੇਗਾ।

---

***(ਪੰਨਾ 42 ਦੀ ਬਾਕੀ)***

ਦਿੱਤੇ ਗਏ। ਸਿੱਖ ਸੰਗਤਾਂ ਨੇ ਆਪ ਜੀ ਲਈ ਚੜ੍ਹਦੀ ਕਲਾ ਤੇ ਰਿਹਾਈ ਲਈ ਬਹੁਤ ਹੀ ਗੁਰੂ ਜੀ ਅੱਗੇ ਅਰਦਾਸੇ ਕੀਤੇ ਗਏ।

ਅਰਦਾਸੇ ਪਰਵਾਣ ਹੋਏ, ਆਪ ਜੀ ਨੂੰ ਅੰਗ੍ਰੇਜ ਸਰਕਾਰ ਨੇ ਜੇਲ੍ਹ ਤੋਂ ਰਿਹਾਈ ਕਰ ਦਿੱਤੀ। ਆਪ ਜੀ ਨੇ ਫਿਰ ਕੀਰਤਨ ਮੰਡਲ ਚਾਲੂ ਕਰ ਦਿੱਤੇ। 1931 ਤੋਂ 1961 ਤਕ ਦਾ ਸਮਾਂ, ਅਖੰਡ ਪਾਠਾਂ, ਅਖੰਡ ਕੀਰਤਨ ਸਮਾਗਮਾਂ ਵਿੱਚ ਬਿਤਾਇਆ। ਵੱਖ-ਵੱਖ ਸ਼ਹਿਰਾਂ, ਨਗਰਾਂ, ਪ੍ਰਾਤਾਂ ਵਿੱਚ ਅਖੰਡ ਕੀਰਤਨ ਸਮਾਗਮ ਕਰਦੇ ਹੋਏ, ਆਪ 83 ਸਾਲਾ ਦੀ ਆਯੂ ਸਫਲ ਕਰਕੇ 16 ਅਪ੍ਰੈਲ 1961 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਭਾਈ ਸਾਹਿਬ ਜੀ ਨੇ ਆਪਣਾ ਸਮੁੱਚਾ ਜੀਵਨ ਸਰਬ ਲੋਹ ਦੀ ਧਾਰਨਾ ਤੇ ਕੇਸਾਂ-ਸਵਾਸਾਂ ਸੰਗ ਨਿਭਾਇਆ। "ਕਲਜੁਗ ਮਹਿ ਕੀਰਤਨੁ ਪਰਧਾਨਾ। ਗੁਰਮੁਖਿ ਜਪੀਐ ਲਾਇ ਧਿਆਨਾ॥" ਦਾ ਆਪ ਨੂੰ ਅੰਤਰ-ਆਤਮੇ ਅਨੁਭਵ ਹੋਇਆ ਤਾਂ ਆਪ ਨੇ 'ਸ਼ਬਦ' ਨਾਲ ਸੁਰਤਿ ਜੋੜ ਕੇ ਗੁਰਬਾਣੀ ਦਾ ਨਿਰਬਾਣ ਕੀਰਤਨ ਕਰਨਾ ਆਰੰਭਿਆ। ਸਮਾਂ ਪਾ ਕੇ ਕੀਰਤਨ ਆਪ ਜੀ ਦਾ ਜੀਵਨ ਆਧਾਰ ਬਣ ਗਿਆ ਤੇ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂ ਮੰਡਲ ਦਾ ਰਸ ਮਾਨਣ ਲਗੇ। ਆਪ ਜੀ ਦੇ ਨਿਕਟਵਰਤੀਆਂ ਉੱਤੇ ਵੀ ਸੰਗਤ ਦਾ ਪ੍ਰਭਾਵ ਪਿਆ। ਨਿਰਬਾਣ ਕੀਰਤਨ ਜੱਥੇ ਵਿੱਚ ਕੇਵਲ ਅੰਮ੍ਰਿਤਧਾਰੀ ਤਿਆਰ-ਬਰ ਤਿਆਰ ਸਿੰਘ ਹੀ ਸ਼ਾਮਲ ਨਹੀਂ, ਸਗੋਂ ਸਿੰਘਣੀਆਂ ਵੀ ਬਰਾਬਰ ਦੀਆਂ ਭਾਈਵਾਲ ਹਨ, ਇਹ ਸਿੰਘ ਸਿੰਘਣੀਆਂ ਦੋਹਰੇ ਦਸਤਾਰੇ ਸਜਾਈ ਤੇ ਖਾਲਸਈ ਬਾਣੇ ਵਿੱਚ ਜਦੋਂ ਕੀਰਤਨ ਕਰਦੇ ਹਨ ਤਾਂ ਸਰੋਤਿਆਂ ਉੱਤੇ ਆਨੰਦਮਈ ਪ੍ਰਭਾਵ ਪੈਂਦਾ ਹੈ।

ਅਖੰਡ ਕੀਰਤਨੀ ਜੱਥੇ ਵਿੱਚ ਹਰ ਵਰਗ ਦੇ ਸਿੱਖ ਸ਼ਾਮਲ ਹਨ। ਪ੍ਰੋਫੈਸਰ, ਡਾਕਟਰ, ਇੰਜੀਨੀਅਰ, ਸਿਵਲ ਤੇ ਮਿਲਟਰੀ ਅਫਸਰ, ਵਾਪਾਰੀ ਤੇ ਪਿੰਡਾਂ ਦੇ ਕਿਸਾਨ, ਆਦਿ ਸਭ ਸ਼ਾਮਲ ਹੁੰਦੇ ਹਨ। ਅਖੰਡ ਕੀਰਤਨੀ ਜੱਥੇ ਦੇ ਮੈਂਬਰਾਂ ਦੀ ਪਛਾਣ ਹੈ, ਸਿੰਘਾਂ ਦਾ ਪ੍ਰਕਾਸ ਹੋਇਆ ਦਾਹੜਾ, ਦੋਹਰਾ ਦਸਤਾਰ ਤੇ ਸਿੰਘਣੀਆਂ ਦੇ ਸਿਰਾਂ ਦੇ ਕੇਸਕੀਆਂ, ਗਾਤਰੇ ਕਿਰਪਾਨਾਂ ਤੇ ਸਮੁੱਚਾ ਪਹਿਰਾਵਾ ਗੁਰਮੁੱਖੀ। ਇਹ ਸਿੰਘ ਗੁਰਬਾਣੀ ਦਾ ਕੀਰਤਨ ਕਮਾਈ ਲਈ ਨਹੀਂ ਕਰਦੇ ਸਗੋਂ ਮਾਨਸਿਕ ਚੜ੍ਹਦੀ ਕਲਾ ਤੇ ਸ਼ਾਂਤੀ ਲਈ ਕਰਦੇ ਹਨ। ਗੁਰੂ ਜੀ ਕ੍ਰਿਪਾ ਕਰਨ ਇਹ ਜੱਥਾ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ, ਏਕੇ ਵਿੱਚ ਰਹੇ।

ਭੁੱਲ-ਚੁੱਕ ਮਾਫ ਕਰਨਾ ਜੀ।

# ਸੰਤ ਸਰੂਪ ਭਾਈ ਰਣਧੀਰ ਸਿੰਘ ਜੀ

(1923 ਵਿਚ ਛਪੀ ਪੁਸਤਕ 'ਅਕਾਲੀ ਦਰਸ਼ਨ' ਵਿਚੋਂ)

*[ਗਿਆਨੀ ਗੁਰਦਿੱਤ ਸਿੰਘ ਜੀ, ਚੰਡੀਗੜ੍ਹ]*

**ਖ਼ਾਨਦਾਨ ਤੇ ਵਿੱਦਿਆ** – ਸਿੱਖਾਂ ਵਿਚ ਤਾਂ ਸ਼ਾਇਦ ਹੀ ਕੋਈ ਐਸਾ ਆਦਮੀ ਲੱਭੇ ਜਿਹੜਾ ਚਾਰ ਹਰਫ਼ ਜਾਣਦਾ ਹੋਵੇ ਤੇ ਗੁਰਮੁਖ ਪਿਆਰੇ ਭਾਈ ਰਣਧੀਰ ਸਿੰਘ ਦੇ ਨਾਮ ਤੋਂ ਜਾਣੂੰ ਨਾ ਹੋਵੇ। ਆਪ ਸਿੱਖਾਂ ਵਿਚੋਂ ਚੋਣਵੇਂ ਰਤਨ ਹਨ, ਜਿਨ੍ਹਾਂ ਆਪਣਾ ਤਨ, ਮਨ ਤੇ ਧਨ ਸਭ ਪਿਆਰੀ ਕੌਮ ਉਪਰੋਂ ਨਿਛਾਵਰ ਕਰ ਦਿੱਤਾ ਹੋਇਆ ਹੈ।

ਭਾਈ ਸਾਹਿਬ ਦਾ ਜਨਮ ਅਸਥਾਨ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਹੈ, ਆਪ ਦੇ ਪਿਤਾ ਇਕ ਉੱਘੇ ਸਰਕਾਰੀ ਅਹੁਦੇ ਉੱਪਰ ਨੀਯਤ ਸਨ ਅਥਵਾ ਸੈਸ਼ਨ ਜੱਜ ਦੀ ਕੁਰਸੀ ਨੂੰ ਸੁਸ਼ੋਭਿਤ ਕਰਦੇ ਸਨ, ਆਪ ਨੂੰ ਬਾਲਪਨ ਵਿਚ ਹੀ ਵਿਦਿਆ ਅਭਿਆਸ ਦਾ ਬੜਾ ਚਾਅ ਸੀ। ਚੁਨਾਂਚਿ ਆਪ ਨੇ ਕਾਲਜ ਵਿਚ ਬੀ.ਏ. ਤਕ ਵਿਦਿਆ ਪ੍ਰਾਪਤ ਕੀਤੀ।

**ਖ਼ਾਲਸਾ ਕਾਲਜ ਵਿਚ** – ਆਪ ਨੂੰ ਪੰਥ ਸੇਵਾ ਦਾ ਵੀ ਬੜਾ ਸ਼ੌਕ ਸੀ, ਆਪ ਸ਼ਬਦ ਕੀਰਤਨ ਦੇ ਗੂੜ੍ਹੇ ਰਸੀਏ ਤੇ ਪੰਥ ਸੇਵਾ ਦੇ ਬੜੇ ਚਾਹਵਾਨ ਸਨ, ਏਸੇ ਲਈ ਆਪ ਕੁਝ ਚਿਰ ਤਕ ਖ਼ਾਲਸਾ ਕਾਲਜ ਬੋਰਡਿੰਗ ਹਾਊਸ ਵਿਚ ਬਤੌਰ ਸੁਪ੍ਰਿੰਟੈਂਡੈਂਟ ਦਾ ਕੰਮ ਕਰਦੇ ਰਹੇ।

**ਤਹਿਸੀਲਦਾਰੀ** – ਕਿਉਂਕਿ ਆਪ ਦੇ ਪਿਤਾ ਦਾ ਸਰਕਾਰੇ ਦਰਬਾਰੇ ਬੜਾ ਰਸੂਖ ਸੀ, ਇਸ ਲਈ ਉਨ੍ਹਾਂ ਆਪ ਲਈ ਅਫ਼ਸਰਾਂ ਪਾਸੋਂ ਤਹਿਸੀਲਦਾਰੀ ਦੀ ਪਦਵੀ ਪ੍ਰਾਪਤ ਕਰ ਲਈ। ਪਿਤਾ ਜੀ ਦਾ ਹੁਕਮ ਮੰਨ ਕੇ ਆਪ ਨੇ ਇਹ ਪਦਵੀ ਪ੍ਰਵਾਨ ਕਰ ਲਿੱਤੀ, ਪਰ ਆਪ ਦਾ ਚਿੱਤ ਅਸਲ ਵਿਚ ਧਾਰਮਿਕ ਭਾਵਾਂ ਨਾਲ ਭਰਪੂਰ ਸੀ, ਇਸ ਲਈ ਤਹਿਸੀਲਦਾਰੀ ਦੇ ਧੰਧੇ ਵਿਚ ਖਚਿਤ ਨਾ ਹੋਏ ਤੇ ਥੋੜ੍ਹੇ ਹੀ ਸਮੇਂ ਵਿਚ ਆਪ ਦਾ ਚਿੱਤ ਉਦਾਸ ਹੋ ਗਿਆ ਤੇ ਆਪ ਨੇ ਤਹਿਸੀਲਦਾਰੀ ਦੀ ਪਦਵੀ ਨੂੰ ਸਲਾਮ ਕੀਤਾ।

**ਪ੍ਰਚਾਰ ਦਾ ਕੰਮ** – ਤਹਿਸੀਲਦਾਰੀ ਦੇ ਮਗਰੋਂ ਆਪ ਨੇ ਸਿੱਖ ਧਰਮ ਦੇ ਪ੍ਰਚਾਰ ਨੂੰ ਆਪਣਾ ਮੁੱਖ ਮੰਤਵ ਬਣਾ ਲਿੱਤਾ ਤੇ ਸਾਰੇ ਮਾਲਵੇ ਦੇਸ਼ ਵਿਚ ਫਿਰ ਕੇ ਸਿੱਖੀ ਦਾ ਰਜ ਕੇ ਪ੍ਰਚਾਰ ਕੀਤਾ। ਆਪ ਪੰਚ ਖ਼ਾਲਸਾ ਦੀਵਾਨ ਦੇ ਮੋਢੀਆਂ ਵਿਚੋਂ ਹਨ।

**ਸਰਕਾਰ ਦੀ ਕਰੋਪੀ** – ਜਦ ਸਰਕਾਰ ਨੇ ਰਕਾਬਗੰਜ ਦੀ ਕੰਧ ਢਾਹੁਣ ਦਾ ਫ਼ੈਸਲਾ ਕੀਤਾ ਤਦ ਆਪ ਨੇ ਇਸ ਦੇ ਉਲਟ ਬੜਾ ਜ਼ਬਰਦਸਤ ਪ੍ਰਚਾਰ ਕੀਤਾ, ਇਸ ਲਈ ਆਪ ਪੁਲੀਸ ਦੀਆਂ ਅੱਖਾਂ ਵਿਚ ਕੰਡੇ ਵਾਂਗ ਚੁਭਣ ਲੱਗ ਗਏ, ਉਸ ਮਾਮਲੇ ਵਿਚ ਤਾਂ ਪੁਲਸ ਦੀ ਪੇਸ਼ ਨਾ ਗਈ, ਪਰ ਆਪ ਨੂੰ ਆਪਣਾ ਭਿਆਨਕ ਵੈਰੀ ਸਮਝ ਕੇ ਮੌਕੇ ਦੀ ਉਡੀਕ ਕਰਨ ਲੱਗੇ।

**ਬਗ਼ਾਵਤ ਦਾ ਮੁਕੱਦਮਾ** – ਏਨੇ ਚਿਰ ਨੂੰ ਲਾਹੌਰ ਦੀ ਬਗ਼ਾਵਤ ਦਾ ਕੇਸ ਸ਼ੁਰੂ ਹੋ ਗਿਆ, ਪੁਲੀਸ ਨੇ ਆਪ ਦਾ ਨਾਮ ਵੀ ਬਾਗ਼ੀਆਂ ਵਿਚ ਹੀ ਧਰ ਦਬੱਲਿਆ ਤੇ ਆਪ ਨੂੰ ਫੜ ਕੇ ਕਾਲ ਕੋਠੜੀ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿਚ ਜੋ ਬੀਤੀ ਉਹ ਹੇਠਾਂ ਦਰਜ ਕਰਦੇ ਹਾਂ।

**ਲੁਧਿਆਣਾ ਜੇਲ੍ਹ ਵਿਚ** – ਜੁਲਾਈ ਦੇ ਮਹੀਨੇ ਵਿਚ ਜਦੋਂ ਕਿ ਗਰਮੀਆਂ ਭਰ ਜੋਬਨ 'ਤੇ ਹੁੰਦੀਆਂ ਹਨ, ਭਾਈ ਜੀ ਇਕ ਨਿੱਕੀ ਜਿਹੀ ਤੰਗ ਕੋਠੜੀ ਵਿਚ ਬੰਦ ਹਨ, ਕੋਠੜੀ ਦੀ ਲੰਬਾਈ ਚੁੜਾਈ ਦੋ ਦੋ ਕਰਮ ਹੈ, ਏਨੀ ਕੁ ਥਾਂ ਹੀ ਅਗਲੇ ਪਾਸੇ ਹੈ, ਰੌਸ਼ਨੀ ਤੇ ਹਵਾ ਬਿਲਕੁਲ ਨਹੀਂ ਆ ਸਕਦੀ, ਪਰੰਤੂ ਭਾਈ ਸਾਹਿਬ ਵਾਹਿਗੁਰੂ ਦੇ ਭਜਨ ਵਿਚ ਲਿਵ ਲਾਈ ਬੈਠੇ ਹਨ। ਗੁਰਬਾਣੀ ਦਾ ਗਾਇਨ ਬੜੀ ਮਿੱਠੀ ਸੁਰ ਨਾਲ ਕਰ ਰਹੇ ਸਨ ਕਿ ਲਾਲਾ ਸ੍ਰੀ ਰਾਮ ਸਿਵਲ ਸਰਜਨ ਮੈਡੀਕਲ ਅਫ਼ਸਰ ਤੇ ਸੁਪ੍ਰਿੰਟੈਂਡੈਂਟ ਜੇਲ੍ਹ ਰਾਤ ਦੀ ਗਸ਼ਤ ਲਈ ਜੇਲ੍ਹ ਵਿਚ ਗਏ ਅਤੇ ਭਾਈ ਜੀ ਦੇ ਬੂਹੇ ਅੱਗੇ ਜਾ ਖਲੋਤੇ। ਭਾਈ ਜੀ ਆਤਮਕ ਅਨੰਦ ਵਿਚ ਐਨੇ

ਲਿਵਲੀਨ ਸਨ ਕਿ ਉਨ੍ਹਾਂ ਨੂੰ ਦੁਨੀਆਂ ਦੀ ਕੋਈ ਸੁਰਤ ਤਕ ਨਹੀਂ ਸੀ।

ਭਾਈ ਸਾਹਿਬ ਜੀ ਦੇ ਤੇਜ ਦਾ ਉਨ੍ਹਾਂ ਉੱਪਰ ਐਸਾ ਅਸਰ ਪਿਆ ਕਿ ਸੁਪ੍ਰਿੰਟੈਂਡੈਂਟ ਜੇਲ੍ਹ ਨੇ ਦੂਜੇ ਦਿਨ ਹੀ ਭਾਈ ਜੀ ਨੂੰ ਘਰੋਂ ਪ੍ਰਸ਼ਾਦ ਮੰਗਾ ਕੇ ਛਕਣ ਦੀ ਆਗਿਆ ਦੇ ਦਿੱਤੀ। ਇਸ ਪ੍ਰਕਾਰ ਭਾਈ ਸਾਹਿਬ ਜੀ ਨੂੰ ਪੰਦਰਾਂ ਦਿਨ ਮਗਰੋਂ ਘਰ ਤੋਂ ਪ੍ਰਸ਼ਾਦਾ ਆਇਆ, ਆਪ ਲੁਧਿਆਣੇ ਜੇਲ੍ਹ ਵਿਚ ਚਾਰ ਕੁ ਮਹੀਨੇ ਰਹੇ ਤੇ ਅੱਠੀਂ ਪਹਿਰੀਂ ਪ੍ਰਸ਼ਾਦ ਛਕਦੇ ਰਹੇ। ਜੁਲਾਈ ਦੇ ਵਿਚਕਾਰ ਇਕ ਦਿਨ ਡਿਪਟੀ ਕਮਿਸ਼ਨਰ ਰਾਜਸੀ ਕੈਦੀ ਦੇਖਣ ਲਈ ਜੇਲ੍ਹ ਵਿਚ ਗਿਆ ਤਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਤੇਜਵਾਨ ਅੱਖਾਂ ਦੇਖ ਕੇ ਅਫ਼ਸਰਾਂ ਪਾਸੋਂ ਪੁੱਛਣ ਲੱਗਾ ਕਿ ਭਾਈ ਰਣਧੀਰ ਸਿੰਘ ਦੇ ਨੇਤਰ ਕਿਸ ਪ੍ਰਕਾਰ ਦੇ ਹਨ? ਦਾਰੋਗੇ ਨੇ ਉੱਤਰ ਦਿੱਤਾ ਕਿ ਇਸ ਦੀਆਂ ਅੱਖਾਂ ਕੁਦਰਤੀ ਏਸੇ ਪ੍ਰਕਾਰ ਦੀਆਂ ਹਨ। ਇਹ ਹਰ ਵੇਲੇ ਭਜਨ ਬੰਦਗੀ ਵਿਚ ਲੱਗਾ ਰਹਿੰਦਾ ਹੈ, ਇਸ ਲਈ ਇਸ ਦੀਆਂ ਅੱਖਾਂ ਸਦਾ ਹੀ ਤੇਜਵਾਨ ਰਹਿੰਦੀਆਂ ਹਨ। ਇਹ ਦੇਖ ਕੇ ਡਿਪਟੀ ਕਮਿਸ਼ਨਰ ਚਲਾ ਗਿਆ।

**ਲਾਹੌਰ ਆਉਣਾ** – 27 ਅਕਤੂਬਰ 1912 ਦੀ ਸਵੇਰ ਨੂੰ ਲੁਧਿਆਣੇ ਜੇਲ੍ਹ ਵਿਚੋਂ ਸਭ ਕੈਦੀਆਂ ਨੂੰ ਕਲਕੱਤਾ ਮੇਲ ਵਿਚ ਬਿਠਾ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਪੁਚਾਇਆ ਗਿਆ। 28 ਅਕਤੂਬਰ ਨੂੰ ਮਿਸਟਰ ਸਕਾਟ ਤੇ ਵਾਰਡਰ ਨੇ ਇਸਤਗਾਸੇ ਦੇ ਗਵਾਹਾਂ ਪਾਸੋਂ ਸਾਰੇ ਮੁਲਜ਼ਮਾਂ ਦੀ ਸ਼ਨਾਖ਼ਤ ਕਰਵਾਈ ਅਤੇ 29 ਅਕਤੂਬਰ ਦਿਨ ਨੂੰ ਸਾਜ਼ਸ਼ ਦਾ ਮੁਕੱਦਮਾ ਲਾਹੌਰ ਸੈਂਟਰਲ ਜੇਲ੍ਹ ਵਿਚ ਇਕ ਖ਼ਾਸ ਅਦਾਲਤ ਜੋ ਮਿਸਟਰ ਏ.ਏ. ਵਿਰਵਿੰਗ, ਟੀ.ਪੀ. ਐਲਿਸ ਤੇ ਰਾਇ ਬਹਾਦਰ ਪੰਡਤ ਸ਼ਿਵ ਨਰਾਇਣ ਸਪੈਸ਼ਲ ਕਮਿਸ਼ਨਰਾਂ ਦੀ ਬਣਾਈ ਗਈ ਸੀ – ਵਿਚ ਪੇਸ਼ ਹੋਇਆ।

ਭਾਈ ਸਾਹਿਬ ਜੀ ਦੇ ਸੰਬੰਧੀਆਂ ਨੇ ਮਿਸਟਰ ਵਾਰਡ ਨੂੰ ਦਰਖ਼ਾਸਤ ਦਿੱਤੀ ਕਿ ਰੋਟੀ ਘਰੋਂ ਭੇਜਣ ਦੀ ਆਗਿਆ ਦਿੱਤੀ ਜਾਵੇ, ਜੋ ਨਾ-ਮਨਜ਼ੂਰ ਹੋਈ। ਹਾਲਾਂਕਿ ਆਮ ਕਾਇਦਾ ਹੈ ਕਿ ਮੁਕੱਦਮੇ ਦੇ ਵਿਚਕਾਰ ਮੁਲਜ਼ਮ ਆਪਣੀ ਘਰ ਦੀ ਰੋਟੀ ਖਾ ਸਕਦਾ ਹੈ। ਜਦ ਅਦਾਲਤ ਦਾ ਧਿਆਨ ਦਿਵਾਇਆ ਗਿਆ ਤਾਂ ਉਸ ਨੇ ਵੀ ਆਪਣੀ ਬੇਬਸੀ ਦੱਸ ਕੇ ਖ਼ਲਾਸੀ ਪਾਈ। ਲਾਟ ਸਾਹਿਬ ਸਰ ਮਾਈਕਲ ਉਡਵਾਇਰ ਜਿਸਦੀਆਂ ਨੀਤੀਆਂ ਪੰਜਾਬ ਸੂਬਾ ਸਾਰੀ ਉਮਰ ਨਹੀਂ ਭੁਲੇਗਾ – ਨੇ ਕੇਵਲ ਫਲ ਖਾਣ ਦੀ ਆਗਿਆ ਦਿੱਤੀ। ਮੁਕੱਦਮਾ ਕਈ ਸਾਲ ਚਲਦਾ ਰਿਹਾ। ਇਸ ਸਮੇਂ ਜੇਲ੍ਹ ਅੰਦਰ ਭਾਈ ਜੀ ਦੇ ਪਵਿੱਤਰ ਜੀਵਨ ਦਾ ਸੋਹਣਾ ਅਸਰ ਪਿਆ ਤੇ ਸਿੰਘ ਸਾਰੀ ਸਾਰੀ ਰਾਤ ਗੁਰਬਾਣੀ ਦਾ ਪਾਠ ਕਰ ਕੇ ਬਿਤਾਂਦੇ ਰਹੇ।

30 ਮਾਰਚ 1916 ਨੂੰ ਅਦਾਲਤ ਨੇ ਆਪਣਾ ਕਾਲਾ ਫ਼ੈਸਲਾ ਸੁਣਾਉਣ ਲਈ ਮੁਲਜ਼ਮਾਂ ਨੂੰ ਮੰਗਵਾ ਭੇਜਿਆ। ਦੋ ਵਜੇ ਦਾ ਵੇਲਾ ਸੀ ਤੇ ਉਸ ਵੇਲੇ ਦੇਖਣ ਵਾਲਿਆਂ ਆਪਣੀਆਂ ਅੱਖਾਂ ਨਾਲ ਡਿੱਠਾ ਕਿ ਧੁੱਪ ਦਾ ਰੰਗ ਵੀ ਪੀਲਾ ਪੈ ਗਿਆ, ਅਸਮਾਨ ਉੱਪਰ ਬੱਦਲ ਇਕੱਠੇ ਹੋ ਕੇ ਸੂਰਜ ਦਾ ਉੱਜਲ ਮੁਖ ਲੁਕਾਉਣ ਦਾ ਯਤਨ ਕਰ ਰਹੇ ਸਨ, ਹਾਲਾਂਕਿ ਦਸ ਮਿੰਟ ਪਹਿਲੋਂ ਅਕਾਸ਼ ਬਿਲਕੁਲ ਸਾਫ਼ ਤੇ ਨਿੱਤਰਿਆ ਹੋਇਆ ਸੀ, ਇਹ ਚਿੰਨ੍ਹ ਬੇਇਨਸਾਫ਼ੀ ਤੇ ਸਖ਼ਤੀ ਦੇ ਸਾਥੀ ਸਨ।

ਇਕ ਇਕ ਦਰਜਨ ਮੁਲਜ਼ਮ ਪੁਲੀਸ ਦੇ ਪਹਿਰੇ ਵਿਚ ਆਵਦੇ ਤੇ ਹੇਠ ਲਿਖਿਆ ਹੁਕਮ ਉਨ੍ਹਾਂ ਨੂੰ ਸੁਣਾਇਆ ਜਾਂਦਾ –

"ਤੁਹਾਡੇ ਉੱਪਰ ਬਗ਼ਾਵਤ ਕਰਨ ਦਾ ਜੁਰਮ ਸਾਬਤ ਹੋ ਗਿਆ ਹੈ, ਇਸ ਲਈ ਤੁਹਾਨੂੰ ਫਾਂਸੀ ਅਥਵਾ ਕਾਲੇ ਪਾਣੀ ਦੀ ਸਜ਼ਾ ਤੇ ਜ਼ਬਤੀ ਜਾਇਦਾਦ ਦਾ ਹੁਕਮ ਮਿਲਦਾ ਹੈ।" ਇਸ ਪ੍ਰਕਾਰ 6 ਆਦਮੀਆਂ ਨੂੰ ਮੌਤ ਦੀ ਸਜ਼ਾ, 85 ਆਦਮੀਆਂ ਨੂੰ ਕਾਲੇ ਪਾਣੀ ਦੀ ਸਜ਼ਾ ਤੇ 8 ਆਦਮੀਆਂ ਨੂੰ ਚਾਰ ਸਾਲ ਤੋਂ ਘੱਟ, ਤੇ ਬਾਕੀ ਕੁਝ ਬਰੀ ਕੀਤੇ ਤੇ ਛੱਡ ਦਿੱਤੇ ਗਏ।

ਇਸ ਮੁਕੱਦਮੇ ਵਿਚ ਭਾਈ ਜੀ ਨੂੰ ਕਾਲੇ ਪਾਣੀ ਤੇ ਜ਼ਬਤੀ ਜਾਇਦਾਦ ਦਾ ਡੰਨ ਮਿਲਿਆ, ਕੈਦ ਹੋਣ ਮਗਰੋਂ ਕੋਈ ਆਦਮੀ ਘਰ ਦਾ ਪ੍ਰਸ਼ਾਦ ਨਹੀਂ ਸੀ ਛਕ ਸਕਦਾ, ਇਸ ਲਈ ਭਾਈ ਜੀ ਦੇ ਫਲ ਵੀ ਆਉਣੇ ਬੰਦ ਹੋ ਗਏ। 3 ਅਪ੍ਰੈਲ ਨੂੰ ਦੋ ਦੋ ਆਦਮੀਆਂ ਨੂੰ ਹੱਥਕੜੀ ਤੇ ਬੇੜੀ ਲਾ ਕੇ ਲਾਹੌਰ ਛਾਉਣੀ ਨੂੰ ਲੈ ਤੁਰੇ, ਫਾਂਸੀ ਤੇ ਥੋੜ੍ਹੀ ਕੈਦ ਵਾਲੇ ਤਾਂ ਲਾਹੌਰ ਵਿਚ ਹੀ ਰੱਖੇ ਗਏ, ਬਾਕੀ ਦੇ ਰਾਵਲਪਿੰਡੀ, ਅੰਬਾਲਾ, ਮਿੰਟਗੁਮਰੀ, ਦਿੱਲੀ ਤੇ ਮੁਲਤਾਨ ਆਦਿਕ ਜੇਲ੍ਹਾਂ ਨੂੰ ਭੇਜ ਦਿੱਤੇ ਗਏ।

ਭਾਈ ਜੀ ਦਾ ਚਲਾਨ ਮੁਲਤਾਨ ਜੇਲ੍ਹ ਵਿਚ ਕੀਤਾ ਗਿਆ। 4 ਅਪ੍ਰੈਲ ਨੂੰ ਸਵੇਰੇ 6 ਵਜੇ ਗੱਡੀ ਮੁਲਤਾਨ ਛਾਉਣੀ ਅਪੜੀ ਤੇ ਭਾਈ ਜੀ ਨੂੰ ਹੋਰਨਾਂ ਕੈਦੀਆਂ ਸਮੇਤ ਸੈਂਟਰਲ ਜੇਲ੍ਹ ਵਿਚ ਪੁਚਾਇਆ ਗਿਆ, ਏਥੇ ਅਪੜ ਕੇ ਫੇਰ ਉਹੋ ਝਗੜਾ ਸ਼ੁਰੂ ਹੋਇਆ, ਅਫ਼ਸਰ ਆਖਣ ਕਿ ਤੁਸੀਂ ਜੇਲ੍ਹ ਵਿਚ ਤਿਆਰ ਹੋਈ ਖ਼ੁਰਾਕ ਖਾਓ, ਤੇ ਭਾਈ ਹੋਰੀਂ ਆਖਣ ਮੈਨੂੰ ਆਪਣੇ ਹੱਥੀਂ ਪ੍ਰਸ਼ਾਦ ਬਣਾ ਕੇ ਖਾਣ ਦੀ ਆਗਿਆ ਦਿੱਤੀ ਜਾਏ। ਭਾਈ

ਸਾਹਿਬ ਨੂੰ ਪਹਿਲੋਂ ਹੀ 6 ਦਿਨ ਰੋਟੀ ਖਾਧਿਆਂ ਬੀਤ ਚੁੱਕੇ ਸਨ।

ਉਥੋਂ ਦਾ ਦਾਰੋਗਾ ਬੜਾ ਜ਼ਿੱਦੀ ਸੀ, ਉਹ ਨਾ ਤਾਂ ਆਪ ਹੀ ਉਨ੍ਹਾਂ ਨੂੰ ਰੋਟੀ ਬਣਾ ਕੇ ਖਾਣ ਦੀ ਆਗਿਆ ਦੇਵੇ ਤੇ ਨਾ ਹੀ ਸੁਪ੍ਰਿੰਟੈਂਡੈਂਟ ਨੂੰ ਐਸਾ ਕਰਨ ਦੇਵੇ। ਹਿੰਦ ਦੇ ਜੇਲ੍ਹ-ਖ਼ਾਨਿਆਂ ਵਿਚ ਦਾਰੋਗੇ ਦਾ ਜ਼ੋਰ, ਜ਼ਾਰ ਰੂਸ ਤੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਹੁੰਦਾ ਤੇ ਜੋ ਉਹ ਚਾਹੇ ਉਹੋ ਜੇਲ੍ਹ ਵਿਚ ਹੁੰਦਾ ਹੈ, ਉਸ ਦੀ ਮਰਜ਼ੀ ਦੇ ਵਿਰੁੱਧ ਕੁਝ ਨਹੀਂ ਹੋ ਸਕਦਾ। ਮੈਡੀਕਲ ਅਫ਼ਸਰ ਨੇ ਬਥੇਰਾ ਕਿਹਾ ਕਿ ਇਸ ਨੂੰ ਕੁਝ ਨ ਕੁਝ ਖਾਣ ਲਈ ਜ਼ਰੂਰ ਮਿਲਣਾ ਚਾਹੀਦਾ ਹੈ, ਪਰ ਉਥੇ ਸੁਪ੍ਰਿੰਟੈਂਡੈਂਟ ਇਹੋ ਉੱਤਰ ਦੇ ਛੱਡੇ ਕਿ ਨਹੀਂ, ਕੋਈ ਲੋੜ ਨਹੀਂ, ਜੇ ਲੋੜ ਹੋਵੇਗੀ ਆਪੇ ਮੰਗ ਕੇ ਖਾ ਲਏਗਾ। ਮਤਲਬ ਕੀ, ਏਸੇ ਝਗੜੇ ਵਿਚ ਕਈ ਦਿਨ ਬੀਤ ਗਏ ਤੇ ਭਾਈ ਜੀ ਕੇਵਲ ਵਾਹਿਗੁਰੂ ਜਾਪ ਦੇ ਆਸਰੇ ਹੀ ਰਹਿਣ ਲੱਗੇ।

ਭਾਈ ਸਾਹਿਬ ਜੀ ਨੂੰ ਰੋਜ਼ ਕੜਾਕੇ ਉੱਪਰ ਕੜਾਕਾ ਬੀਤਦਾ ਸੀ, ਪ੍ਰੰਤੂ ਹਾਕਮ ਆਪਣੀ ਜ਼ਿੱਦ ਉਪੱਰ ਅੜੇ ਹੋਏ ਸਨ। ਪੰਜਾਬ ਦੇ ਜੇਲ੍ਹ-ਖ਼ਾਨਿਆਂ ਦੇ ਇੰਸਪੈਕਟਰ ਨੂੰ ਤਾਰਾਂ ਦਿੱਤੀਆਂ ਜਾਂਦੀਆਂ ਸਨ, ਪ੍ਰੰਤੂ ਸਿੱਟਾ ਕੋਈ ਨ ਨਿਕਲਿਆ। ਆਪਦੇ 30 ਦਿਨ ਇਸੇ ਦਸ਼ਾ ਵਿਚ ਲੰਘ ਗਏ, ਪ੍ਰੰਤੂ ਹਾਕਮਾਂ ਦੇ ਪੱਥਰ ਚਿਤ ਇਕ ਘੜੀ ਲਈ ਵੀ ਨਰਮ ਨ ਹੋਏ।

ਅੰਤ ਨੂੰ ਮੈਡੀਕਲ ਅਫ਼ਸਰ (ਡਾਕਟਰ) ਨੇ ਸੁਪ੍ਰਿੰਟੈਂਡੈਂਟ ਨੂੰ ਆਖਿਆ ਕਿ ਜੇ ਕੈਦੀ ਮਰ ਗਿਆ ਤਦ ਕੌਣ ਜ਼ੁੰਮੇਵਾਰ ਹੋਵੇਗਾ? ਓਸ (ਭਾਈ ਸਾਹਿਬ) ਨੂੰ ਚਾਲੀ ਦਿਨ ਬਿਨਾਂ ਅੰਨ ਪਾਣੀ ਬੀਤ ਗਏ ਹਨ ਅਤੇ ਅਜੇ ਤਕ ਓਸ ਦੇ ਮਾਮਲੇ ਦਾ ਫ਼ੈਸਲਾ ਨਹੀਂ ਹੋਇਆ, ਇਸ ਲਈ ਮੈਂ ਆਪਣੇ ਅਖ਼ਤਿਆਰ ਨਾਲ ਓਸ ਨੂੰ ਫ਼ਲ ਖਾਣ ਲਈ ਦਿੰਦਾ ਹਾਂ, ਕਿਉਂਕਿ ਕੈਦੀ ਦੀ ਅਰੋਗਤਾ ਦੀ ਜ਼ਿੰਮੇਵਾਰੀ ਮੇਰੇ ਸਿਰ ਉੱਪਰ ਹੈ। ਹੋਰ ਕੋਈ ਚਾਰਾ ਨ ਦੇਖ ਕੇ ਸੁਪ੍ਰਿੰਟੈਂਡੈਂਟ ਨੂੰ ਹਾਂ ਕਰਨੀ ਪਈ ਤੇ ਡਾਕਟਰ ਆਪ ਇਕ ਖ਼ਰਬੂਜ਼ਾ, ਇਕ ਸੰਤਰਾ, ਇਕ ਦੋ ਕੇਲੇ ਦੀਆਂ ਛਲੀਆਂ ਲੈ ਕੇ ਭਾਈ ਸਾਹਿਬ ਦੇ ਪਾਸ ਆਇਆ ਤੇ ਆਖਣ ਲੱਗਾ – "ਭਾਈ ਜੀ, ਇਹ ਖਾ ਲਓ।" ਭਾਈ ਜੀ ਨੇ ਕਿਹਾ – "ਇਹ ਮੈਨੂੰ ਮਨਜ਼ੂਰ ਹੈ।" ਡਾਕਟਰ ਨੇ ਫੇਰ ਆਖਿਆ – "ਆਪਦੀ ਕੈਦ ਬਹੁਤ ਲੰਮੀ ਹੈ ਤੇ ਬਿਨਾਂ ਰੋਟੀ ਦੇ ਕਿਵੇਂ ਦਿਨ ਕਟੀ ਹੋਵੇਗੀ? ਆਪ ਕੋਈ ਐਸੀ ਤਜਵੀਜ਼ ਕਰੋ ਕਿ ਦਿਨ ਕਟੀ ਵੀ ਹੋ ਜਾਵੇ ਤੇ ਤੁਹਾਡੇ ਅਸੂਲ ਵਿਚ ਵੀ ਫ਼ਰਕ ਨਾ ਪਵੇ।" ਭਾਈ ਜੀ ਨੇ ਆਖਿਆ – "ਐਥੇ ਮੈਨੂੰ ਤਾਂ ਕੋਈ ਤਜਵੀਜ਼ ਨਜ਼ਰ ਨਹੀਂ ਆਉਂਦੀ। ਹਾਂ, ਭੁੱਜੇ ਹੋਏ ਛੋਲੇ ਤੇ ਗੁੜ ਜੇ ਮਿਲ ਸਕਣ ਤਦ ਕੰਮ ਸਰ ਜਾਵੇਗਾ।" ਡਾਕਟਰ ਨੇ ਅਫ਼ਸਰਾਂ ਨਾਲ ਸਲਾਹ ਕਰ ਕੇ ਦੋ ਛਟਾਂਕ ਛੋਲੇ, ਇਕ ਛਟਾਂਕ ਗੁੜ ਰੋਜ਼ ਦਾ ਭਾਈ ਜੀ ਦੇ ਨਾਮ ਲਵਾ ਦਿੱਤਾ।

**ਭਾਈ ਜੀ ਨੂੰ ਟੋਪੀ ਦੇ ਕਾਰਨ ਦੁੱਖ** – ਹਰ ਇਕ ਜਾਣਦਾ ਹੈ ਕਿ ਸਿੱਖ ਵਾਸਤੇ ਟੋਪੀ ਪਹਿਨਣੀ ਹਰਾਮ ਹੈ ਅਤੇ ਇਹ ਗੱਲ ਸਿੱਖਾਂ ਵਿਚ ਬਹੁਤ ਬੁਰੀ ਮੰਨੀ ਗਈ ਹੈ। ਜੋ ਸਿੱਖ ਹੋ ਕੇ ਸਿਰ 'ਤੇ ਟੋਪੀ ਪਾਏ ਉਸ ਬਾਬਤ ਰਹਿਤਨਾਮੇ ਵਿਚ ਵੀ ਸਾਫ਼ ਹੁਕਮ ਹੈ – "ਸਿੱਖ ਹੋਇ ਕੇ ਟੋਪੀ ਧਰੇ। ਸਾਤ ਜਨਮ ਕੁਸ਼ਟੀ ਹੋਇ ਮਰੇ।" ਰੋਟੀ ਦਾ ਸਵਾਲ ਤਾਂ ਭਾਈ ਸਾਹਿਬ ਲਈ ਥੋੜ੍ਹਾ ਬਹੁਤ ਹੱਲ ਹੋ ਗਿਆ, ਪ੍ਰੰਤੂ ਅਫ਼ਸਰ ਜੇਲ੍ਹ ਦੇ ਨਵੇਂ ਆਉਣ ਕਰਕੇ ਟੋਪੀ ਦਾ ਝਗੜਾ ਸ਼ੁਰੂ ਹੋ ਗਿਆ, ਜਿਸ ਬਾਬਤ ਜੇਲ੍ਹ ਦੀਆਂ ਸਭ ਸਜ਼ਾਵਾਂ ਭਾਈ ਜੀ ਨੂੰ ਦਿੱਤੀਆਂ ਗਈਆਂ, ਦੋ ਵਾਰ ਬੈਂਤ ਮਾਰਨ ਦਾ ਹੁਕਮ ਦਿੱਤਾ ਗਿਆ, ਪ੍ਰੰਤੂ ਡਾਕਟਰ ਨੇ ਮਨਜ਼ੂਰੀ ਨਾ ਦਿੱਤੀ। ਚਾਰ ਮਹੀਨੇ ਤਕ ਜੇਲ੍ਹ ਵਿਚ ਆਪ ਨੂੰ ਜੋ ਜੋ ਦੁੱਖ ਝਾਗਣੇ ਪਏ ਹਨ, ਮੇਰੀ ਲੇਖਣੀ ਵਰਣਨ ਨਹੀਂ ਕਰ ਸਕਦੀ। ਅੰਤ ਚਾਰ ਮਹੀਨੇ ਮਗਰੋਂ ਜੁਲਾਈ 1917 ਨੂੰ ਆਪਦੀ ਬਦਲੀ ਹਜ਼ਾਰੀ ਬਾਗ਼ ਵਿਚ ਕਰ ਦਿੱਤੀ ਗਈ।

**ਹਜ਼ਾਰੀ ਬਾਗ਼ ਦੇ ਦੁਖੜੇ** – ਜੁਲਾਈ 1917 ਨੂੰ ਸਰਕਾਰ ਪੰਜਾਬ ਯਾ ਪੰਜਾਬੀ ਜੇਲ੍ਹ-ਖ਼ਾਨਿਆਂ ਦੇ ਜਨਰਲ ਇੰਸਪੈਕਟਰ ਦੇ ਹੁਕਮ ਨਾਲ ਲਾਹੌਰ ਸਾਜ਼ਿਸ਼ ਦੇ ਮੁਕੱਦਮੇ ਵਾਲੇ ਕੈਦੀ, ਜਿਨ੍ਹਾਂ ਦੀ ਸਜ਼ਾ ਸੱਤ ਸਾਲ ਤੋਂ ਉੱਪਰ ਸੀ, ਸਭ ਨੂੰ ਹਜ਼ਾਰੀ ਬਾਗ਼ ਜੇਲ੍ਹ ਵਿਚ ਭੇਜ ਦਿੱਤਾ ਗਿਆ। ਏਥੇ ਮੁੜ ਨਵੇਂ ਸਿਰੇ ਭਾਈ ਜੀ ਨੂੰ ਵਰਤ ਰੱਖਣੇ ਪਏ, ਅੰਤ ਨੂੰ ਕਈ ਦਿਨਾਂ ਦੀ ਫ਼ਾਕੇ-ਕੱਸੀ ਦੇ ਮਗਰੋਂ ਭਾਈ ਜੀ ਨੂੰ ਗਊ ਦਾ ਦੁੱਧ ਪੀਣ ਦੀ ਆਗਿਆ ਮਿਲੀ, ਕੁਝ ਚਿਰ ਮਗਰੋਂ ਮੁੜ ਹਾਕਮਾਂ ਦੀ ਰਾਇ ਬਦਲ ਗਈ ਤੇ ਭਾਈ ਜੀ ਨੂੰ ਮੁੜ ਹਾਕਮਾਂ ਵਲੋਂ ਬਹੁਤ ਕਸ਼ਟ ਦਿੱਤੇ ਗਏ, ਜਦ ਕੋਈ ਵਾਹ ਨਾ ਚਲਦੀ ਦੇਖੀ ਤਾਂ ਅੰਤ ਉਨ੍ਹਾਂ ਨੂੰ ਆਪਣੇ ਹੱਥੀਂ ਰੋਟੀ ਪਕਾ ਕੇ ਖਾਣ ਦੀ ਆਗਿਆ ਮਿਲ ਗਈ ਤੇ ਉਨ੍ਹਾਂ ਦੀ ਖ਼ੁਰਾਕ ਵੀ ਦੂਜੇ ਕੈਦੀਆਂ ਨਾਲੋਂ ਵੱਖਰੀ ਮਿਲਣ ਲੱਗੀ। ਭਾਈ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਵੱਖ ਵੱਖ ਗੁਰਮਤਿ ਵਿਸ਼ਿਆਂ ਸਬੰਧੀ ਦੋ ਦਰਜਨਾਂ ਤੋਂ ਵਧ ਪੁਸਤਕਾਂ ਲਿਖੀਆਂ ਤੇ ਇੰਝ ਸਾਹਿਤਕ ਖੇਤਰ ਵਿਚ ਵੀ ਖ਼ਾਲਸਾ ਪੰਥ ਦੀ ਸੇਵਾ ਵਿਚ ਆਪਣਾ ਯੋਗਦਾਨ ਪਾਇਆ।

# ਸੋਨੇ ਦੀ ਚਿੜੀ - ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*[ਗੁਰਪੁਰਵਾਸੀ ਭਾਈ ਜੋਧ ਸਿੰਘ ਜੀ, ਦਿੱਲੀ]*

## ਸ਼ਖ਼ਸੀਅਤ-ਆਤਮਿਕ ਅਵਸਥਾ

ਭਾਈ ਸਾਹਿਬ ਜੀ ਦੀਆਂ ਅਨੇਕ ਰਚਨਾਵਾਂ ਹਨ, ਜੋ ਨਿਰੋਲ ਗੁਰਬਾਣੀ 'ਤੇ ਆਧਾਰਤ ਹੋਣ ਕਰਕੇ ਗੁਰਮਤਿ ਸਿਧਾਂਤਾਂ ਦਾ ਸੋਮਾ ਹਨ।

ਭਾਈ ਸਾਹਿਬ ਜੀ ਨੂੰ ਨਾਮ ਅਭਿਆਸੀ ਲਗਨ ਚਾਹੇ ਸੰਸਾਰਕ ਕਾਮਨਾ ਕਰਕੇ, ਭਾਵ ਬੀ. ਏ. ਦੇ ਇਮਤਿਹਾਨ ਵਿਚੋਂ ਕਾਮਯਾਬੀ ਲਈ ਲਗੀ, ਪਰ ਨਾਮ ਬਾਣੀ ਦੀ ਕਮਾਈ ਕਰਕੇ ਇਹ ਸੁਆਰਥ ਦੀ ਕਾਮਯਾਬੀ ਪ੍ਰਮਾਰਥ ਦੀ ਸਫਲਤਾ ਬਣ ਗਈ। ਅਤੇ ਭਾਈ ਸਾਹਿਬ ਜੀ ਨੂੰ ਨਿਰੰਤਰ ਅਤੇ ਅਤੁੱਟ ਨਾਮ ਅਭਿਆਸ ਕਮਾਈ ਦੇ ਤੁਫ਼ੈਲ ਪਰਮ-ਪਦ ਪ੍ਰਾਪਤ ਹੋਇਆ। ਉਨ੍ਹਾਂ ਦੀ ਸ਼ਖ਼ਸੀਅਤ ਅਤੇ ਆਤਮਿਕ ਅਵਸਥਾ ਨੂੰ ਓਹੀਓ ਦੱਸ ਸਕਦਾ ਹੈ ਜਿਸਨੂੰ ਇਹ ਪਰਮ-ਪਦ ਪ੍ਰਾਪਤ ਹੋ ਚੁੱਕਾ ਹੋਵੇ, ਜਿਸਨੂੰ ਨਾਮ ਪ੍ਰਾਪਤ ਹੋ ਚੁੱਕਾ ਹੋਵੇ, ਅਕਾਲੀ-ਜੋਤੀ ਦੇ ਦਰਸ਼ਨ ਹੋ ਚੁੱਕੇ ਹੋਣ, ਦਸਮ-ਦੁਆਰ, ਅਤੇ ਅਨਹਦ ਸ਼ਬਦ ਦਾ ਗਿਆਨ ਹੋ ਚੁੱਕਾ ਹੋਵੇ ਅਤੇ ਅਨੇਕਾਂ ਸ੍ਵੈ-ਅਨੁਭਵੀ ਚਮਤਕਾਰ ਦੇਖ ਚੁੱਕਾ ਹੋਵੇ ਯਾਨੀ ਕਿ ਉਹੋ ਹੀ ਉਨ੍ਹਾਂ ਦੀ ਬ੍ਰਹਮ ਗਿਆਨਤਾ ਬਾਰੇ ਦਸ ਸਕਦਾ ਹੈ। ਸਿਧੇ ਸਾਦੇ ਸ਼ਬਦਾਂ ਵਿਚ ਇਉਂ ਕਹਿ ਲਓ ਕਿ ਜਿਸਨੇ ਕਦੀ ਕਲਕੱਤਾ ਵੇਖਿਆ ਨਹੀਂ ਉਹ ਆਪਣੇ-ਆਪ ਕੀ ਦਸ ਸਕਦਾ ਹੈ ਕਿ ਕਲਕੱਤਾ ਕਿੱਥੇ ਹੈ, ਕਿਸ ਤਰ੍ਹਾਂ ਦਾ ਹੈ, ਕੀ ਕੀ ਮਸ਼ਹੂਰ ਹੈ, ਪਰ ਉਹ ਸੁਣ ਸੁਣਾ ਕੇ, ਪੜ੍ਹ ਪੜ੍ਹਾ ਕੇ ਫ਼ੋਟੋ ਆਦਿ ਦੇਖ, ਨੱਕਸ਼ਾ ਦੇਖ ਕੇ ਕੁਝ ਨਾ ਕੁਝ ਦਸ ਸਕਦਾ ਹੈ, ਲਿਖ ਸਕਦਾ ਹੈ। ਅੰਤ ਇਸੇ ਤਰ੍ਹਾਂ ਦਾਸਰੇ ਨੇ ਭਾਈ ਸਾਹਿਬ ਜੀ ਦੀ ਆਤਮਿਕ ਤਸਵੀਰ ਨਹੀਂ ਦੇਖੀ, ਪਰ ਉਨ੍ਹਾਂ ਦੇ ਸਰੀਰ ਰੂਪੀ ਨਕਸ਼ੇ ਦੇ ਰੱਜ ਕੇ ਦਰਸ਼ਨ ਕੀਤੇ ਹਨ ਅਤੇ ਰੱਜ ਕੇ ਉਨ੍ਹਾਂ ਦੀਆਂ ਰਚੀਆਂ ਹੋਈਆਂ ਸਭ ਪੁਸਤਕਾਂ/ਟ੍ਰੈਕਟ ਪੜ੍ਹੇ ਹਨ ਅਤੇ ਅੱਜ ਤਾਈਂ ਪੜ੍ਹਦਾ ਹੀ ਰਹਿੰਦਾ ਹੈ। ਇਹ ਗੁਰਮਤਿ ਸਿਧਾਂਤਾਂ ਦੇ ਸੋਮੇ ਹਨ। ਕਈ ਵੀਰਾਂ ਨੇ ਦਾਸਰੇ ਨੂੰ ਸਵਾਲ ਕੀਤਾ ਕਿ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਵਿਚ ਬਾਰ ਬਾਰ ਉਹੀ ਵਰਨਣ ਬਹੁਤ ਹੈ, ਭਾਵ repetition ਬਹੁਤ ਹੈ। ਦਾਸਰੇ ਦਾ ਇਹੀ ਉੱਤਰ ਹੈ ਕਿ ਭਾਈ ਸਾਹਿਬ ਜੀ ਦੀਆਂ ਰਚਨਾਵਾਂ ਗੁਰਬਾਣੀ ਤੇ ਆਧਾਰਤ ਹਨ ਅਤੇ ਗੁਰਬਾਣੀ ਵੀ ਬਾਰੰਬਾਰ ਐਸੀ ਹੀ ਦ੍ਰਿੜ੍ਹਤਾ ਦ੍ਰਿੜਾਉਂਦੀ ਹੈ। ਸਮੱਗਰ ਗੁਰਬਾਣੀ ਨਾਮ ਤੇ ਨਾਮੀ ਦੀ ਮਹਿਮਾ ਹੀ ਦ੍ਰਿੜਾਉਂਦੀ ਹੈ। ਸੋ, ਭਾਈ ਸਾਹਿਬ ਜੀ ਨੇ ਭੀ ਸਭ ਗੁਰਬਾਣੀ ਦੀ ਹੀ ਵਿਆਖਿਆ ਕੀਤੀ ਹੋਈ ਹੈ। ਇਸ ਲਈ ਜਦੋਂ ਗੁਰਬਾਣੀ ਅੰਦਰ repetition (ਦੁਹਰਾਉ) ਹੈ ਤਾਂ ਭਾਈ ਸਾਹਿਬ ਜੀ ਦੀਆਂ ਰਚਨਾਵਾਂ ਵਿਚ ਵੀ repetition ਹੈ।

ਇਸ ਲਈ ਜੋ ਜੋ ਭੀ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਲੱਭਾ ਹੈ ਅਤੇ ਜੋ ਕੁੱਝ ਅਖੀਂ ਡਿੱਠਾ ਹੈ ਜਾਂ ਸੁਣਿਆ ਹੈ ਉਸ ਦਾ ਵਰਣਨ ਕਰਨ ਦਾ ਜਤਨ ਹੈ।

## ਸਨਮਾਨ ਪੱਤਰ

'ਸੋਨੇ ਦੀ ਚਿੜੀ'-ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਉੱਚ ਘਾਲ-ਕਮਾਈਆਂ ਤੇ ਕੁਰਬਾਨੀਆਂ ਨੂੰ ਪਰਖ-ਪਰਖਾ ਕੇ, ਇਕ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਅਤੇ ਦੂਜੀ ਵਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਤੋਂ ਪੰਥਕ ਪੱਧਰ ਤੇ ਸਨਮਾਨ ਪੱਤਰ ਪ੍ਰਾਪਤ ਹੋਏ। ਉਸ ਸਮੇਂ 'ਸੋਨੇ ਦੀ ਚਿੜੀ' ਨੂੰ ਪੰਥਕ ਪੱਧਰ ਤੇ ਸਨਮਾਨਿਆ ਜਾਣਾ, ਨਾਮ ਦਾਨ, ਚੜ੍ਹਦੀਆਂ ਕਲਾ ਅਤੇ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣ ਲਈ ਬਖਸ਼ੀਸ਼ਾਂ

ਬਖ਼ਸ਼ੀਆਂ ਜਾਣਾ ਅਤੇ, ਫੇਰ ਹਰ ਸਮੇਂ ਪਾਵਨ ਗੁਰ-ਅਸਥਾਨਾਂ ਉੱਤੇ ਹਾਜ਼ਰ ਹੋਇਆਂ ਨੂੰ ਸਨਮਾਨਤਾ ਮਿਲਣੀ ਆਪਣੀ ਮਿਸਾਲ ਆਪ ਹੀ ਹਨ। ਐਸੇ ਸਨਮਾਨ ਪੱਤਰ ਅਤੇ ਸਿਰੋਪਾਉ ਅੱਜ ਤਾਈਂ ਕੇਵਲ ਭਾਈ ਰਣਧੀਰ ਸਿੰਘ ਜੀ, ਪੰਥ ਰਤਨ, ਸੋਨੇ ਦੀ ਚਿੜੀ ਨੂੰ ਹੀ ਪ੍ਰਾਪਤ ਹੋਏ।

ਇਸ ਤੋਂ ਇਹ ਸਬੂਤ ਮਿਲਦਾ ਹੈ ਕਿ ਪੰਥ-ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸੱਚ ਮੁੱਚ ਹੀ 'ਸੋਨੇ ਦੀ ਚਿੜੀ' ਸੀ ਅਤੇ ਠੀਕ ਸਾਰੀ ਉਮਰ ਬਾਰ੍ਹਾਂ ਵੰਨੀ ਸੋਨੇ ਦੀ ਚਿੜੀ ਰਹੀ। ਕੁੱਝ ਸਮੇਂ ਲਈ ਨਹੀਂ ਪੂਰਾ ਜੀਵਨ ਹੀ ਗੁਰਮਤਿ ਅਸੂਲਾਂ ਤੇ ਪਹਿਰਾ ਦਿੱਤਾ। ਆਪ ਸੋਨੇ ਦੀ ਚਿੜੀ ਬਣ ਕੇ ਆਪਣੇ ਸੰਗੀ ਸਾਥੀਆਂ ਨੂੰ ਭੀ ਆਤਮਿਕ ਮੰਡਲਾਂ ਦੀਆਂ ਉੱਚ ਉਡਾਰੀਆਂ ਉਡਾਂਦੇ ਰਹੇ। ਬਾਰਾਂਵੰਨੀ ਤੋਂ ਭਾਵ ਇਹ ਹੈ ਕਿ ਜਿਵੇਂ ਬਾਰਾਂ ਮਾਸ਼ੇ ਸੋਨਾ ਕੁਠਾਲੀ ਵਿਚ ਪਾ ਕੇ, ਪਿਘਲਾ ਕੇ, ਫਿਰ ਉਹ ਬਾਰ੍ਹਾਂ ਮਾਸ਼ੇ ਪੂਰਾ ਤੁਲੇ, ਰੱਤੀ ਖੋਟ ਨਾ ਨਿਕਲੇ, ਇਸੇ ਤਰ੍ਹਾਂ ਭਾਈ ਸਾਹਿਬ ਜੀ ਨੂੰ ਭਰ ਜਵਾਨੀ ਦੇ ਲੰਮੇ ਸੋਲ੍ਹਾਂ ਸਾਲ ਲਈ ਗੁਲਾਮ ਭਾਰਤ ਦੀਆਂ ਭਿਆਨਕ ਜੇਲ੍ਹਾਂ ਦੇ ਅਕਹਿ ਤੇ ਅਸਹਿ ਤਸੀਹੇ ਸਜ਼ਾਵਾਂ ਦੇ-ਦੇ ਕੇ ਪਿਘਲਾਇਆ ਗਿਆ। ਇਹ ਅਕਹਿ ਤੇ ਅਸਹਿ ਸਜ਼ਾਵਾਂ ਕਿਸੇ ਹੋਰ ਦੇਸ਼-ਭਗਤ ਕੈਦੀ ਦੇ ਹਿੱਸੇ ਨਹੀਂ ਆਈਆਂ। ਕੋਈ ਮਿਸਾਲ ਹੀ ਨਹੀਂ ਮਿਲਦੀ।

ਕਈ ਵਾਰੀ ਆਪਣੇ ਆਤਮਿਕ ਬਲ ਕਰਕੇ ਹਫ਼ਤਿਆਂ, ਮਹੀਨਿਆਂ ਭਰ ਅੰਨ ਜਲ-ਬਿਹੂਨ ਰਹੇ, ਉਪਰੋਂ ਅਕਹਿ ਤੇ ਅਸਹਿ ਤਸੀਹੇ ਭੀ ਝਲਦੇ ਰਹੇ, ਪਰ ਅਸੂਲਾਂ ਤੇ ਕਾਇਮ ਰਹੇ। ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣ ਵਿਚ ਪੂਰਾ ਤੁਲਦੇ ਰਹੇ।

ਸਨਮਾਨ ਪੱਤਰਾਂ ਦੇ ਵੇਰਵੇ ਤੋਂ ਇਲਾਵਾ ਭੀ ਦਾਸਰੇ ਨੂੰ ਯਾਦ ਹੈ ਕਿ ਜਿੱਥੇ ਭੀ ਕੀਰਤਨ ਸਮਾਗਮ ਹੋਏ, ਉੱਥੋਂ ਹੀ ਭਾਈ ਸਾਹਿਬ ਜੀ ਨੂੰ ਸੰਗਤਾਂ ਨੇ ਮਹਾਨ ਉਚੀ ਆਤਮਾ ਸਮਝ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਸਨਮਾਨਿਆ, ਜਿਸਦੀ ਗਿਣਤੀ ਨਹੀਂ ਕੀਤੀ ਜਾ ਸਕਦੀ।

ਚਿੱਠੀਆਂ ਨੂੰ ਪੜ੍ਹ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਬਾਰੇ ਸਮਾਚਾਰ ਜਾਣ ਕੇ ਪਤਾ ਚਲਦਾ ਹੈ ਕਿ ਭਾਈ ਸਾਹਿਬ ਜੀ ਚੋਟੀ ਦੇ ਜ਼ਿੰਦਾ ਸ਼ਹੀਦਾਂ ਵਿਚੋਂ ਇਕ ਸਨ, ਜਿਨ੍ਹਾਂ ਆਪਣਾ-ਆਪ ਸੱਚੇ ਗੁਰੂ ਤੋਂ ਕੁਰਬਾਨ ਕਰ ਦਿੱਤਾ। ਐਸੇ ਜ਼ਿੰਦਾ ਸ਼ਹੀਦ ਪੰਥ ਵਿਚ ਵਿਰਲੇ ਹੀ ਹੋਏ ਹਨ।

ਉਨ੍ਹਾਂ ਦੀ ਸ਼ਖ਼ਸੀਅਤ ਦੀ ਮਹਾਨਤਾ, ਉਨ੍ਹਾਂ ਦੀਆਂ ਲਿਖੀਆਂ ਜੇਲ੍ਹ ਚਿੱਠੀਆਂ ਵਿਚੋਂ ਹੀ ਵੰਨਗੀ ਮਾਤਰ ਵੇਖਦੇ ਹਾਂ।

### ੧. ਮੈਡੀਕਲ ਅਫ਼ਸਰ ਦੀ ਰਾਇ- ਸੁਪਰ-ਨੈਚਰਲ ਪਾਵਰ (ਰੱਬੀ ਸ਼ਕਤੀ) ਪ੍ਰਾਪਤੀ ਦਾ ਸਬੂਤ

... ਅਤੇ ਉਸ ਦਿਨ ਦੇ ਲਿਖੇ ਹੋਏ ਤਿੰਨ ਪੱਤਰੇ ਮੇਰੇ ਟਿਕਟ ਪਰ ਹੁਣ ਤਕ ਭਰੇ ਪਏ ਹਨ, ਜਿਨ੍ਹਾਂ ਵਿਚ ਉਸ ਨੇ ਵਿਸਥਾਰ ਸਹਿਤ ਦਾਸ ਦੇ ਪ੍ਰਣ ਪ੍ਰਤੱਗਯਾ ਪ੍ਰਥਾਇ ਲਿਖਦਿਆਂ ਹੋਇਆਂ ਦਸਿਆ ਹੈ ਕਿ 'ਚਾਲੀ ਦਿਨ ਦੀ ਪੂਰੀ ਪ੍ਰੀਖਿਆ ਪਸਚਾਤ ਮੈਂ ਆਪਣੇ ਹੁਕਮ ਨਾਲ ਅੱਜ ਇਸ ਨੂੰ ਫਲ ਦਿੰਦਾ ਹਾਂ। ਹੋਰ ਭੀ ਬੜੀਆਂ ਸੋਹਣੀਆਂ ਸੋਹਣੀਆਂ ਗੱਲਾਂ ਲਿਖੀਆਂ ਹਨ, 'ਜੇਲ੍ਹ ਹਿਸਟਰੀ (ਤਾਰੀਖ਼) ਵਿਚ ਅਜਿਹੀ ਨਜ਼ੀਰ, ਜਿਸਨੇ ਕਿ ਚਾਲੀ ਦਿਨ ਬਰਾਬਰ ਲਗਾਤਾਰ ਅੰਨ ਜਲ ਨਾ ਖਾਧਾ ਪੀਤਾ ਹੋਵੇ, ਨਹੀਂ ਮਿਲਦੀ। ਨਾ ਹੀ ਕੁਦਰਤੀ ਨਿਯਮਾਂ ਅਨੁਸਾਰ ਐਸਾ ਜੀਵਨ ਕਾਇਮ ਰਹਿ ਸਕਣਾ ਸੰਭਵ ਹੈ। ਇਹ ਕੋਈ ਸੁਪਰ-ਨੈਚਰਲ ਪਾਵਰ (ਰੱਬੀ ਸ਼ਕਤੀ) ਇਸਦੇ ਅੰਦਰ ਵਰਤ ਰਹੀ ਹੈ, ਜਿਸਨੇ ਕਿ ਇਸ ਨੂੰ ਬਗ਼ੈਰ ਅੰਨ ਜਲ ਦੇ ਇਤਨਾ ਚਿਰ ਜਿੰਦਾ ਰਖਿਆ। (ਜੇਲ੍ਹ ਚਿੱਠੀਆਂ, ਪੰਨਾ ੧੧੪-੧੫)

### ੨. 'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ' ਦੀ ਅਵਸਥਾ ਦਾ ਸਬੂਤ ਇਕ ਪਾਦਰੀ ਨਾਲ ਮੁਲਾਕਾਤ

ਪਾਦਰੀ-"ਵੈਲ, ਗੁਰੂ ਕੇ ਸਿੱਖ! ਤੁਮ੍ਹਾਰਾ ਗੁਰੂ ਨਾਨਕ ਸੱਚ ਮੁੱਚ ਤੁਮ੍ਹਾਰੇ ਸਾਥ ਰਹਿਤਾ ਹੈ। ਤੁਮ੍ਹਾਰੇ ਪਾਸ ਰਹਿਤਾ ਹੈ। ਹਮਾਰਾ ਈਸਾ ਯਸੂਹ ਮਸੀਹ ਹਮਾਰੇ ਸਾਥ ਇਸ ਤਰ੍ਹਾਂ ਨਹੀਂ ਰਹਿਤਾ, ਜ਼ੈਸੇ ਤੁਮ੍ਹਾਰਾ ਗੁਰੂ ਨਾਨਕ ਤੁਮ੍ਹਾਰੇ ਸਾਥ ਰਹਿਤਾ ਹੈ। ਸੱਚ ਮੁੱਚ ਤੁਮ੍ਹਾਰਾ ਗੁਰੂ ਪਰਤੱਖ ਤੁਮ੍ਹਾਰੇ ਸੰਗ ਸਦਾ ਹੀ ਰਹਿਤਾ ਹੈ। ਜ਼ਰਾ ਫੇਰ ਪੜ੍ਹਨਾ ਉਸ ਸ਼ਬਦ ਕੋ ਜੋ ਪਹਿਲੇ ਗਾਇਆ ਥਾ। ਦਾਸ ਨੇ ਖੁਸ਼ੀਆਂ ਵਿਚ ਆ ਕੇ ਹੋਰ ਭੀ ਚੜ੍ਹਦੀ ਕਲਾ ਦੇ ਅਨੂਠੇ ਆਤਮ-ਰੰਗ ਵਿਚ ਉਸ ਗੁਰ ਸਬਦ ਦਾ ਅਲਾਪਨ ਕੀਤਾ, ਗੱਜ ਗੱਜ ਲਾਲੀਆਂ ਚੜ੍ਹ ਗਈਆਂ। ਸੁਣ ਕੇ ਪਾਦਰੀ ਸਾਹਿਬ ਕਹਿਣ ਲੱਗੇ ਕਿ ਹੁਣ ਇਸ ਸ਼ਬਦ ਦੀ ਹਕੀਕਤ ਦਾ ਪਤਾ ਲੱਗਾ। ਸੱਚ ਮੁੱਚ ਤੇਰੇ ਦਿਲ ਦੀਆਂ ਡੂੰਘਾਈਆਂ ਵਿਚ, ਤੇਰੇ ਰੋਮ ਰੋਮ ਵਿਚ,

ਤੇਰੇ ਅੰਤਰ ਆਤਮੇ ਦੇ ਤਹਿਖ਼ਾਨਿਆਂ ਵਿਚ, ਤੇਰਾ ਗੁਰੂ ਡੇਰਾ ਲਾਈ ਬੈਠਾ ਹੈ। (ਜੇਲ੍ਹ ਚਿੱਠੀਆਂ, ਪੰਨਾ ੪੨੭)

ਇਸੇ ਪਾਦਰੀ ਨੇ ਕਿਹਾ ਸੀ ਕਿ - "There still lives a Saint in India, who has realy seen God." ਇੰਡੀਆ ਮੇਂ ਅਜੇ ਭੀ ਇਕ ਸੰਤ ਰਹਿੰਦਾ ਹੈ ਜਿਸਨੇ ਸੱਚ ਮੁੱਚ ਰੱਬ ਨੂੰ ਦੇਖਿਆ ਹੈ)।

### ੩. ਦਿੱਬ ਦ੍ਰਿਸ਼ਟੀ ਦੀ ਪ੍ਰਾਪਤੀ ਦਾ ਸਬੂਤ-ਸਰੀਰ ਤੋਂ ਆਜ਼ਾਦ ਹੋਈ ਆਤਮਾ

ਭਾਈ ਸਾਹਿਬ ਜੀ ਨੇ ਆਪਣੇ ਮਾਤਾ ਜੀ ਦੇ ਚਲਾਣੇ ਸੰਬੰਧੀ ੮/੬/੧੯੨੭ ਨੂੰ ਨਾਗਪੁਰ ਜੇਲ੍ਹ ਵਿਚ ਲਿਖੀ ਪਤ੍ਰਕਾ ਆਪਣੀ ਸਪੁਤ੍ਰੀ ਬੀਬੀ ਦਲੇਰ ਕੌਰ ਦੇ ਨਾਮ ਲਿਖਿਆ ਹੈ-

''... ਪੰਜ ਭੂਤਕ ਸਰੀਰ ਵਿਚੋਂ ਆਜ਼ਾਦ ਹੋਈ ਆਤਮਾ (ਰੂਹ) ਦਿੱਬ ਦ੍ਰਿਸ਼ਟ ਹੋ ਜਾਂਦੀ ਹੈ, ਅਰਥਾਤ, ਉਨ੍ਹਾਂ ਅਖੀਆਂ ਅੱਗੇ ਪੜਦਾ ਕੋਈ ਨਹੀਂ ਰਹਿੰਦਾ। ਸਰੀਰ ਵਾਲੀਆਂ ਸਥੂਲ ਅਖੀਆਂ ਅੱਗੇ ਤਾਂ ਓਹਲਾ ਪੜਦਾ ਪੈ ਸਕਦਾ ਹੈ, ਆਤਮ ਦਿੱਬ ਦ੍ਰਿਸ਼ਟੀ ਵਾਲੀਆਂ ਅੱਖੀਆਂ ਸੈਂਕੜਿਆਂ ਹਜ਼ਾਰਾਂ ਲੱਖਾਂ ਕੋਹਾਂ ਦੀਆਂ ਵਿੱਥਾਂ ਤੋਂ ਭੀ ਸੰਸਾਰੀ ਜੀਵਾਂ ਦੇ ਅੰਦਰ ਬਾਹਰ ਦਾ ਹਾਲ ਐਉਂ ਦੇਖ ਲੈਂਦੀਆਂ ਹਨ ਜਿਵੇਂ ਜਾਣ ਉਨ੍ਹਾਂ ਤੋਂ ਕੁੱਝ ਭੀ ਗੁੱਝਾ ਨਹੀਂ ਰਹਿੰਦਾ! ਐਉਂ ਜਾਣੋ ਅਤੇ ਪ੍ਰਪੱਕ ਨਿਸ਼ਚੇ ਕਰਕੇ ਜਾਣੋ ਕਿ ਸ੍ਰੀ ਮਾਤਾ ਜੀ ਸਾਥੋਂ ਵਿਛੜੇ ਨਹੀਂ, ਸਗੋਂ ਸਾਡੇ ਨੇੜੇ ਹੂੰ ਤੇ ਨੇੜੇ ਹੋ ਕੇ ਉਨ੍ਹਾਂ ਦੀ ਆਤਮਾ ਸਾਡਾ ਸਾਰਾ ਹਾਲ ਵੇਖਦੀ ਸੁਣਦੀ ਹੈ। ਸਾਡੀਆਂ ਸਥੂਲ ਅੱਖੀਆਂ ਨੂੰ ਉਹ ਨਹੀਂ ਦੀਂਹਦੇ, ਪਰ ਉਹ ਸਾਨੂੰ ਦੇਖਦੇ ਹਨ, ਹਨੇਰੇ ਵਿਚ ਭੀ ਦੇਖਦੇ ਹਨ। ਸੁਤੰਤਰ ਆਤਮਾ ਨੂੰ ਹਨੇਰਾ ਕਿਥੇ? ਅੰਨੇਰ ਗੁਬਾਰ ਏਨ੍ਹਾਂ ਸੰਸਾਰੀ ਪਰਤੰਤਰ ਜੀਵਾਂ ਨੂੰ ਹੈ। ਨਾਮ ਅਭਿਆਸ ਦੀ ਉੱਚੀ ਕਮਾਈ ਵਾਲੇ ਪ੍ਰਾਣੀਆਂ ਨੂੰ ਸੰਸਾਰ ਵਿਚ ਰਹਿੰਦੇ ਹੋਏ ਭੀ ਦਿੱਬ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ। ਸਥੂਲ ਸਰੀਰ ਵਿਚ ਬਿਰਾਜਦੀ ਹੋਈ ਵੀ ਉਨ੍ਹਾਂ ਦੀ ਆਤਮਾ ਸੁਤੰਤਰ ਹੋ ਜਾਂਦੀ ਹੈ। ਤਿਨ੍ਹਾਂ ਨੂੰ ਪਰਲੋਕ-ਗਾਮੀ ਰੂਹਾਂ ਦਾ ਦਰਸ਼ਨ ਨਜ਼ਾਰਾ ਭੀ ਹੋ ਜਾਂਵਦਾ ਹੈ। ਇਹ ਬਰੀਕ ਡੂੰਘੀਆਂ ਪ੍ਰਮਾਰਥੀ ਗੱਲਾਂ ਹਨ। ਹਾਲੇ ਬੱਚੀਏ ਇਹ ਗੱਲਾਂ ਤੇਰੀ ਸਮਝ ਵਿਚ ਆਉਣੀਆਂ ਔਖੀਆਂ ਹਨ। ਜਦੋਂ ਤੇਰੀਆਂ ਨਾਮ ਦੀਆਂ ਕਮਾਈਆਂ ਉੱਚੀਆਂ ਹੋ ਜਾਣਗੀਆਂ ਉਦੋਂ ਬੀਬੀ ਜੀ! ਤੈਨੂੰ ਆਪੇ ਹੀ ਏਨ੍ਹਾਂ ਗੂੜ੍ਹ ਗੱਲਾਂ ਦੀ ਸੋਝੀ ਹੋ ਜਾਊ। ਹੁਣ ਬੱਸ ਏਤਨਾ ਨਿਸਚਾ ਧਾਰਨਾ ਤੇਰੇ ਵਾਸਤੇ ਗੁਣਕਾਰੀ ਹੈ ਕਿ ਜਿਵੇਂ ਗੁਰੂ ਸਾਡੇ ਅੰਗ ਸੰਗ ਹੈ, ਤਿਵੇਂ ਗੁਰਪੁਰੀ ਵਿਚ ਗਈਆਂ ਰੂਹਾਂ ਭੀ ਸਾਥੋਂ ਦੂਰ ਨਹੀਂ ਅਤੇ ਸਾਡੇ ਸਾਰੇ ਹਾਲਾਂ ਦੇ ਮਹਿਰਮ ਤੇ ਸਾਥੀ ਹਨ। ਏਵੇਂ ਤੁਸੀਂ ਸ੍ਰੀ ਮਾਤਾ ਜੀ ਦੀ ਆਤਮਾ ਨੂੰ ਜਾਨਣਾ।... ਜੇਲ੍ਹ ਚਿੱਠੀਆਂ, ਪੰਨਾ ੫੦੦

### ੪. ਸੰਤ ਰਣਧੀਰ ਸਿੰਘ ਜੀ ਸਤਜਵਾਦੀ ਸਨ

ਭਾ: ਸਾ: ਭਾਈ ਵੀਰ ਸਿੰਘ ਜੀ ਜੇਲ੍ਹ-ਚਿੱਠੀਆਂ ਪੜ੍ਹ ਕੇ ਲਿਖਦੇ ਹਨ -

ਸੰਨ ੧੯੦੦ ਦੇ ਲਗਪਗ ਤੋਂ ਆਪ ਦਾ ਨਾਮ ਪੰਥ ਵਿਚ ਕਈ ਸੰਬੰਧਾਂ ਵਿਚ ਪ੍ਰਗਟ ਹੁੰਦਾ ਆਇਆ ਹੈ, ਤਦ ਤੋਂ ਹੀ ਆਪ ਦੇ ਆਚਰਣ ਦਾ ਧੁਰਵਾ ਬੱਝਾ ਚਲਾ ਆਇਆ ਹੈ। ਉਸ ਨੂੰ ਜੋ ਬੜੇ ਹਰਫ਼ਾਂ ਵਿਚ ਕਹਿਣਾ ਹੋਵੇ ਤਾਂ ਦੋ ਅੱਖਰਾਂ ਵਿਚ ਕਿਹਾ ਜਾ ਸਕਦਾ ਹੈ 'ਸਤਜ'। ਚਾਹੇਂ ਪਤ੍ਰਾਂ ਦੇ ਲਿਖਣਹਾਰ ਸੰਤ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਨਾਲ ਕਿਸੇ ਦਾ ਹਿਤ ਹੋਵੇ ਚਾਹੇ ਅਜੋੜ, ਇਹ ਗੱਲ, ਜਿਥੋਂ ਤਕ ਮੈਂ ਕਹਿ ਸਕਦਾ ਹਾਂ, ਸਾਰੇ ਮੰਨਦੇ ਹਨ ਕਿ ਉਹ 'ਸਤਜਵਾਦੀ' ਸਨ। ਸਤਜਵਾਦੀ ਦਾ ਆਚਰਣ ਉਚਾ ਆਚਰਣ ਹੁੰਦਾ ਹੈ, ਕਿਉਂਕਿ ਸਤਜਵਾਦੀ ਦੇ ਮਨ ਵਿਚੋਂ ਆਚਰਣ ਦੇ ਨੁਕਸ, ਜੇ ਕੋਈ ਹੋਣ ਬੀ ਤਾਂ ਵਾਰੋ ਵਾਰੀ ਤਿਲ੍ਹਕਦੇ, ਖਿਸਕਦੇ, ਨਿਕਲਦੇ ਜਾਂਦੇ ਹਨ ਤੇ ਉਚਤਾ ਆਪੇ ਪ੍ਰਵੇਸ਼ ਕਰਦੀ ਜਾਂਦੀ ਹੈ। ਇਸ ਕਰਕੇ ਸੂਰੇ ਸਤਿਗੁਰੂ ਨੇ ਸਭਨਾਂ ਰੋਗੀਆਂ ਦਾ ਦਾਰੂ 'ਸੱਚ' ਲਿਖਿਆ ਹੈ। ਸਤਜ ਦੇ ਦ੍ਰਿੜ੍ਹ ਆਚਰਣ ਵਾਲਾ ਜੋ ਕੁਛ ਕਹੇਗਾ, ਉਹ ਯਕੀਨ ਯੋਗ ਹੋਵੇਗਾ, ਜੋ ਕੁਛ ਉਹ ਲਿਖੇਗਾ ਉਸ ਪਰ ਸਭ ਨੂੰ ਯਕੀਨ ਆਵੇਗਾ। ਜਿਸ ਨੂੰ ਸੁਣ ਯਾ ਪੜ੍ਹ ਕੇ ਯਕੀਨ ਆ ਜਾਵੇ ਕਿ ਸੱਚ ਹੈ ਉਹੋ ਜਗਤ ਨੂੰ ਸੁਖਦਾਤੀ ਹੁੰਦੀ ਹੈ। ਸੋ ਸਤਜ ਆਚਰਣ ਵਾਲੇ ਸਵਾਦੀ ਲੇਖਕ ਦੇ ਇਹ ਪਤ੍ਰ ਮੈਂ ਪੜ੍ਹੇ ਹਨ।

ਇਸ ਪੋਥੀ ਵਿਚ ਦਿੱਤੇ ਹਾਲਾਤ ਅਸਚਰਜਤਾ ਦਾ ਅਸਰ ਪਾਉਂਦੇ ਹਨ, ਪਰ ਵਾਹਿਗੁਰੂ ਅਸਚਰਜ ਹੈ ਤੇ ਉਸ ਦੇ ਪਾਉਣ ਦਾ ਰਸਤਾ ਸਿਫ਼ਤ ਸਲਾਹ ਦੁਆਰੇ ਪ੍ਰਾਪਤ ਹੋਣ ਵਾਲੀ ਅਸਚਰਜਤਾ ਅਰਥਾਤ ਵਿਸਮਾਦੀ ਘਾਟੀਆਂ ਰਾਹੀਂ ਜਾਂਦਾ ਹੈ। ਇਸ ਵਿਚ ਦਿਤੇ ਅਸਚਰਜ ਕਰ ਦੇਣ ਵਾਲੇ ਤਜਰਬੇ ਇਕ ਵਿਦਵਾਨ ਤੇ ਨਿਰਛਲ ਸਤਜ ਪਰ ਟਿਕੇ ਵਿਯਕਤੀ ਦੇ ਹਨ, ਇਸ ਕਰਕੇ ਇਨ੍ਹਾਂ ਨੂੰ ਭਾਵਨਾ ਤੇ ਸ਼ਰਧਾ ਨਾਲ ਪੜ੍ਹ ਕੇ ਲਾਭ ਉਠਾਉਣਾ ਚਾਹੀਏ।

# ਸਹਾਇਤਾ ਆਤਮ ਰੰਗ ਜੂਨ 2022 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਹਰਦੀਪਇੰਦਰ ਸਿੰਘ ਬਾਦਲ, ਪਿੰਡ ਬਾਦਲ, ਦੀ ਅੰਤਿਮ ਅਰਦਾਸ ਸਮੇਂ ਪਰਿਵਾਰ ਵੱਲੋਂ | 21,000.00 |
| ◆ ਬਾਪੂ ਆਤਮ ਸਿੰਘ ਜੀ ਦੀ ਯਾਦ ਵਿੱਚ, ਪਰਿਵਾਰ ਵੱਲੋਂ | 1,000.00 |
| ◆ ਭਾਈ ਗਜਿੰਦਰ ਸਿੰਘ ਜੀ, ਚੰਡੀਗੜ੍ਹ, ਕੁਮਾਰਹੱਟੀ ਸਮਾਗਮ ਤੇ | 2,000.00 |
| ◆ ਭਾਈ ਪ੍ਰਿਆਦੀਪ ਸਿੰਘ ਜੀ, ਜਲੰਧਰ, ਹੋਸ਼ਿਆਰਪੁਰ ਸਮਾਗਮ ਤੇ | 1,100.00 |
| ◆ ਬੀਬੀ ਹਰਵਿੰਦਰ ਕੌਰ ਜੀ, ਫਰੀਦਾਬਾਦ, ਕੁਮਾਰਹੱਟੀ ਸਮਾਗਮ ਤੇ | 10,000.00 |
| ◆ ਕਾਲਰਾ ਫੈਮਿਲੀ, ਚੰਡੀਗੜ੍ਹ | 3,000.00 |
| **ਕੁਲ ਜੋੜ** | **48,100.00** |

## Statement of Income & Expenditure for the Month of June 2022 of *Atam Rang*

| | |
|---|---|
| 1. M/s Jai Offset Printers | 30,000.00 |
| 2. Cost of Service Stamps | 13,100.00 |
| 3. Cost of envelops & printing | 16,000.00 |
| 4. Cost of Stickers | 3,500.00 |
| 5. Previous balance | 80,722.00 |
| **Total Expenditure** | **1,43,322.00** |
| **upto 30.06.2022** | |
| Donation | 48,100.00 |
| Membership | - |
| Sale of Books | - |
| **Total Income** | **49,200.00** |
| **Expenditure** | **1,43,322.00** |
| **Income** | **48,100.00** |
| **Difference** | **(-) 95,222.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 16 ਜੁਲਾਈ |
| ਪੂਰਨਮਾਸ਼ੀ | 13 ਜੁਲਾਈ |
| ਮੱਸਿਆ | 28 ਜੁਲਾਈ |
| ਪੰਚਮੀ | 4 ਜੁਲਾਈ |

**ਗੁਰਪੁਰਬ**

| | |
|---|---|
| ਮੀਰੀ ਪੀਰੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 9 ਜੁਲਾਈ |
| ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 22 ਜੁਲਾਈ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

## ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ

# ਸਾਲਾਨਾ ਕੇਦਰੀ ਅਖੰਡ ਕੀਰਤਨ ਸਮਾਗਮ

## ਮਿਤੀ 21-07-2022 ਤੋਂ 24-07-2022 ਤੱਕ

## ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ (ਰਜ਼ਿ) ਸ਼ਿਮਲਾ ਵਿਖੇ

ਹਰ ਸਾਲ ਦੀ ਤਰ੍ਹਾ
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿਤਰ ਯਾਦ ਵਿੱਚ
ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸ਼ਿਮਲਾ ਕਾਰਟ ਰੋਡ,
ਨੇੜੇ ਬੱਸ ਸਟੈਂਡ ਵਿਖੇ ਸਾਲਾਨਾ ਕੇਦਰੀ ਅੰਖਡ ਕੀਰਤਨ ਸਮਾਗਮ



ਮਿਤੀ 21-07-2022 ਤੋ 24-07-2022 ਦਿਨ ਵੀਰਵਾਰ ਤੋ ਲੇਕੇ ਐਤਵਾਰ ਹੇਠ ਲਿਖੇ ਪ੍ਰਗਰਾਮ ਅਨੁਸਾਰ ਹੋ ਰਹੇ ਹਨ।
ਸੰਗਤਾ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰੀਆ ਭਰਕੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ ਜਾਣ ਤੇ ਪ੍ਰਬੰਧਕਾ ਨੂੰ ਨਿਵਾਜਿਆ ਜਾਵੇ ਜੀ।
ਇਸ ਵਾਰੀ ਇਹ ਸਮਾਗਮ ਖਾਸ ਤੋਰ ਤੇ ਭਾਈ ਸਤਨਾਮ ਸਿੰਘ ਜੀ ਚਡੀਗੜ੍ਹ, ਪ੍ਰਿਸੀਪਲ ਗੁਰਮੁਖ ਸਿੰਘ ਜੀ ਪਟਿਆਲਾ,
ਕਾਕਾ ਅਗਮਜੋਤ ਸਿੰਘ ਦਿਆਲਪੁਰ ਇਹਨਾ ਸਾਰੀਆ ਦੀ ਮਿਠੀ ਯਾਦ ਵਿਚ ਇਹ ਸਮਾਗਮ ਹੋ ਰਹੇ ਹਨ ।

| | |
|---|---|
| 21 ਜੁਲਾਈ 2022<br>ਦਿਨ ਵੀਰਵਾਰ | ਕੀਰਤਨ ਸ਼ਾਮ ਨੂੰ ਸੋਦਰ ਦੀ ਚੋਕੀ ਤੋਂ ਬਾਅਦ 9:30 ਵਜੇ ਤੱਕ |
| 22 ਜੁਲਾਈ 2022<br>ਦਿਨ ਸ਼ੁਕਰਵਾਰ | ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ 5:30 ਵਜੇ ਤੋਂ ਲੈਕੇ 2.00 ਵਜੇ ਤੱਕ।<br>ਕੀਰਤਨ ਸ਼ਾਮ ਨੂੰ ਸੋਦਰ ਦੀ ਚੋਕੀ ਤੋਂ ਬਾਅਦ 9:30 ਵਜੇ ਤੱਕ ਹੋਵੇਗਾ । |
| 23 ਜੁਲਾਈ 2022<br>ਦਿਨ ਸ਼ਨੀਵਾਰ | ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ 5:30 ਤੋਂ ਲੈਕੇ 2:00 ਵਜੇ ਤੱਕ। ਸ਼ਾਮ ਨੂੰ ਸੋਦਰ ਦੀ ਚੋਕੀ ਤੋਂ ਬਾਅਦ ਰੈਣ ਸਭਾਈ ਕੀਰਤਨ ਅਰੰਭ ਹੋਣਗੇ ਜਿਨ੍ਹਾਂ ਦਾ ਭੋਗ 24.07.2022 ਸਵੇਰੇ 5:00 ਵਜੇ ਪੈਣਗੇ। |

## ਅੰਮ੍ਰਿਤ ਸੰਚਾਰ ਸਮਾਗਮ ਮਿਤੀ 23.07.2022
## ਨੂੰ ਗੁਰਦੁਆਰਾ ਸਾਹਿਬ ਵਿਖੇ ਰਾਤ 8 ਵਜੇ ਅਰੰਭ ਹੋਣਗੇ

ਨੋਟ :– ਲੰਗਰ ਤੇ ਰਿਹਾਇਸ ਦਾ ਸਾਰਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ।

ਨੋਟ : ਇਹ ਸਾਰਾ ਸਮਾਗਮ ਦਾ ਸਿੱਧੇ ਪ੍ਰਸਾਰਣ www.akj.org ਲਾਈਵ ਚੱਲੇਗਾ।

**ਸਹਿਯੋਗੀ :** ਪ੍ਰਬੰਧਕ ਕਮੇਟੀ ਗੁ.ਸ਼੍ਰੀ ਗੁਰੂ ਸਿੰਘ ਸ਼ਭਾ ਸ਼ਿਮਲਾ
ਫੋਨ :– 0177-2657336, 98160-30005

ਦਾਸਰੇ : ਅਖੰਡ ਕੀਰਤਨੀ ਜਥਾ (ਰਜ਼ਿ ) ਚਡੀਗੜ੍ਹ
ਸੰਪਰਕ : 98143-00245, 75289-00045, 98153-01010, 87089-58920, 99888-02622, 99888-04622, 85260-48000

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ

ਹਰ ਸਾਲ ਦੀ ਤਰਾਂ ਇਸ ਸਾਲ ਵੀ 1947 ਦੇ ਸਮੂਹੰ ਸ਼ਹੀਦਾਂ ਦੀ ਯਾਦ ਵਿਚ

# ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ

**12, 13, 14 ਅਤੇ 15 ਅਗਸਤ 2022**
**ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ।**

ਇਸ ਸਮਾਗਮ ਵਿਚ ਹਾਜਰੀਆਂ ਭਰਕੇ ਅਖੰਡ ਕੀਰਤਨ ਦੇ ਲਾਹੇ ਲਵੋ ਜੀ।

## ਪ੍ਰੋਗਰਾਮ

### 12 ਅਗਸਤ 2022 ਦਿਨ ਸ਼ੁਕਰਵਾਰ

ਸਵੇਰੇ 6:30 ਤੋ 8:00 ਵਜੇ ਤਕ ਆਸਾ ਜੀ ਦੀ ਵਾਰ ਅਤੇ
ਅਰੰਭ ਸ਼੍ਰੀ ਅਖੰਡ ਪਾਠ ਸਾਹਿਬ (ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ)

ਸ਼ਾਮ 6:30 ਤੋ 9:45 ਵਜੇ ਤਕ ਸੋਦਰ ਦੀ ਚੋਕੀ
(ਉਪਰੰਤ ਅਖੰਡ ਕੀਰਤਨ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅੰਬਾਲਾ ਛਾਉਣੀ)

### 13 ਅਗਸਤ 2022 ਦਿਨ ਸਨੀਵਾਰ

ਸਵੇਰੇ 6:30 ਤੋ ਦੁਪਿਹਰ 1:00 ਵਜੇ ਤਕ ਆਸਾ ਜੀ ਦੀ ਵਾਰ ਅਤੇ
ਅਖੰਡ ਕੀਰਤਨ (ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ)

ਸ਼ਾਮ 6:30 ਤੋ 9:30 ਵਜੇ ਤਕ ਸੋਦਰ ਦੀ ਚੋਕੀ
ਉਪਰੰਤ ਅਖੰਡ ਕੀਰਤਨ (ਗੁਰਦੁਆਰਾ ਸ਼੍ਰੀ ਪੰਜੋਖਰਾ ਸਾਹਿਬ, ਅੰਬਾਲਾ )

### 14 ਅਗਸਤ 2022 ਦਿਨ ਐਤਵਾਰ

ਸਵੇਰੇ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ
ਦੁਪਿਹਰ 2:00 ਵਜੇ ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।

ਸਾਰਾ ਸਮਾਗਮ Live Telecast at :-
**www.akj.org and Akaal Sahai Tv**

14 ਅਗਸਤ 2022 ਦਿਨ ਐਤਵਾਰ ਸ਼ਾਮ 7:30 ਅਰੰਭ

## ਰੈਣਿ ਸਬਾਈ ਕੀਰਤਨ

ਸਮਾਪਤੀ 15 ਅਗਸਤ 2022 ਦਿਨ ਸੋਮਵਾਰ ਸਵੇਰੇ 4:30 ਵਜੇ ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।



## ਅੰਮ੍ਰਿਤ ਸੰਚਾਰ

14 ਅਗਸਤ 2022 ਦਿਨ ਐਤਵਾਰ
ਸ਼ਾਮ 7:30 ਵਜੇ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।

੧) ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।
੨) ਅੰਨਦ ਕਾਰਜ ਕਰਵਾਉਣ ਵਾਲੇ ਜੋੜਿਆਂ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰਨ ਜੀ।

ਦਾਸਰੇ :– ਅਖੰਡ ਕੀਰਤਨੀ ਜਥਾ, ਅੰਬਾਲਾ ਛਾਉਣੀ ।
ਫੋਨ ਨੰ:– 94160-94103, 99962-30520
ਸਹਿਯੋਗੀ :– ਸਮੂਹੰ ਪ੍ਰਬੰਧਕ ਕਮੇਟੀ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।
(ਪ੍ਰਧਾਨ) 94160-23302

## ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥


















ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਮਿਤੀ 05.06.2022 ਨੂੰ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਕੁਮਾਰਹੱਟੀ ਵਿਖੇ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵੱਲੋਂ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।

Registered with the Registrar
of News Papers of India
Regd. No. R-70727/99

# ATAM RANG
*July 2022*

Postal Regd. No.
CHDG/0025/2021-23

ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ ॥
ਸਾਧਸੰਗਿ ਤਿਨੀ ਦਰਸਨੁ ਪਾਇਆ ।।॥








ਹਰ ਸਾਲ ਦੀ ਤਰ੍ਹਾਂ ਸਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਮਿਤੀ 14.06.2022 ਤੋਂ ਲੈ ਕੇ 17.06.2022 ਤਕ ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ ਵੱਲੋਂ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।